ਕੌਮਾਂਤਰੀ www.amritsartimes.com

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 23 | Issue 236| 15 to 21 July 2026 | Ph.: (510) 240-5949 | Email: asrtimes@gmail.com


# ਜੰਗ ਦੀ ਅੱਗ ’ਚ ਸੁਲਗਦਾ ‘ਪੱਛਮੀ ਏਸ਼ੀਆ’

## ➢ਵਿਸ਼ਵ ਨੂੰ ਕਿਹੜੇ ਪਾਸੇ ਲੈ ਜਾਵੇਗੀ ਅਮਰੀਕਾ-ਇਰਾਨ ਜੰਗ ? ➢ ਸਿਰਫ਼ 20ਵੇਂ ਦਿਨ ਹੀ ਦੋਵਾਂ ਧਿਰਾਂ ਵਿਚਾਲੇ ਟੁੱਟੀ ਜੰਗਬੰਦੀ

## ਹੁਣ ਅਮਰੀਕਾ ਦਾ ਕਹਿਰ ਝੱਲੇਗਾ ਇਰਾਨ : ਟਰੰਪ

## ਅਮਰੀਕੀ ਹਮਲਿਆਂ ਦਾ ਜ਼ਬਰਦਸਤ ਜਵਾਬ ਦੇਵਾਂਗੇ : ਇਰਾਨ

**ਅੰਮ੍ਰਿਤਸਰ ਟਾਈਮਜ਼ ਬਿਊਰੋ**



**ਵਿਸ਼ਵ ਦੀ ਸੁਪਰ ਸ਼ਕਤੀ ਅਮਰੀਕਾ ਦੇ ਜੰਗੀ ਜਹਾਜ਼ਾਂ ਵੱਲੋਂ ਦਿਨ ਰਾਤ ਸੁੱਟੇ ਜਾ ਰਹੇ ਖ਼ਤਰਨਾਕ ਬੰਬਾਂ ਕਾਰਨ ਕੰਬ ਰਹੀ ਇਰਾਨ ਦੀ ਧਰਤੀ ’ਤੇ ਜਦੋਂ ਇਰਾਨ ਦੇ ਪ੍ਰਸਿੱਧ ਕਲਾਕਾਰਾਂ ਨੇ ਗੀਤ- ਸੰਗੀਤ ਦੀਆਂ ਧੁਨਾਂ ਛੇੜੀਆਂ ਸਨ ਤਾਂ ਵੱਡੀ ਪ੍ਰਮਾਣੂ ਸ਼ਕਤੀ ਅਮਰੀਕਾ ਨੂੰ ਵੀ ਕੰਬਣੀ ਛਿੜ ਗਈ ਸੀ ਅਤੇ ਮਜਬੂਰੀ ਬੱਸ ਉਸ ਨੂੰ ਜੰਗ ਦੀ ਥਾਂ ਜੰਗਬੰਦੀ ਕਰਨ ਦਾ ਐਲਾਨ ਕਰਨਾ ਪਿਆ ਸੀ। ਭਾਵੇਂ ਇਹ ਜੰਗ ਮੁੜ ਸ਼ੁਰੂ ਹੋਣ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਇਹ ਦਾਅਵਾ ਕਰ ਰਹੇ ਹਨ ਕਿ ਇਸ ਜੰਗ ਵਿੱਚ ਅਮਰੀਕਾ ਦੀ ਜਿੱਤ ਹੋਵੇਗੀ ਅਤੇ ਉਹ ਹਾਰਿਆ ਨਹੀਂ ਹੈ ਪਰ ਹਾਲਾਤ ਚੀਕ ਚੀਕ ਕੇ ਕਹਿ ਰਹੇ ਹਨ ਕਿ ਅਮਰੀਕਾ ਦੀਆਂ ਫ਼ੌਜਾਂ ‘ਜਿੱਤ’ ਕੇ ਅੰਤ ਨੂੰ ‘ਹਾਰ’ ਗਈਆਂ ਹਨ।**

ਵਿਸ਼ਵ ਦੀ ਮਹਾਂਸ਼ਕਤੀ ਅਮਰੀਕਾ ਅਤੇ ਮੁਸਲਿਮ ਗਣਰਾਜ ਇਰਾਨ ਵਿਚਾਲੇ ਜੰਗਬੰਦੀ ਹੋਣ ਦੇ ਸਿਰਫ਼ 19 ਦਿਨਾਂ ਬਾਅਦ 20ਵੇਂ ਦਿਨ ਦੀ ਸ਼ੁਰੂਆਤ ਮੌਕੇ ਹੀ ਪੱਛਮੀ ਏਸ਼ੀਆ ’ਚ ਜੰਗ ਦੀ ਅੱਗ ਦੇ ਭਾਂਬੜ ਮੁੜ ਭੜਕ ਪਏ। ਹਾਰਮੁੱਜ ਜਲਡਮਰੂ ਸਮੁੰਦਰੀ ਰਸਤੇ ਵਿੱਚ ਇਰਾਨ ਵੱਲੋਂ ਤੇਲ ਟੈਂਕਰਾਂ ’ਤੇ ਕੀਤੇ ਗਏ ਹਮਲੇ ਬਾਅਦ ਗੁੱਸੇ ਵਿੱਚ ਆਏ ਅਮਰੀਕਾ ਵੱਲੋਂ ਇਰਾਨ ’ਤੇ ਹਮਲਿਆਂ ਦੀ ਹਨੇਰੀ ਝੁਲਾ ਦਿੱਤੀ ਗਈ। ਅੱਜ ਅਮਰੀਕਾ ਵੱਲੋਂ ਇਰਾਨ ਦੇ ਤੱਟਵਰਤੀ ਰੱਖਿਆ ਪ੍ਰਣਾਲੀਆਂ, ਮਿਜ਼ਾਈਲ ਤੇ ਡਰੋਨ ਸਾਈਟਾਂ ਅਤੇ ਸਮੁੰਦਰੀ ਸਮਰੱਥਾਵਾਂ ’ਤੇ ਹਮਲੇ ਕੀਤੇ ਗਏ। ਜਦੋਂ ਕਿ ਅਮਰੀਕੀ ਹਮਲਿਆਂ ਦੇ ਜਵਾਬ ਵਿੱਚ ਇਰਾਨ ਵੱਲੋਂ ਵੀ ਬਹਿਰੀਨ, ਕੁਵੈਤ ਅਤੇ ਹੋਰ ਅਮਰੀਕਾ ਪੱਖੀ ਦੇਸ਼ਾਂ ’ਤੇ ਹਮਲੇ ਕਰਕੇ ਆਪਣੀ ‘ਆਜ਼ਾਦ ਅਤੇ ਸ਼ਕਤੀਸ਼ਾਲੀ ਹੋਂਦ’ ਦਾ ਸਪਸ਼ਟ ਸਬੂਤ ਦਿੱਤਾ ਗਿਆ। ਅੱਜ ਅਮਰੀਕਾ ਅਤੇ ਇਰਾਨ ਵਿਚਕਾਰ ‘ਹੋਰਮੁਜ਼ ਜਲਡਮਰੂ’ ’ਤੇ ਕੰਟਰੋਲ ਦੀ ਲੜਾਈ ਮੁੜ ਸ਼ੁਰੂ ਹੋ ਗਈ ਹੈ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ “ਇਰਾਨ ਦੇ ਲੋਕ ਬਿਮਾਰ ਮਾਨਸਿਕਤਾ ਦੇ ਹਨ। ਉਹਨਾਂ ਨਾਲ ਅੱਗੇ ਗੱਲਬਾਤ ਕਰਨਾ ਸਮੇਂ ਦੀ ਬਰਬਾਦੀ ਹੈ। ਮੈਂ ਸ਼ਾਂਤੀ ਲਿਆਉਣ ਦਾ ਯਤਨ ਕੀਤਾ ਸੀ ਪਰ ਹੁਣ ਇਰਾਨ ਸਾਡੇ ਕਹਿਰ ਨੂੰ ਝੱਲੇਗਾ।” ਦੂਜੇ ਪਾਸੇ ਇਰਾਨ ਦੇ ਆਗੂਆਂ ਦਾ ਕਹਿਣਾ ਹੈ ਕਿ ਇਰਾਨ ਕਿਸੇ ਵੀ ਸ਼ਕਤੀ ਅੱਗੇ ਝੁਕਣ ਲਈ ਤਿਆਰ ਨਹੀਂ ਹੈ ਅਤੇ ਉਹ ਹਰ ਅਮਰੀਕੀ ਹਮਲੇ ਦਾ ਜਬਰਦਸਤ ਜਵਾਬ ਦੇਵੇਗਾ। ਇਰਾਨ ਦੀ ਵੱਡੀ ਸ਼ਕਤੀ ਇਰਾਨ ਦੀ ਆਮ ਜਨਤਾ ਵੀ ਹੈ, ਜੋਕਿ ਪੂਰੀ ਤਰ੍ਹਾਂ ਇੱਕਜੁੱਟ ਹੋ ਕੇ ਇਰਾਨ ਦੇ ਆਗੂਆਂ ਦੇ ਨਾਲ ਖੜ੍ਹੀ ਹੈ। ਦੂਜੇ ਪਾਸੇ ਇਰਾਨ ਜੰਗ ਕਾਰਨ ਅਮਰੀਕਾ ਵਿੱਚ ਰਾਸ਼ਟਰਪਤੀ ਟਰੰਪ ਵਿਰੁੱਧ ਮਾਹੌਲ ਬਣਦਾ ਜਾ ਰਿਹਾ ਹੈ। ਲੰਘੇ ਦਿਨਾਂ ਦੌਰਾਨ ਅਮਰੀਕਾ ਦੇ 50 ਸੂਬਿਆਂ ਵਿੱਚ 3000 ਤੋਂ ਵੱਧ ਥਾਂਵਾਂ ’ਤੇ ਰਾਸ਼ਟਰਪਤੀ ਟਰੰਪ ਵਿਰੁੱਧ ਹੋਏ ਰੋਸ ਪ੍ਰਦਰਸ਼ਨਾਂ ਨੇ ਦਰਸ਼ਾਅ ਦਿੱਤਾ ਕਿ ਅਮਰੀਕਾ ਦੇ ਆਮ ਲੋਕ ਟਰੰਪ ਦੀਆਂ ਜੰਗੀ ਨੀਤੀਆਂ ਨਾਲ ਸਹਿਮਤ ਨਹੀਂ ਅਤੇ ਉਹ ਵਿਸ਼ਵ ਵਿੱਚ ਸ਼ਾਂਤੀ ਚਾਹੁੰਦੇ ਹਨ। ਇਹੋ ਕਾਰਨ ਹੈ ਕਿ ਅਮਰੀਕਾ ਵਿੱਚ ਟਰੰਪ ਦੇ ਹੋ ਰਹੇ ਵਿਰੋਧ ਅਤੇ ਵਿਸ਼ਵ ਭਰ ਦੇ ਲੋਕਾਂ ਵੱਲੋਂ ਇਰਾਨ ਦੇ ਕੀਤੇ ਜਾ ਰਹੇ ਸਮਰਥਨ ਕਾਰਨ ਟਰੰਪ ਨੂੰ ਇਰਾਨ ਨਾਲ ਜੰਗਬੰਦੀ ਦਾ ਫ਼ੈਸਲਾ ਕਰਨ ਲਈ ਮਜਬੂਰ ਹੋਣਾ ਪਿਆ ਸੀ। ਆਮ ਲੋਕਾਂ ਲਈ ਇਹ ਗੱਲ ਵੱਡੀ ਹੈਰਾਨੀ ਵਾਲੀ ਰਹੀ ਕਿ ਜਿਹੜਾ ਟਰੰਪ ਇਰਾਨ ਨੂੰ ਵਾਪਸ ‘ਪੱਥਰ ਯੁੱਗ’ ਵਿੱਚ ਭੇਜਣ ਅਤੇ ‘ਇਰਾਨੀ ਸਭਿਅਤਾ’ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੀਆਂ ਧਮਕੀਆਂ ਦੇ ਰਿਹਾ ਸੀ, ਉਹ ਇਕਦਮ ਹੀ ਇਰਾਨ ਨਾਲ ਜੰਗਬੰਦੀ ਲਈ ਕਿਵੇਂ ਰਾਜ਼ੀ ਹੋ ਗਿਆ ਸੀ ? ਪਰ ਹੁਣ ਅਮਰੀਕਾ ਦੀ ਦੋਗਲੀ ਨੀਤੀ ਸਭ ਦੇ ਸਾਹਮਣੇ ਆ ਗਈ ਹੈ, ਅਸਲ ਵਿੱਚ ਜੰਗਬੰਦੀ ਦੇ ਨਾਂਅ ’ਤੇ ਅਮਰੀਕਾ ਹੋਰ ਜੰਗੀ ਤਿਆਰੀ ਕਰਨਾ ਚਾਹੁੰਦਾ ਸੀ ਅਤੇ ਇਰਾਨ ਨੂੰ ਗੱਲਬਾਤ ਵਿੱਚ ਉਲਝਾਅ ਕੇ ਉਸ ’ਤੇ ਵੱਡੇ ਹਮਲੇ ਕਰਕੇ ਉਸ ਨੂੰ ਤਬਾਹ ਕਰਨਾ ਚਾਹੁੰਦਾ ਸੀ। ਇਹੋ ਕਾਰਨ ਹੈ ਕਿ ਅਮਰੀਕਾ ਵੱਲੋਂ ਇਰਾਨ ਨਾਲ ਕੀਤੀ ਗਈ ਜੰਗਬੰਦੀ ਨੂੰ ਤੋੜ ਦਿੱਤਾ ਗਿਆ।

ਅਮਰੀਕਾ ਬਾਰੇ ਪੂਰੇ ਵਿਸ਼ਵ ਨੂੰ ਪਤਾ ਹੈ ਕਿ ਉਹ ਪਰਮਾਣੂ ਹਥਿਆਰਾਂ ਨਾਲ ਲੈਸ ਸਰਬ ਸ਼ਕਤੀਮਾਨ ਵਿਕਸਤ ਮੁਲਕ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੁਨੀਆ ਦਾ ‘ਸਰਦਾਰ’ ਬਣਨਾ ਚਾਹੁੰਦੇ ਹਨ। ਉਹਨਾਂ ਦੀ ਵੱਡੀ ਇੱਛਾ ਹੈ ਕਿ ਪੂਰਾ ਵਿਸ਼ਵ ਉਹਨਾਂ ਦੇ ਅਧੀਨ ਹੋਵੇ ਅਤੇ ਹਰ ਮੁਲਕ ਉਨ੍ਹਾਂ ਦਾ ਹੁਕਮ ਮੰਨੇ। ਵਿਸ਼ਵ ਵਿੱਚ ਕੋਈ ਵੀ ਮਹੱਤਵਪੂਰਨ ਘਟਨਾ ਜਦੋਂ ਵੀ ਵਾਪਰਦੀ ਹੈ, ਤਾਂ ਉਸ ਵਿੱਚ ਅਮਰੀਕਾ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਕੋਈ ਨਾ ਕੋਈ ਦਖ਼ਲ ਜ਼ਰੂਰ ਹੁੰਦਾ ਹੈ। ਕਈ ਦੇਸ਼ਾਂ ਵਿੱਚ ਰਾਜ ਪਲਟੇ ਵੀ ਅਮਰੀਕਾ ਦੀ ਇੱਛਾ ਅਨੁਸਾਰ ਅਤੇ ਸਹਾਇਤਾ ਨਾਲ ਹੋਏ ਹਨ। ਅਨੇਕਾਂ ਮੁਲਕਾਂ ਵਿੱਚ ਅਮਰੀਕਾ ਦੀਆਂ ਕਠਪੁਤਲੀ ਸਰਕਾਰਾਂ ਰਾਜ ਕਰ ਰਹੀਆਂ ਹਨ। ਦੂਜੇ ਪਾਸੇ ਇਰਾਨ ਦਾ ਇਤਿਹਾਸ ਸਦੀਆਂ ਪੁਰਾਣਾ ਹੈ, ਜੋ ਕਿ ਸਿਰਫ਼ 250 ਸਾਲ ਪੁਰਾਣੇ ਇਤਿਹਾਸ ਵਾਲੇ ਅਮਰੀਕਾ ਦਾ ਹਰ ਪੱਧਰ ’ਤੇ ਡਟ ਕੇ ਮੁਕਾਬਲਾ ਕਰ ਰਿਹਾ ਹੈ। ਇਰਾਨ ਦੀ ਕਮਾਂਡ ਹੁਣ ਇਸਲਾਮੀ ਫ਼ਰੰਟ (ਜਬੇਹ ਪਾਇਦਾਰੀ) ਦੇ ਹੱਥਾਂ ਵਿੱਚ ਆ ਗਈ ਹੈ। ਇਹ ਫ਼ਰੰਟ ਬੇਹੱਦ ਕੱਟੜਵਾਦੀ ਹੈ। ਇਸ ਦਾ ਟੀਚਾ ਪੂਰੇ ਖਾੜੀ ਖੇਤਰ ਵਿੱਚ ਇਰਾਨ ਦਾ ਦਬਦਬਾ ਕਾਇਮ ਕਰਨਾ ਹੈ। ਇਰਾਨ ਦੀ ਮੌਜੂਦਾ ਲੀਡਰਸ਼ਿਪ ਦੇ ਜਾਣਕਾਰ ਮਾਹਿਰ ਵਿਦਵਾਨਾਂ ਅਨੁਸਾਰ ਇਰਾਨ ਵਿੱਚ ਇਸ ਸਮੇਂ ਇੱਕ ਸਿਵਿਲ ਲੀਡਰਸ਼ਿਪ ਹੈ ਜਿਸ ਦਾ ਮੁਖੀ ‘ਪਜੇਸ਼ਕਿਆਨ’ ਹੈ, ਦੂਜੇ ਸੁਪਰੀਮ ਲੀਡਰ ਦੀ ਵਫ਼ਾਦਾਰ ਇਰਾਨ ਦੀ ‘ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ’ (ਆਈ.ਆਰ.ਜੀ.ਸੀ.) ਹੈ। ਇਸ ਨੂੰ ਇਰਾਨੀ ਆਗੂ ‘ਵਾਹਿਦੀ’ ਕੰਟਰੋਲ ਕਰਦੇ ਹਨ। ਹੁਣ ਆਈ.ਆਰ.ਜੀ.ਸੀ. ਇਸਲਾਮੀ ਫ਼ਰੰਟ ਦੇ ਹੁਕਮਾਂ ਅਧੀਨ ਕੰਮ ਕਰ ਰਹੀ ਹੈ ਕਿਉਂਕਿ ਵਰਤਮਾਨ ਸੁਪਰੀਮ ਲੀਡਰ ‘ਮੁਜਤਬਾ ਖਾਮੇਨੇਈ’ ਦੀ ਸਲਾਮਤੀ ਬਾਰੇ ਅਜੇ ਕੋਈ ਖ਼ਬਰ ਜਨਤਕ ਨਹੀਂ ਹੋਈ ਹੈ। ਇਰਾਨ ਦਾ ਇਸਲਾਮੀ ਫ਼ਰੰਟ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਦੇ ਖ਼ਿਲਾਫ਼ ਹੈ। ਇਸ ਫ਼ਰੰਟ ਦੇ ਆਗੂਆਂ ਦਾ ਕਹਿਣਾ ਹੈ ਕਿ ਅਮਰੀਕਾ ਨਾਲ ਸਮਝੌਤਾ ਕਰਕੇ ਇਰਾਨ ਕਮਜ਼ੋਰ ਹੋ ਸਕਦਾ ਹੈ। ਇਸ ਲਈ ਇਰਾਨ ਨੂੰ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਸਮਝੌਤਾ ਨਹੀਂ ਕਰਨਾ ਚਾਹੀਦਾ।

ਵਿਦਵਾਨ ਕਹਿੰਦੇ ਹਨ ਕਿ ਅਮਰੀਕਾ-ਇਰਾਨ ਯੁੱਧ ਦੇ ਆਲੇ-ਦੁਆਲੇ ਦੇ ਅਣਸੁਲਝੇ ਰਹੱਸ ਕਾਰਨ ਹੀ ਟਰੰਪ ਨੂੰ ਇਰਾਨ ਵਿਰੁੱਧ ਜੰਗ ਛੇੜਨ ਦੀ ਜ਼ਰੂਰਤ ਮਹਿਸੂਸ ਹੋਈ। ਇਰਾਨ ਕਈ ਸਾਲਾਂ ਤੋਂ ਯੂਰੇਨੀਅਮ ਨੂੰ ਅਮੀਰ ਵਿਰਾਸਤ ਵਜੋਂ ਸਮਰੱਥ ਕਰ ਰਿਹਾ ਹੈ ਸੀ ਅਤੇ ਮੰਨਿਆ ਜਾਂਦਾ ਸੀ ਕਿ ਉਹ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਨਾਲ ਇਜ਼ਰਾਇਲ ਅਤੇ ਖਾੜੀ ਦੇਸ਼ਾਂ ਨੂੰ ਚਿੰਤਾ ਵੀ ਹੋਈ ਸੀ। ਆਮ ਤੌਰ ’ਤੇ ਇਹ ਮੰਨਿਆ ਜਾਂਦਾ ਹੈ ਕਿ ਅਮਰੀਕਾ ਨੇ ਇਜ਼ਰਾਇਲ ਦੇ ਇਸ਼ਾਰੇ ’ਤੇ ਇਰਾਨ ’ਤੇ ਹਮਲਾ ਕੀਤਾ ਸੀ। ਟਰੰਪ ਇਸ ਗੱਲ ਤੋਂ ਵੀ ਨਾਰਾਜ਼ ਸਨ ਕਿ ਇਰਾਨ ਸਖ਼ਤ ਦਬਾਅ ਦੇ ਬਾਵਜੂਦ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਅੱਗੇ ਵਧਾਉਂਦਾ ਰਿਹਾ। ਜਿਵੇਂ ਹੀ ਅਮਰੀਕਾ ਅਤੇ ਇਜ਼ਰਾਇਲ ਨੇ ਇਰਾਨ ਨੂੰ ਨਿਸ਼ਾਨਾ ਬਣਾਇਆ, ਇਰਾਨ ਨੇ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਾਂ ਨੂੰ ਰੋਕ ਦਿੱਤਾ। ਇਸ ਤੋਂ ਇਲਾਵਾ ਇਸ ਨੇ ਖਾੜੀ ਦੇਸ਼ਾਂ ’ਚ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਖਾੜੀ ਦੇਸ਼ ਆਪਣੀ ਸੁਰੱਖਿਆ ਲਈ ਅਮਰੀਕਾ ’ਤੇ ਨਿਰਭਰ ਕਰਦੇ ਹਨ।

ਉਨ੍ਹਾਂ ’ਤੇ ਹਮਲਾ ਕਰਕੇ ਇਰਾਨ ਨੇ ਇੱਕ ਸੁਨੇਹਾ ਭੇਜਿਆ ਕਿ ਉਹ ਅਮਰੀਕੀ ਫ਼ੌਜੀ ਸੁਰੱਖਿਆ ਹੇਠ ਸੁਰੱਖਿਅਤ ਨਹੀਂ ਹਨ। ਇਰਾਨ ਕੋਲ ਮਿਜ਼ਾਈਲਾਂ ਅਤੇ ਸਸਤੇ, ਪਰ ਘਾਤਕ ਡਰੋਨਾਂ ਦਾ ਭੰਡਾਰ ਹੈ। ਇਹੀ ਕਾਰਨ ਹੈ ਕਿ ਇਹ ਅਮਰੀਕੀ ਹਮਲਿਆਂ ਦਾ ਬਦਲਾ ਲੈ ਰਿਹਾ ਹੈ। ਇਰਾਨ ਵਿਰੁੱਧ ਹਮਲਿਆਂ ’ਤੇ ਅਰਬਾਂ ਡਾਲਰ ਖ਼ਰਚ ਕਰਨ ਦੇ ਬਾਵਜੂਦ, ਅਮਰੀਕਾ ਇਰਾਨ ਦੀਆਂ ਫ਼ੌਜੀ ਸਮਰੱਥਾਵਾਂ ਨੂੰ ਕਮਜ਼ੋਰ ਕਰਨ ’ਚ ਅਸਮਰੱਥ ਹੈ। ਇਸ ਸਮੇਂ ਪੱਛਮੀ ਏਸ਼ੀਆ ਵਿੱਚ ਜੰਗ ਜਾਰੀ ਹੈ। ਅਮਰੀਕਾ ਵੱਲੋਂ ਇਰਾਨ ’ਤੇ ਹਮਲੇ ਜਾਰੀ ਹਨ ਅਤੇ ਇਰਾਨ ਵੱਲੋਂ ਅਮਰੀਕਾ ਪੱਖੀ ਦੇਸ਼ਾਂ ਅਤੇ ਉਹਨਾਂ ਦੇਸ਼ਾਂ ’ਚ ਸਥਿਤ ਅਮਰੀਕਾ ਦੇ ਫ਼ੌਜੀ ਟਿਕਾਣਿਆਂ ’ਤੇ ਹਮਲੇ ਕੀਤੇ ਜਾ ਰਹੇ ਹਨ। ਹੁਣ ਇਹ ਜੰਗ ਕਦੋਂ ਖਤਮ ਹੋਵੇਗੀ ? ਅਤੇ ਇਸ ਜੰਗ ਦਾ ਨਤੀਜਾ ਕੀ ਨਿਕਲੇਗਾ ? ਇਹ ਕਹਿਣਾ ਅਜੇ ਮੁਸ਼ਕਿਲ ਹੈ। ਜੇਕਰ ਦੋਵਾਂ ਦੇਸ਼ਾਂ ਵਿਚਕਾਰ ਜਲਦੀ ਹੀ ਕੋਈ ਕੂਟਨੀਤਕ ਹੱਲ ਨਹੀਂ ਨਿਕਲਦਾ, ਤਾਂ ਇਸਦਾ ਪ੍ਰਭਾਵ ਸਿਰਫ਼ ਪੱਛਮੀ ਏਸ਼ੀਆ ਤੱਕ ਸੀਮਤ ਨਹੀਂ ਹੋਵੇਗਾ, ਸਗੋਂ ਵਿਸ਼ਵ ਤੇਲ ਬਾਜ਼ਾਰ, ਸਮੁੰਦਰੀ ਵਪਾਰ ਅਤੇ ਵਿਸ਼ਵ ਅਰਥਵਿਵਸਥਾ ਲਈ ਵੀ ਗੰਭੀਰ ਨਤੀਜੇ ਨਿਕਲ ਸਕਦੇ ਹਨ।

# ਟਰੰਪ ਵੱਲੋਂ ‘ਹੋਰਮੁਜ਼ ਜਲਡਮਰੂ’ ਮਾਮਲੇ ’ਤੇ ‘ਯੂ-ਟਰਨ’

## ਹੋਰਮੁਜ਼ ਲਈ 20 ਫ਼ੀਸਦੀ ਸੁਰੱਖਿਆ ਫ਼ੀਸ ਦਾ ਫ਼ੈਸਲਾ ਵਾਪਸ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਟ੍ਰੇਟ ਆਫ਼ ਹੋਰਮੁਜ਼ ਦੀ ਸੁਰੱਖਿਆ ਅਤੇ ਨਿਵੇਸ਼ ਰਣਨੀਤੀ ਨੂੰ ਲੈ ਕੇ ਇੱਕ ਵੱਡਾ ਨੀਤੀਗਤ ਬਦਲਾਅ ਕਰਦਿਆਂ ਆਪਣੇ ਪੁਰਾਣੇ ਫ਼ੈਸਲੇ ਤੋਂ ‘ਯੂ-ਟਰਨ’ ਲਿਆ ਹੈ। ਰਾਸ਼ਟਰਪਤੀ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਪਹਿਲਾਂ ਪ੍ਰਸਤਾਵਿਤ 20 ਫ਼ੀਸਦੀ ‘ਰੀਇੰਬਰਸਮੈਂਟ ਫ਼ੀਸ’ (ਸੁਰੱਖਿਆ ਸ਼ੁਲਕ) ਦੇ ਵਿਚਾਰ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਇਸ ਦੀ ਥਾਂ ਹੁਣ ਨਵੀਂ ਨਿਵੇਸ਼ ਰਣਨੀਤੀ ਲਾਗੂ ਕੀਤੀ ਜਾਵੇਗੀ।



ਰਾਸ਼ਟਰਪਤੀ ਟਰੰਪ ਅਨੁਸਾਰ, ਮੱਧ ਪੂਰਬ ਦੀ ਲੀਡਰਸ਼ਿਪ ਨਾਲ ਹੋਈਆਂ ਸਕਾਰਾਤਮਕ ਗੱਲਬਾਤਾਂ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ ਕਿ ਖਾੜੀ ਦੇਸ਼ ਅਮਰੀਕਾ ਵਿੱਚ ਸਿੱਧੇ ਤੌਰ ’ਤੇ ਵਪਾਰ ਅਤੇ ਨਿਵੇਸ਼ ਸੌਦੇ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਇਹ ਨਿਵੇਸ਼ ਇਤਿਹਾਸਕ ਪੱਧਰ ਦੇ ਹੋਣਗੇ, ਜਿਸ ਨਾਲ ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਫ਼ੈਕਟਰੀਆਂ ਅਤੇ ਪਲਾਂਟ ਲੱਗਣਗੇ, ਜਿਸ ਸਦਕਾ ਲੱਖਾਂ ਨਵੀਆਂ ਅਤੇ ਉੱਚੀਆਂ ਤਨਖਾਹਾਂ ਵਾਲੀਆਂ ਅਮਰੀਕੀ ਨੌਕਰੀਆਂ ਪੈਦਾ ਹੋਣਗੀਆਂ।

ਇਰਾਨ ਵਿਰੁੱਧ ਆਪਣੇ ਰੁਖ ਨੂੰ ਹੋਰ ਸਖ਼ਤ ਕਰਦਿਆਂ ਟਰੰਪ ਨੇ ਐਲਾਨ ਕੀਤਾ ਕਿ ਹੋਰਮੁਜ਼ ਦਾ ਰਸਤਾ ਇਰਾਨ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਦੇ ਜਹਾਜ਼ਾਂ ਲਈ ਖੁੱਲ੍ਹਾ ਹੈ। ਉਨ੍ਹਾਂ ਨੇ ਇਰਾਨੀ ਬੰਦਰਗਾਹਾਂ ’ਤੇ ਪੂਰੀ ਤਰ੍ਹਾਂ ਨਾਕਾਬੰਦੀ ਲਗਾਉਣ ਦੀ ਗੱਲ ਕਹੀ ਹੈ, ਜਿਸ ਤਹਿਤ ਕਿਸੇ ਵੀ ਅਜਿਹੇ ਜਹਾਜ਼ ਨੂੰ ਨਹੀਂ ਲੰਘਣ ਦਿੱਤਾ ਜਾਵੇਗਾ ਜੋ ਇਰਾਨੀ ਮਾਲ ਲੈ ਕੇ ਜਾ ਰਿਹਾ ਹੋਵੇਗਾ। ਟਰੰਪ ਨੇ ਇਰਾਨੀ ਲੀਡਰਸ਼ਿਪ ਨੂੰ ‘ਹਿੰਸਕ ਅਤੇ ਝੂਠੀ’ ਕਰਾਰ ਦਿੰਦਿਆਂ ਕਿਹਾ ਕਿ ਉਹ ਦੇਸ਼ ਨੂੰ ਤਬਾਹੀ ਦੇ ਰਾਹ ’ਤੇ ਲੈ ਕੇ ਜਾ ਰਹੇ ਹਨ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

### ਸਿਸਟਮ ’ਤੇ ਖੜੇ ਹੋਏ ਵੱਡੇ ਸਵਾਲ

# ਫ਼ਰਜ਼ੀ ਪਤੇ ’ਤੇ ਜ਼ਮਾਨਤ ਲੈ ਕੇ ਲਾਪਤਾ ਹੋਇਆ ਖਾਲੜਾ ਦਾ ਕਾਤਲ ਜਸਪਾਲ ਸਿੰਘ

## ਜਸਪਾਲ ਸਿੰਘ ਦੀ ਰਿਹਾਈ ’ਤੇ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨੇ ਚੁੱਕੇ ਸਵਾਲ, ‘ਆਪ’ ਅਤੇ ਅਕਾਲੀ ਦਲ ਆਹਮੋ-ਸਾਹਮਣੇ

## ਖਾਲੜਾ ਕੇਸ ਦੇ ਕਾਤਲ ਪੁਲਿਸ ਅਫ਼ਸਰਾਂ ਕੋਲ ਅਜੇ ਵੀ ਨੇ ‘ਰਾਸ਼ਟਰਪਤੀ ਪਦਕ’, ਸਿਆਸਤ ਗਰਮਾਈ





ਪੰਜਾਬ ਸੰਤਾਪ ਦੇ ਦੌਰ (1980-90ਵਿਆਂ) ਦੌਰਾਨ ਹੋਈਆਂ ਪੁਲਿਸ ਜ਼ਿਆਦਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਮੁੱਦਾ ਇੱਕ ਵਾਰ ਫਿਰ ਭਖ ਗਿਆ ਹੈ। ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਯਾਫ਼ਤਾ (ਮੌਜੂਦਾ ਵੇਲੇ ਜ਼ਮਾਨਤ ’ਤੇ ਬਾਹਰ) ਸਾਬਕਾ ਡੀ.ਐੱਸ.ਪੀ. ਜਸਪਾਲ ਸਿੰਘ ਦੇ ‘ਗਾਇਬ’ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਜਸਪਾਲ ਸਿੰਘ ਵੱਲੋਂ ਸਰਕਾਰੀ ਰਿਕਾਰਡ ਵਿੱਚ ਦਰਜ ਕਰਵਾਇਆ ਗਿਆ ਪਤਾ ਪੂਰੀ ਤਰ੍ਹਾਂ ਝੂਠਾ ਹੈ, ਜਿਸ ਕਾਰਨ ਪੁਲਿਸ ਪ੍ਰਸ਼ਾਸਨ ਅਤੇ ਕਾਨੂੰਨੀ ਪ੍ਰਣਾਲੀ ’ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।

**ਕਿਵੇਂ ਸਾਹਮਣੇ ਆਇਆ ਪਤੇ ਦਾ ਫ਼ਰਜ਼ੀਵਾੜਾ ?**

ਭਾਈ ਖਾਲੜਾ ਕਤਲ ਕੇਸ ਵਿੱਚ ਪਟਿਆਲਾ ਦੀ ਸੀ.ਬੀ.ਆਈ. ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਪਾ ਚੁੱਕੇ ਜਸਪਾਲ ਸਿੰਘ ਨੂੰ ਮਈ 2023 ਵਿੱਚ ਜ਼ਮਾਨਤ ਮਿਲੀ ਸੀ। ਹਾਲ ਹੀ ਵਿੱਚ ਨਾਭਾ ਓਪਨ ਜੇਲ੍ਹ ਪ੍ਰਸ਼ਾਸਨ ਨੇ ਜਸਪਾਲ ਸਿੰਘ ਵੱਲੋਂ ਦਿੱਤੇ ਗਏ ਪਤੇ (ਪਿੰਡ ਮਾਂਝੀ, ਹੁਸ਼ਿਆਰਪੁਰ) ਦੀ ਤਸਦੀਕ ਲਈ ਸਥਾਨਕ ਪੁਲੀਸ ਨੂੰ ਪੱਤਰ ਲਿਖਿਆ। ਜਦੋਂ ਪੁਲਿਸ ਜਾਂਚ ਲਈ ਪਿੰਡ ਪਹੁੰਚੀ ਤਾਂ ਖੁਲਾਸਾ ਹੋਇਆ ਕਿ ਉੱਥੇ ਇਸ ਨਾਮ ਦਾ ਕੋਈ ਵਿਅਕਤੀ ਜਾਂ ਪਰਿਵਾਰ ਕਦੇ ਇਥੇ ਦੇਖਿਆ ਹੀ ਨਹੀਂ ਸੀ।

ਦੋਸ਼ੀ ਦੇ ਵਕੀਲ ਮੁਤਾਬਕ, 2023 ਵਿੱਚ ਜ਼ਮਾਨਤ ਮਿਲਣ ਵੇਲੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਨੇ ਪਤੇ ਦੀ ਤਸਦੀਕ ਦੀ ਆਮ ਸ਼ਰਤ ਤੋਂ ਛੂਟ ਦਿੱਤੀ ਸੀ, ਜਿਸ ਦਾ ਫਾਇਦਾ ਚੁੱਕਦਿਆਂ ਦੋਸ਼ੀ ਨੇ ਗਲਤ ਪਤਾ ਦਰਜ ਕਰਵਾਇਆ। ਇਸ ਲਾਪ੍ਰਵਾਹੀ ਕਾਰਨ ਸਿਸਟਮ 3 ਸਾਲਾਂ ਤੱਕ ਅਵੇਸਲਾ ਰਿਹਾ।

ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਰਹੇ ਭਾਈ ਪਰਮਜੀਤ ਸਿੰਘ ਪੰਜਵੜ ਦੀ ਮਾਤਾ ਨੂੰ ਅਗਵਾ ਕਰਕੇ ਲਾਪਤਾ ਕਰਨ ਦੇ ਗੰਭੀਰ ਮਾਮਲੇ ਵਿੱਚ ਉਸ ਸਮੇਂ ਦੇ ਐਸ.ਐਚ.ਓ. ਅਤੇ ਬਾਅਦ ਵਿੱਚ ਏ.ਆਈ.ਜੀ. ਵਜੋਂ ਸੇਵਾ ਮੁਕਤ ਹੋਏ ਜਗਦੀਪ ਸਿੰਘ ਨਾਮਜ਼ਦ ਹਨ। ਇਹ ਅਧਿਕਾਰੀ ਮੌਜੂਦਾ ਸਮੇਂ ਵਿੱਚ ਸੀ.ਬੀ.ਆਈ. ਵੱਲੋਂ ਭਗੌੜਾ ਐਲਾਨੇ ਹੋਏ ਹਨ।

ਬੀਬੀ ਪਰਮਜੀਤ ਕੌਰ ਖਾਲੜਾ ਨੇ ਮੌਜੂਦਾ ਸਰਕਾਰ ’ਤੇ ਸਪੱਸ਼ਟ ਅਤੇ ਗੰਭੀਰ ਦੋਸ਼ ਲਾਏ ਸਨ ਕਿ ਉਹ ਵੀ ਪੁਰਾਣੀਆਂ ਰਵਾਇਤੀ ਪਾਰਟੀਆਂ ਦੇ ਨਕਸ਼ੇ-ਕਦਮਾਂ ’ਤੇ ਚੱਲ ਰਹੀ ਹੈ। ਸਭ ਤੋਂ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਜਿਨ੍ਹਾਂ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਣਾ ਚਾਹੀਦਾ ਸੀ, ਉਨ੍ਹਾਂ ਨੂੰ ਕਥਿਤ ਤੌਰ ’ਤੇ ਫਰਾਰ ਕਰਵਾਉਣ ਵਿੱਚ ਮਦਦ ਕੀਤੀ ਗਈ ਹੈ।

ਇਸ ਸੂਚੀ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਦੇ ਕਾਤਲ ਡੀ.ਐਸ.ਪੀ. ਜਸਪਾਲ ਸਿੰਘ ਸਮੇਤ ਸਬ-ਇੰਸਪੈਕਟਰ ਜਸਬੀਰ ਸਿੰਘ ਅਤੇ ਸਤਨਾਮ ਸਿੰਘ ਵਰਗੇ ਵੱਡੇ ਨਾਮ ਸ਼ਾਮਲ ਹਨ। ਅਦਾਲਤਾਂ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਅਜਿਹੇ ਅਧਿਕਾਰੀਆਂ ਦਾ ਫਰਾਰ ਹੋ ਜਾਣਾ, ਸੂਬੇ ਦੀ ਕਾਨੂੰਨ ਵਿਵਸਥਾ ਅਤੇ ਮੌਜੂਦਾ ਸਰਕਾਰ ਦੀ ਨੀਅਤ ’ਤੇ ਵੱਡੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ।

ਬੀਬੀ ਖਾਲੜਾ ਦਾ ਕਹਿਣਾ ਹੈ ਕਿ ਚੋਣ ਰੈਲੀਆਂ ਵਿੱਚ ਪੀੜਤਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਵਾਲੇ ਆਗੂ ਜਦੋਂ ਖ਼ੁਦ ਸੱਤਾ ਵਿੱਚ ਆਉਂਦੇ ਹਨ, ਤਾਂ ਜ਼ਮੀਨੀ ਪੱਧਰ ’ਤੇ ਦੋਸ਼ੀ ਬੁਚੜ ਪੁਲਿਸ ਅਫ਼ਸਰਾਂ ਦੀ ਪੁਸ਼ਤਪਨਾਹੀ ਕਰਦੇ ਹਨ। ਆਪ ਸਰਕਾਰ ਨੂੰ ਇਸ ਮਾਮਲੇ ’ਤੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਅਤੇ ਫਰਾਰ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ।

**ਸ਼ਹੀਦ ਭਗਤ ਸਿੰਘ ਦੇ ਪਰਿਵਾਰ ਵੱਲੋਂ ਤਿੱਖੇ ਸਵਾਲ**

ਇਸੇ ਦੌਰਾਨ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਰਿਵਾਰ ਨੇ ਵੀ ਜਸਪਾਲ ਸਿੰਘ ਦੀ ਰਿਹਾਈ ’ਤੇ ਕਾਨੂੰਨੀ ਸਵਾਲ ਚੁੱਕੇ ਹਨ। ਦੱਸਣਯੋਗ ਹੈ ਕਿ ਭਗਤ ਸਿੰਘ ਦੇ ਰਿਸ਼ਤੇਦਾਰ ਕੁਲਜੀਤ ਸਿੰਘ ਢੱਠ ਨੂੰ 1989 ਵਿੱਚ ਮਾਰਨ ਦੀ ਮਨਸ਼ਾ ਨਾਲ ਅਗਵਾ ਕਰਨ ਦੇ ਦੋਸ਼ ਵਿੱਚ ਹੁਸ਼ਿਆਰਪੁਰ ਜ਼ਿਲ੍ਹਾ ਅਦਾਲਤ ਵੱਲੋਂ ਜਸਪਾਲ ਸਿੰਘ ਨੂੰ 5 ਸਾਲ ਦੀ ਵੱਖਰੀ ਸਜ਼ਾ ਸੁਣਾਈ ਗਈ ਸੀ। ਪਰਿਵਾਰ ਦੇ ਵਕੀਲ ਸਰਬਜੋਤ ਸਿੰਘ ਚੀਮਾ ਨੇ ਮੁੱਖ ਮੰਤਰੀ ਦਫ਼ਤਰ ਅਤੇ ਏ.ਡੀ.ਜੀ.ਪੀ. ਜੇਲ੍ਹਾਂ ਨੂੰ ਪੱਤਰ ਲਿਖ ਕੇ ਖ਼ਦਸ਼ਾ ਜਤਾਇਆ ਹੈ ਕਿ ਜਸਪਾਲ ਸਿੰਘ ਨੂੰ 5 ਸਾਲ ਵਾਲੀ ਸਜ਼ਾ ਕਟਵਾਏ ਬਿਨਾਂ ਹੀ ਰਿਹਾਅ ਕਰ ਦਿੱਤਾ ਗਿਆ, ਜਦਕਿ ਉਸ ਨੂੰ ਜ਼ਮਾਨਤ ਸਿਰਫ਼ ਖਾਲੜਾ ਕੇਸ ਵਿੱਚ ਮਿਲੀ ਸੀ। ਕਾਨੂੰਨ ਮੁਤਾਬਕ ਦੋ ਵੱਖ-ਵੱਖ ਅਦਾਲਤਾਂ ਦੀਆਂ ਸਜ਼ਾਵਾਂ ਇਕੱਠੀਆਂ ਨਹੀਂ ਚੱਲ ਸਕਦੀਆਂ। ਸ਼ਹੀਦ ਭਗਤ ਸਿੰਘ ਦੀ ਭੈਣ ਦੇ ਜਵਾਈ ਹਰਭਜਨ ਸਿੰਘ ਢੱਠ ਅਤੇ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਉਹ ਪਿਛਲੇ 37 ਸਾਲਾਂ ਤੋਂ ਇਨਸਾਫ਼ ਲਈ ਲੜ ਰਹੇ ਹਨ।

# ਬਿੱਟੂ ਦੀ ਬਿਆਨਬਾਜ਼ੀ ਜਾਂ ਸਿਆਸੀ ਏਜੰਡਾ ?

## ਫ਼ਿਲਮ ‘ਸਤਲੁਜ’ ਦੇ ਵਿਰੋਧ ਨਾਲ ਭਾਜਪਾ ਨੂੰ ਨੁਕਸਾਨ ਦਾ ਖ਼ਦਸ਼ਾ



ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਕਾਰਜਾਂ ’ਤੇ ਆਧਾਰਿਤ ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ ‘ਸਤਲੁਜ’ ਨੂੰ ਓਟੀਟੀ ਪਲੇਟਫਾਰਮ ‘ਜ਼ੀ5’ ਤੋਂ ਹਟਾਏ ਜਾਣ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਇਸ ਵਿਵਾਦ ਦੇ ਕੇਂਦਰ ਵਿੱਚ ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਆ ਗਏ ਹਨ, ਜਿਨ੍ਹਾਂ ਦੇ ਫਿਰਕੂ ਤੇ ਭੜਕਾਊ ਸਿਖ ਵਿਰੋਧੀ ਬਿਆਨਾਂ ਅਤੇ ਤਰਕਾਂ ਨੇ ਇਸ ਸਿਆਸੀ ਲਾਟ ਨੂੰ ਹੋਰ ਹਵਾ ਦੇ ਦਿੱਤੀ ਹੈ। ਬਿੱਟੂ ਨੇ ਫ਼ਿਲਮ ਵਿੱਚ ਦਿਖਾਏ ਗਏ 25 ਹਜ਼ਾਰ ਲਾਪਤਾ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਸਸਕਾਰ ਕੀਤੇ ਗਏ ਲੋਕਾਂ ਦੇ ਅੰਕੜੇ ਨੂੰ ਬਿਲਕੁਲ ਗ਼ਲਤ ਅਤੇ ਬਿਨਾਂ ਦਸਤਾਵੇਜ਼ੀ ਸਬੂਤ ਦੇ ਆਧਾਰਿਤ ਦੱਸਿਆ ਹੈ। ਉਨ੍ਹਾਂ ਨਿਰਮਾਤਾ-ਨਿਰਦੇਸ਼ਕ ਨੂੰ ਚੁਣੌਤੀ ਦਿੱਤੀ ਹੈ ਕਿ ਜੇਕਰ ਕੋਈ ਇਸ ਦਾ ਸਬੂਤ ਲਿਆਵੇਗਾ ਤਾਂ ਉਹ ਮਾਫ਼ੀ ਮੰਗਣਗੇ, ਨਹੀਂ ਤਾਂ ਉਹ ਕਾਨੂੰਨੀ ਕਾਰਵਾਈ ਕਰਨਗੇ। ਬਿੱਟੂ ਦਾ ਤਰਕ ਹੈ ਕਿ ਰਚਨਾਤਮਕ ਆਜ਼ਾਦੀ ਦੇ ਨਾਂਅ ’ਤੇ ਇਤਿਹਾਸ ਨੂੰ ਇਕਪਾਸੜ ਨਹੀਂ ਦਿਖਾਇਆ ਜਾ ਸਕਦਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸੰਤਾਪ ਦੇ ਦੌਰ ਵਿੱਚ ਸ਼ਹੀਦ ਹੋਏ ਪੰਜਾਬ ਪੁਲਿਸ ਦੇ ਜਵਾਨਾਂ (ਜਿਵੇਂ ਗੁਰਸਿੱਖ ਆਈ.ਪੀ.ਐੱਸ. ਅਧਿਕਾਰੀ ਅਵਿੰਦਰ ਸਿੰਘ) ਅਤੇ ਮਾਰੇ ਗਏ ਨਿਰਦੋਸ਼ ਹਿੰਦੂਆਂ ਤੇ ਆਮ ਨਾਗਰਿਕਾਂ ਦੀ ਕੁਰਬਾਨੀ ਨੂੰ ਵੀ ਬਰਾਬਰ ਥਾਂ ਮਿਲਣੀ ਚਾਹੀਦੀ ਹੈ।

ਬਿੱਟੂ ਅਨੁਸਾਰ ਖਾਲੜਾ ਸਾਹਿਬ ਨੇ ਮਨੁੱਖੀ ਅਧਿਕਾਰਾਂ ਲਈ ਕੰਮ ਕੀਤਾ ਸੀ, ਜਿਸ ਨੂੰ ਹਿੰਦੂ-ਸਿੱਖ ਦੇ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ ਕਿਉਂਕਿ ਮਰਨ ਵਾਲਿਆਂ ਵਿੱਚ ਹਰ ਧਰਮ ਦੇ ਲੋਕ ਸ਼ਾਮਲ ਸਨ। ਸਿੱਖ ਭਾਈਚਾਰੇ ਅਤੇ ਪੰਜਾਬ ਦੇ ਕਈ ਹਲਕਿਆਂ ਵਿੱਚ ਰਵਨੀਤ ਬਿੱਟੂ ਦੇ ਇਸ ਰਵੱਈਏ ਨੂੰ ਲੈ ਕੇ ਭਾਰੀ ਨਾਰਾਜ਼ਗੀ ਹੈ। ਭਾਈਚਾਰੇ ਦਾ ਮੰਨਣਾ ਹੈ ਕਿ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਦੇ ਕਾਲੇ ਦੌਰ ਦੌਰਾਨ ਤਿੰਨ ਸ਼ਮਸ਼ਾਨਘਾਟਾਂ (ਅੰਮ੍ਰਿਤਸਰ, ਮਜੀਠਾ ਅਤੇ ਤਰਨਤਾਰਨ) ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਸਾੜੀਆਂ ਗਈਆਂ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਤੱਥ ਜਨਤਕ ਕੀਤੇ ਸਨ, ਜਿਸ ਲਈ ਉਨ੍ਹਾਂ ਨੂੰ ਆਪਣੀ ਜਾਨ ਵੀ ਗੁਆਉਣੀ ਪਈ।

ਬਿੱਟੂ ਵੱਲੋਂ ਸੋਸ਼ਲ ਮੀਡੀਆ ’ਤੇ ਮਰੇ ਹੋਏ ਵਿਅਕਤੀਆਂ ਦੀਆਂ ਤਸਵੀਰਾਂ/ਵੀਡੀਓਜ਼ ਸਾਂਝੀਆਂ ਕਰਕੇ ਇਸ ਇਤਿਹਾਸਕ ਸੱਚ ਅਤੇ ਅੰਕੜਿਆਂ ’ਤੇ ਸਵਾਲ ਚੁੱਕਣ ਨੂੰ ਭਾਈਚਾਰਾ ਅਤੀਤ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਅਤੇ ਸਿੱਖ ਕਾਰਕੁਨਾਂ ਦੀ ਕੁਰਬਾਨੀ ਨੂੰ ਘਟਾ ਕੇ ਦੇਖਣ ਵਜੋਂ ਲੈ ਰਿਹਾ ਹੈ।

**ਬਿੱਟੂ ਦਿਲਜੀਤ ਦੋਸਾਂਝ ਨਾਲ ‘ਔਖਾ’ ਕਿਉਂ ?**

ਰਵਨੀਤ ਬਿੱਟੂ ਦੀ ਇਸ ਸਰਗਰਮੀ ਪਿੱਛੇ ਦੀ ਮਨਸ਼ਾ ਨੂੰ ਵਿਰੋਧੀ ਧਿਰਾਂ ਸਿਆਸੀ ਏਜੰਡਾ ਦੱਸ ਰਹੀਆਂ ਹਨ। ਬਿੱਟੂ ਮੁਤਾਬਕ ਉਨ੍ਹਾਂ ਦੀ ਮਨਸ਼ਾ ਪੰਜਾਬ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣਾ ਹੈ ਤਾਂ ਜੋ ਨਵੀਂ ਪੀੜ੍ਹੀ ਸਾਹਮਣੇ ਅਧੂਰਾ ਸੱਚ ਨਾ ਜਾਵੇ। ਹਾਲਾਂਕਿ, ਵਿਰੋਧੀਆਂ (ਜਿਵੇਂ ਕਾਂਗਰਸ ਆਗੂ ਪਰਗਟ ਸਿੰਘ) ਦਾ ਦੋਸ਼ ਹੈ ਕਿ ਬਿੱਟੂ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਸਿਆਸੀ ਲਾਹਾ ਲੈਣ ਲਈ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੇ ਹਨ। ਹਾਲਾਂਕਿ ਬਿੱਟੂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਨਿੱਜੀ ਲੜਾਈ ਦਿਲਜੀਤ ਦੋਸਾਂਝ ਨਾਲ ਨਹੀਂ ਹੈ, ਪਰ ਉਹ ਇਸ ਗੱਲੋਂ ਔਖੇ ਹਨ ਕਿ ਫ਼ਿਲਮ ਦੇ ਮੁੱਖ ਅਦਾਕਾਰ (ਦਿਲਜੀਤ) ਅਤੇ ਨਿਰਮਾਤਾ ‘ਰਚਨਾਤਮਕ ਆਜ਼ਾਦੀ’ ਦੇ ਨਾਂਅ ’ਤੇ ਬਿਨਾਂ ਪੁਖਤਾ ਸਰਕਾਰੀ ਜਾਂ ਅਦਾਲਤੀ ਰਿਕਾਰਡ ਦੇ 25 ਹਜ਼ਾਰ ਦਾ ਅੰਕੜਾ ਪੇਸ਼ ਕਰ ਰਹੇ ਹਨ, ਜਿਸ ਨਾਲ ਸਮਾਜ ਵਿੱਚ ਵੰਡੀਆਂ ਪੈ ਸਕਦੀਆਂ ਹਨ।

**ਬਿੱਟੂ ਦੇ ਬਿਆਨਾਂ ਦਾ ਕੀ ਪਾਰਟੀ ਨੂੰ ਨੁਕਸਾਨ ਹੋਵੇਗਾ ?**

ਰਵਨੀਤ ਬਿੱਟੂ ਦੇ ਬਿਆਨਾਂ ਨੇ ਭਾਜਪਾ ਦੇ ਅੰਦਰੂਨੀ ਹਲਕਿਆਂ ਵਿੱਚ ਵੀ ਚਿੰਤਾ ਪੈਦਾ ਕਰ ਦਿੱਤੀ ਹੈ। ਪਾਰਟੀ ਦੇ ਸੀਨੀਅਰ ਆਗੂਆਂ ਨੇ ਬਿੱਟੂ ਨੂੰ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ। ਇਕਬਾਲ ਸਿੰਘ ਲਾਲਪੁਰਾ ਕੌਮੀ ਘੱਟਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਨੇ ਯਾਦ ਦਿਵਾਇਆ ਕਿ 25 ਹਜ਼ਾਰ ਵਾਲਾ ਮੁੱਦਾ ਖਾਲੜਾ ਜੀ ਨੇ ਚੁੱਕਿਆ ਸੀ ਅਤੇ

(ਬਾਕੀ ਸਫ਼ਾ 26 ’ਤੇ)

# ਖ਼ੁਦਕੁਸ਼ੀ ਜਾਂ ਸਿਆਸੀ ਡਰਾਮਾ ? 29 ਸਾਲ ਬਾਅਦ ਵੀ ਅਣਸੁਲਝੇ ਰਹੇ ਅਜੀਤ ਸੰਧੂ ਦੀ ‘ਮੌਤ’ ਬਾਰੇ ਸਵਾਲ

ਕੀ ਸਰਕਾਰੀ ਸੁਰੱਖਿਆ ਹੇਠ ਨਵੀਂ ਪਛਾਣ ਦੇ ਕੇ ਵਿਦੇਸ਼ ਭੇਜਿਆ ਗਿਆ ਸੀ ਅਜੀਤ ਸੰਧੂ ? ਚਰਚਾਵਾਂ ਦਾ ਬਾਜ਼ਾਰ ਮੁੜ ਗਰਮ

ਹਾਲ ਹੀ ਵਿੱਚ ਰਿਲੀਜ਼ ਹੋਈ ਫ਼ਿਲਮ ‘ਸਤਲੁਜ’ (ਜੋ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਕਥਿਤ ਫਰਜ਼ੀ ਮੁਕਾਬਲਿਆਂ ’ਤੇ ਅਧਾਰਿਤ ਹੈ) ਨੇ ਇੱਕ ਵਾਰ ਫਿਰ ਪੰਜਾਬ ਪੁਲਿਸ ਦੇ ਸਭ ਤੋਂ ਵਿਵਾਦਗ੍ਰਸਤ ਚਿਹਰਿਆਂ ਵਿੱਚੋਂ ਇੱਕ, ਸਾਬਕਾ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਦੀ 1997 ਵਿੱਚ ਹੋਈ ਭੇਤਭਰੀ ‘ਖ਼ੁਦਕੁਸ਼ੀ’ ਨੂੰ ਸੁਰਖੀਆਂ ਵਿੱਚ ਲਿਆ ਦਿੱਤਾ ਹੈ।

23 ਮਈ 1997 ਨੂੰ ਡੇਰਾਬੱਸੀ ਨੇੜੇ ਰੇਲ ਗੱਡੀ ਅੱਗੇ ਕਥਿਤ ਤੌਰ ’ਤੇ ਛਾਲ ਮਾਰ ਕੇ ਜਾਨ ਦੇਣ ਵਾਲੇ ਅਜੀਤ ਸਿੰਘ ਸੰਧੂ ਦੀ ਮੌਤ ਨੂੰ ਪੁਲਿਸ ਨੇ ਭਾਵੇਂ ਖ਼ੁਦਕੁਸ਼ੀ ਕਰਾਰ ਦੇ ਕੇ ਫਾਈਲ ਬੰਦ ਕਰ ਦਿੱਤੀ ਸੀ, ਪਰ ਇਸ ਦੇ ਪਿੱਛੇ ਛੱਡੇ ਗਏ ਸਵਾਲ ਅੱਜ ਵੀ ਉਨੇ ਹੀ ਪ੍ਰਾਸੰਗਿਕ ਹਨ। ਸਭ ਤੋਂ ਵੱਡਾ ਸਵਾਲ ਜਾਂਚ ਦੀਆਂ ਉਨ੍ਹਾਂ ਖਾਮੀਆਂ ’ਤੇ ਉੱਠਦਾ ਹੈ ਜੋ ਆਮ ਤੌਰ ’ਤੇ ਕਿਸੇ ਹਾਈ-ਪ੍ਰੋਫਾਈਲ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇੱਕ ਸੀਨੀਅਰ ਪੁਲਿਸ ਅਧਿਕਾਰੀ, ਜਿਸ ਕੋਲ ਹਮੇਸ਼ਾ ਹਥਿਆਰ ਹੁੰਦੇ ਹਨ, ਉਹ ਖ਼ੁਦਕੁਸ਼ੀ ਲਈ ਰੇਲ ਅੱਗੇ ਛਾਲ ਮਾਰਨ ਵਰਗਾ ਖ਼ੌਫ਼ਨਾਕ ਰਸਤਾ ਕਿਉਂ ਚੁਣੇਗਾ ? ਉਸ ਦੇ ਬਟੂਏ ਵਿੱਚੋਂ ਮਿਲੇ ਪੰਜਾਬੀ ਦੇ ਖ਼ੁਦਕੁਸ਼ੀ ਨੋਟ ’ਤੇ ਸਰਕਾਰੀ ਅਤੇ ਨਿੱਜੀ ਲਿਖਤ ਮਾਹਿਰਾਂ ਦੀ ਅਸਹਿਮਤੀ ਅਤੇ ਪੁਲਿਸ ਕੋਲ ਸੰਧੂ ਦੀ ਲਿਖਤ ਦੇ ਨਵੇਂ ਨਮੂਨੇ ਨਾ ਹੋਣਾ, ਜਾਂਚ ਦੀ ਗੰਭੀਰਤਾ ’ਤੇ ਸ਼ੱਕ ਪੈਦਾ ਕਰਦਾ ਹੈ।

ਇਸ ਤੋਂ ਵੀ ਵੱਧ, ਸੰਧੂ ਦੀ ਮਾਂ ਵੱਲੋਂ ਲਗਾਏ ਗਏ ਕਤਲ ਦੇ ਦੋਸ਼ਾਂ ਨੂੰ ਬਿਨਾਂ ਕਿਸੇ ਡੂੰਘੀ ਪੜਤਾਲ ਦੇ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਪੰਜਾਬ ਵਿੱਚ ਇਹ ਚਰਚਾ ਅੱਜ ਵੀ ਆਮ ਹੈ ਕਿ ਸੰਧੂ ਮਰਿਆ ਨਹੀਂ ਸੀ, ਸਗੋਂ ਉਸ ਨੂੰ ਸਰਕਾਰੀ ਤੰਤਰ ਵੱਲੋਂ ਇੱਕ ਨਵੀਂ ਪਛਾਣ ਦੇ ਕੇ ਸੁਰੱਖਿਅਤ ਵਿਦੇਸ਼ ਭੇਜ ਦਿੱਤਾ ਗਿਆ ਸੀ ਤਾਂ ਜੋ ਅਦਾਲਤਾਂ ਵਿੱਚ ਚੱਲ ਰਹੇ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਵਿੱਚ ਕਈ ਵੱਡੇ ਸਿਆਸਤਦਾਨਾਂ ਅਤੇ ਉੱਚ ਅਧਿਕਾਰੀਆਂ ਦੇ ਨਾਮ ਸਾਹਮਣੇ ਨਾ ਆ ਸਕਣ।

ਸਾਲ 2026 ਵਿੱਚ ਵੀ ਇਨ੍ਹਾਂ ਅਣਸੁਲਝੇ ਸਵਾਲਾਂ ਦਾ ਸਾਹਮਣੇ ਆਉਣਾ ਇਹ ਸਿੱਧ ਕਰਦਾ ਹੈ ਕਿ ਜਦੋਂ ਤੱਕ ਸੱਚ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਉਂਦਾ, ਅਤੀਤ ਦੇ ਇਹ ਪਰਛਾਵੇਂ ਪੰਜਾਬ ਦੇ ਵਰਤਮਾਨ ਦਾ ਪਿੱਛਾ ਕਰਦੇ ਰਹਿਣਗੇ।

# ਭਾਰਤੀਆਂ ਲਈ ਅਮਰੀਕਾ ਦਾ ਰਾਹ ਹੋਵੇਗਾ ਮੁਸ਼ਕਿਲ !

## ਟਰੰਪ ਸਰਕਾਰ ਵੀਜ਼ਾ ਨਿਯਮਾਂ ਵਿੱਚ ਲਿਆ ਰਹੀ ਹੈ ਸਖਤ ਸ਼ਰਤਾਂ

## ਭਾਰਤੀ ਆਈ.ਟੀ. ਕੰਪਨੀਆਂ ਅਤੇ ਵਿਦਿਆਰਥੀਆਂ 'ਤੇ ਪਵੇਗੀ ਵੱਡੀ ਮਾਰ

ਸੈਨ ਫਰਾਂਸਿਸਕੋ/ਏ.ਟੀ.ਨਿਊਜ਼: ਜੇਕਰ ਤੁਸੀਂ ਵੀ ਅਮਰੀਕਾ ਜਾ ਕੇ ਪੜ੍ਹਾਈ ਕਰਨ ਜਾਂ ਉੱਥੇ ਨੌਕਰੀ ਕਰਨ ਦਾ ਸੁਪਨਾ ਦੇਖ ਰਹੇ ਹੋ, ਤਾਂ ਤੁਹਾਡੇ ਲਈ ਇੱਕ ਵੱਡੀ ਅਤੇ ਅਹਿਮ ਖ਼ਬਰ ਹੈ। ਟਰੰਪ ਸਰਕਾਰ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਵੱਡੇ ਬਦਲਾਅ ਕਰਨ ਦੀ ਤਿਆਰੀ ਕਰ ਰਹੀ ਹੈ। ਸਰਕਾਰ ਵੱਲੋਂ ਕੁਝ ਅਜਿਹੇ ਸਖ਼ਤ ਨਿਯਮ ਲਿਆਉਣ ਦੀ ਯੋਜਨਾ ਹੈ, ਜਿਸ ਨਾਲ ਵਿਦੇਸ਼ੀ ਪੇਸ਼ੇਵਰਾਂ, ਵਿਦਿਆਰਥੀਆਂ ਅਤੇ ਕੰਪਨੀਆਂ ਲਈ ਅਮਰੀਕਾ ਦਾ ਰਾਹ ਮੁਸ਼ਕਿਲ ਹੋ ਸਕਦਾ ਹੈ।

ਅਮਰੀਕਾ ਜਾਣ ਵਾਲੇ ਪ੍ਰਵਾਸੀਆਂ ਵਿੱਚ ਭਾਰਤੀਆਂ ਦੀ ਗਿਣਤੀ ਸਭ ਤੋਂ ਵੱਧ ਹੈ, ਇਸ ਲਈ ਇਸ ਬਦਲਾਅ ਦਾ ਸਿੱਧਾ ਅਸਰ ਭਾਰਤੀ ਨੌਜਵਾਨਾਂ, ਐਚ-1ਬੀ ਵੀਜ਼ਾ, ਐਲ-1 ਵੀਜ਼ਾ ਅਤੇ ਸਟੂਡੈਂਟ ਵੀਜ਼ਾ ਧਾਰਕਾਂ 'ਤੇ ਪੈਣ ਵਾਲਾ ਹੈ।

**ਕੀ ਇਹ ਨਿਯਮ ਲਾਗੂ ਹੋ ਚੁੱਕੇ ਹਨ ?**

ਰਾਹਤ ਦੀ ਗੱਲ ਇਹ ਹੈ ਕਿ ਇਹ ਸਾਰੇ ਪ੍ਰਸਤਾਵ ਫਿਲਹਾਲ ਯੂ.ਐੱਸ. ਹੋਮਲੈਂਡ ਸਿਕਿਊਰਿਟੀ, ਲੇਬਰ ਡਿਪਾਰਟਮੈਂਟ ਅਤੇ ਸਟੇਟ ਡਿਪਾਰਟਮੈਂਟ ਦੇ 'ਯੂਨੀਫਾਈਡ ਰੈਗੂਲਟੀ ਏਜੰਡੇ' ਦਾ ਹਿੱਸਾ ਹਨ। ਇਹ ਅਜੇ ਲਾਗੂ ਨਹੀਂ ਹੋਏ ਹਨ, ਪਰ ਇਸ ਨਾਲ ਸਰਕਾਰ ਦੇ ਇਰਾਦੇ ਸਾਫ਼ ਹੋ ਗਏ ਹਨ। ਜੇਕਰ ਇਹ ਪ੍ਰਸਤਾਵ ਕਾਨੂੰਨ ਬਣਦੇ ਹਨ, ਤਾਂ ਵੀਜ਼ਾ ਮਿਲਣਾ ਔਖਾ ਹੋ ਜਾਵੇਗਾ, ਕਾਗਜ਼ੀ ਕਾਰਵਾਈ ਵਧੇਗੀ ਅਤੇ ਅਮਰੀਕੀ ਕੰਪਨੀਆਂ ਲਈ ਵਿਦੇਸ਼ੀ ਮੁਲਾਜ਼ਮਾਂ ਨੂੰ ਨੌਕਰੀ 'ਤੇ ਰੱਖਣਾ ਕਾਫ਼ੀ ਮਹਿੰਗਾ ਸਾਬਤ ਹੋਵੇਗਾ।

**ਅਗਸਤ ਵਿੱਚ ਬਦਲ ਸਕਦੇ ਹਨ ਨਿਯਮ**

ਅਮਰੀਕੀ ਕੰਪਨੀਆਂ ਵਿਸ਼ੇਸ਼ ਯੋਗਤਾ ਵਾਲੇ ਵਿਦੇਸ਼ੀ ਪੇਸ਼ੇਵਰਾਂ ਨੂੰ ਨੌਕਰੀ 'ਤੇ ਰੱਖਣ ਲਈ ਐਚ-1ਬੀ ਵੀਜ਼ਾ ਦੀ ਵਰਤੋਂ ਕਰਦੀਆਂ ਹਨ, ਜਿਸ ਦਾ ਸਾਲਾਨਾ ਕੋਟਾ 85,000 ਹੈ। ਖ਼ਬਰਾਂ ਮੁਤਾਬਕ, ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਊਰਿਟੀ ਇਸੇ ਸਾਲ ਅਗਸਤ ਵਿੱਚ ਇੱਕ ਨਵਾਂ ਪ੍ਰਸਤਾਵ ਪੇਸ਼ ਕਰ ਸਕਦਾ ਹੈ, ਜਿਸ ਦਾ ਮਕਸਦ ਇਸ ਪ੍ਰੋਗਰਾਮ ਦੀਆਂ ਸ਼ਰਤਾਂ ਨੂੰ ਹੋਰ ਸਖ਼ਤ ਕਰਨਾ ਹੈ।

**ਥਰਡ-ਪਾਰਟੀ ਪਲੇਸਮੈਂਟ ਮਾਡਲ 'ਤੇ ਵਾਰ**



ਸਭ ਤੋਂ ਵੱਡਾ ਨੁਕਸਾਨ ਉਨ੍ਹਾਂ ਭਾਰਤੀ ਕੰਪਿਊਟਰ ਅਤੇ ਸਲਾਹਕਾਰ ਕੰਪਨੀਆਂ ਨੂੰ ਹੋ ਸਕਦਾ ਹੈ, ਜੋ ਭਾਰਤ ਤੋਂ ਬੰਦੇ ਲਿਜਾ ਕੇ ਅਮਰੀਕਾ ਵਿੱਚ ਦੂਜੀਆਂ ਕੰਪਨੀਆਂ ਦੇ ਦਫ਼ਤਰਾਂ ਵਿੱਚ ਕੰਮ 'ਤੇ ਲਗਾਉਂਦੀਆਂ ਹਨ।

ਨਵੇਂ ਨਿਯਮਾਂ ਮੁਤਾਬਕ, ਹੁਣ ਇਨ੍ਹਾਂ ਕੰਪਨੀਆਂ ਨੂੰ ਪੱਕੇ ਸਬੂਤ ਦੇਣੇ ਪੈਣਗੇ ਕਿ ਉਹ ਮੁਲਾਜ਼ਮ ਸੱਚਮੁੱਚ ਉਨ੍ਹਾਂ ਦੀ ਆਪਣੀ ਹੀ ਕੰਪਨੀ ਦਾ ਹਿੱਸਾ ਹੈ (ਯਾਨੀ ਉਨ੍ਹਾਂ ਦਾ ਆਪਸੀ ਰਿਸ਼ਤਾ ਅਸਲੀ ਮਾਲਕ ਅਤੇ ਨੌਕਰ ਵਾਲਾ ਹੈ)। ਉਹ ਮੁਲਾਜ਼ਮ ਅਮਰੀਕਾ ਜਾ ਕੇ ਕੋਈ ਆਮ ਜਾਂ ਸਾਧਾਰਨ ਕੰਮ ਨਹੀਂ ਕਰ ਰਿਹਾ, ਬਲਕਿ ਕੋਈ ਅਜਿਹਾ ਖ਼ਾਸ ਜਾਂ ਮਾਹਿਰਾਂ ਵਾਲਾ ਕੰਮ ਕਰ ਰਿਹਾ ਹੈ ਜਿਸ ਨੂੰ ਹਰ ਕੋਈ ਨਹੀਂ ਕਰ ਸਕਦਾ।

**ਕੰਪਨੀਆਂ 'ਤੇ ਵਧੇਗਾ ਫੀਸਾਂ ਦਾ ਬੋਝ**

ਡੀ.ਐਚ.ਐਸ. ਮੌਜੂਦਾ ਸਪਲੀਮੈਂਟਲ ਫੀਸ ਦੇ ਦਾਇਰੇ ਨੂੰ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ। ਹੁਣ ਤੱਕ ਇਹ ਫੀਸ ਸਿਰਫ਼ ਨਵੀਂ ਐਚ-1ਬੀ ਅਰਜ਼ੀ ਦੇਣ ਜਾਂ ਐਂਪਲਾਇਰ (ਮਾਲਕ) ਬਦਲਣ ਵੇਲੇ ਲਈ ਜਾਂਦੀ ਸੀ, ਪਰ ਹੁਣ ਇਸ ਨੂੰ ਵੀਜ਼ਾ ਐਕਸਟੈਂਸ਼ਨ (ਵਾਧੇ) 'ਤੇ ਵੀ ਲਾਗੂ ਕਰਨ ਦੀ ਤਿਆਰੀ ਹੈ। ਇਸ ਦਾ ਸਿੱਧਾ ਅਸਰ ਉਨ੍ਹਾਂ ਕੰਪਨੀਆਂ 'ਤੇ ਪਵੇਗਾ ਜਿਨ੍ਹਾਂ ਕੋਲ ਅਮਰੀਕਾ ਵਿੱਚ 50 ਤੋਂ ਵੱਧ ਕਰਮਚਾਰੀ ਹਨ ਅਤੇ ਉਨ੍ਹਾਂ ਦੇ ਅੱਧੇ ਤੋਂ ਵੱਧ ਮੁਲਾਜ਼ਮ ਐਚ-1ਬੀ ਜਾਂ ਐਲ-1 ਵੀਜ਼ਾ ਧਾਰਕ ਹਨ।

**ਤਨਖ਼ਾਹ ਦੇ ਨਿਯਮਾਂ ਵਿੱਚ ਬਦਲਾਅ**

ਅਮਰੀਕਾ ਦਾ ਰੁਜ਼ਗਾਰ ਵਿਭਾਗ (ਲੇਬਰ ਡਿਪਾਰਟਮੈਂਟ) ਹੁਣ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਮੁਲਾਜ਼ਮਾਂ ਦੀ ਘੱਟੋ-ਘੱਟ ਤੈਅ ਤਨਖ਼ਾਹ ਨੂੰ ਵਧਾਉਣ ਬਾਰੇ ਸੋਚ ਰਿਹਾ ਹੈ।

ਜੇਕਰ ਇਹ ਨਵਾਂ ਨਿਯਮ ਪਾਸ ਹੋ ਜਾਂਦਾ ਹੈ, ਤਾਂ ਅਮਰੀਕਾ ਵਿੱਚ ਬਿਲਕੁਲ ਸ਼ੁਰੂਆਤੀ ਪੱਧਰ (ਐਂਟਰੀ-ਲੇਵਲ) ਦੀ ਨੌਕਰੀ 'ਤੇ ਲੱਗਣ ਵਾਲੇ ਵਿਦੇਸ਼ੀ ਮੁਲਾਜ਼ਮਾਂ ਦੀ ਤਨਖ਼ਾਹ ਪਹਿਲਾਂ ਦੇ ਮੁਕਾਬਲੇ ਲਗਭਗ ਦੁੱਗਣੀ ਕਰਨੀ ਪਵੇਗੀ। ਇਸ ਨਾਲ ਅਮਰੀਕੀ ਕੰਪਨੀਆਂ ਲਈ ਬਾਹਰਲੇ ਮੁਲਾਜ਼ਮਾਂ ਨੂੰ ਰੱਖਣਾ ਕਾਫ਼ੀ ਮਹਿੰਗਾ ਹੋ ਜਾਵੇਗਾ, ਕਿਉਂਕਿ ਉਨ੍ਹਾਂ ਨੂੰ ਹੁਣ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਮਿਹਨਤਾਨਾ ਦੇਣਾ ਪਵੇਗਾ।

**ਗ੍ਰੀਨ ਕਾਰਡ ਦੀ ਖਿੱਚ-ਧੂਹ ਅਤੇ ਯੂ.ਕੇ. ਵੱਲ ਰੁਝਾਨ**

ਅਮਰੀਕਾ ਵਿੱਚ ਪੱਕੇ ਹੋਣ (ਗ੍ਰੀਨ ਕਾਰਡ ਲੈਣ) ਲਈ ਸਭ ਤੋਂ ਪਹਿਲਾ ਅਤੇ ਜ਼ਰੂਰੀ ਕਦਮ ਉੱਥੋਂ ਦੇ ਰੁਜ਼ਗਾਰ ਵਿਭਾਗ ਤੋਂ 'ਕੰਮ ਦੀ ਮਨਜ਼ੂਰੀ ਦਾ ਸਰਟੀਫਿਕੇਟ' ਲੈਣਾ ਹੁੰਦਾ ਹੈ। ਹੁਣ ਸਰਕਾਰ ਇਸ ਮਨਜ਼ੂਰੀ ਨੂੰ ਮਿਲਣ ਦੀ ਪ੍ਰਕਿਰਿਆ ਨੂੰ ਹੋਰ ਵੀ ਔਖਾ ਅਤੇ ਸਖ਼ਤ ਬਣਾ ਰਹੀ ਹੈ।

ਅਮਰੀਕਾ ਵਿੱਚ ਪਹਿਲਾਂ ਹੀ ਪੱਕੇ ਹੋਣ ਲਈ ਭਾਰਤੀਆਂ ਦੀ ਬਹੁਤ ਲੰਬੀ ਲਾਈਨ (ਵੇਟਿੰਗ) ਲੱਗੀ ਹੋਈ ਹੈ, ਜਿਸ ਵਿੱਚ ਸਾਲਾਂ-ਸਾਲ ਲੰਘ ਜਾਂਦੇ ਹਨ। ਹੁਣ ਇਸ ਨਵੇਂ ਬਦਲਾਅ ਅਤੇ ਅਨਿਸ਼ਚਿਤ ਮਾਹੌਲ ਨੂੰ ਦੇਖਦੇ ਹੋਏ, ਕਈ ਪੜ੍ਹੇ-ਲਿਖੇ ਭਾਰਤੀ ਮੁਲਾਜ਼ਮ ਅਮਰੀਕਾ ਜਾਣ ਦਾ ਖ਼ਿਆਲ ਛੱਡ ਕੇ ਬ੍ਰਿਟੇਨ (ਇੰਗਲੈਂਡ) ਵਰਗੇ ਦੇਸ਼ਾਂ ਵੱਲ ਜਾ ਰਹੇ ਹਨ, ਕਿਉਂਕਿ ਉੱਥੇ ਪੱਕੀ ਰਿਹਾਇਸ਼ ਲਈ ਮਿਲਣ ਦਾ ਰਾਹ ਅਮਰੀਕਾ ਨਾਲੋਂ ਥੋੜ੍ਹਾ ਸੌਖਾ ਅਤੇ ਸਾਫ਼ ਹੈ।

**ਵਿਦਿਆਰਥੀਆਂ 'ਤੇ ਵੀ ਕੱਸੇਗਾ ਸ਼ਿਕੰਜਾ**

ਸਾਲ 2024-25 ਦੌਰਾਨ ਭਾਰਤ ਤੋਂ ਰਿਕਾਰਡ 3 ਲੱਖ 60 ਹਜ਼ਾਰ ਵਿਦਿਆਰਥੀ ਪੜ੍ਹਾਈ ਕਰਨ ਲਈ ਅਮਰੀਕਾ ਗਏ ਸਨ। ਅਜੇ ਤੱਕ ਨਿਯਮ ਇਹ ਹੈ ਕਿ ਜਦੋਂ ਤੱਕ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰ ਰਹੇ ਹਨ, ਉਹ 'ਪੜ੍ਹਾਈ ਦੇ ਸਮੇਂ ਦੀ ਮਾਨਤਾ' ਦੇ ਤਹਿਤ ਉੱਥੇ ਰਹਿ ਸਕਦੇ ਹਨ। (**ਬਾਕੀ ਸਫ਼ਾ 26 'ਤੇ**)

# ਅਮਰੀਕਾ ਕਰੇਗਾ ਗ੍ਰੀਨ ਕਾਰਡ ਨਿਯਮਾਂ 'ਚ ਵੱਡਾ ਬਦਲਾਅ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦਾ ਕਿਰਤ ਵਿਭਾਗ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਲਈ ਅਪਣਾਈ ਜਾਣ ਵਾਲੀ ਲੇਬਰ ਸਰਟੀਫਿਕੇਸ਼ਨ (ਪੀ.ਈ.ਆਰ.ਐੱਮ.) ਪ੍ਰਕਿਰਿਆ ਵਿੱਚ ਵਿਆਪਕ ਬਦਲਾਅ ਦੀ ਤਿਆਰੀ ਕਰ ਰਿਹਾ ਹੈ। ਪ੍ਰਸਤਾਵਿਤ ਸੁਧਾਰਾਂ ਦਾ ਉਦੇਸ਼ ਵਿਦੇਸ਼ੀ ਕਰਮਚਾਰੀਆਂ ਨੂੰ ਸਪਾਂਸਰ ਕਰਨ ਤੋਂ ਪਹਿਲਾਂ ਕੰਪਨੀਆਂ ਲਈ ਯੋਗ ਅਮਰੀਕੀ ਕਰਮਚਾਰੀਆਂ ਦੀ ਭਾਲ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਬਣਾਉਣਾ ਹੈ। ਇਹ ਕਦਮ ਟਰੰਪ ਪ੍ਰਸ਼ਾਸਨ ਦੀ ਰੁਜ਼ਗਾਰ ਆਧਾਰਿਤ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਸਖ਼ਤ ਬਣਾਉਣ ਦੀ ਵਿਆਪਕ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਕਿਰਤ ਵਿਭਾਗ ਦੇ ਅਨੁਸਾਰ ਪੀ.ਈ.ਆਰ.ਐੱਮ. ਪ੍ਰਣਾਲੀ ਵਿੱਚ ਆਖਰੀ ਵੱਡਾ ਬਦਲਾਅ ਸਾਲ 2004 ਵਿੱਚ ਕੀਤਾ ਗਿਆ ਸੀ। ਉਦੋਂ ਤੋਂ ਭਰਤੀ ਪ੍ਰਕਿਰਿਆ ਅਤੇ ਤਕਨਾਲੋਜੀ ਵਿੱਚ ਵੱਡੇ ਬਦਲਾਅ ਆਏ ਹਨ। ਵਿਭਾਗ ਦਾ ਕਹਿਣਾ ਹੈ ਕਿ ਮੌਜੂਦਾ ਵਿਵਸਥਾ ਹੁਣ ਆਧੁਨਿਕ ਭਰਤੀ ਪ੍ਰਣਾਲੀ ਦੇ ਅਨੁਕੂਲ ਨਹੀਂ ਹੈ, ਇਸ ਲਈ



ਇਸ ਨੂੰ ਅਪਡੇਟ ਕਰਨਾ ਜ਼ਰੂਰੀ ਹੋ ਗਿਆ ਹੈ।

ਪ੍ਰਸਤਾਵਿਤ ਨਿਯਮਾਂ ਤਹਿਤ ਕੰਪਨੀਆਂ ਨੂੰ ਇਹ ਸਾਬਤ ਕਰਨ ਲਈ ਵਧੇਰੇ ਪੁਖ਼ਤਾ ਯਤਨ ਕਰਨੇ ਪੈਣਗੇ ਕਿ ਸਬੰਧਿਤ ਅਹੁਦੇ ਲਈ ਯੋਗ ਅਮਰੀਕੀ ਕਰਮਚਾਰੀ ਉਪਲਬਧ ਨਹੀਂ ਹਨ। ਇਸ ਦੇ ਨਾਲ ਹੀ, ਹਾਲ ਹੀ ਵਿੱਚ ਛਾਂਟੀ ਨਾਲ ਪ੍ਰਭਾਵਿਤ ਅਮਰੀਕੀ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਵੀ ਨਵੇਂ ਪ੍ਰਬੰਧ ਜੋੜੇ ਜਾਣਗੇ। ਇਸ ਨਾਲ ਵਿਦੇਸ਼ੀ ਕਰਮਚਾਰੀਆਂ ਦੀ ਨਿਯੁਕਤੀ ਤੋਂ ਪਹਿਲਾਂ ਸਥਾਨਕ ਉਮੀਦਵਾਰਾਂ ਨੂੰ ਤਰਜੀਹ ਮਿਲਣ ਦੀ ਸੰਭਾਵਨਾ ਵਧੇਗੀ।

(**ਬਾਕੀ ਸਫ਼ਾ 26 'ਤੇ**)

# ਅਮਰੀਕਾ ਵਿੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਦੇ ਵੀਜ਼ਾ ਨਵੀਨੀਕਰਨ ਦੀ ਗਿਣਤੀ 'ਚ ਇਤਿਹਾਸਕ ਵਾਧਾ




ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਐਚ-1ਬੀ ਵੀਜ਼ਾ ਨਿਯਮਾਂ ਨੂੰ ਸਖ਼ਤ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਮੌਜੂਦਾ ਵਿੱਤੀ ਸਾਲ ਵਿੱਚ ਵੀਜ਼ਾ ਰੀਨਿਊਅਲ (ਨਵੀਨੀਕਰਨ) ਦੇ ਮਾਮਲਿਆਂ ਵਿੱਚ ਇਤਿਹਾਸਕ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਵਿੱਤੀ ਸਾਲ 2026 ਦੌਰਾਨ ਅਮਰੀਕਾ ਵਿੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਦੇ ਵੀਜ਼ਾ ਰੀਨਿਊਅਲ ਦੀ ਗਿਣਤੀ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਣ ਦੀ ਉਮੀਦ ਹੈ।

ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਦੇ ਅੰਕੜਿਆਂ ਦੇ ਵਿਸ਼ਲੇਸ਼ਣ ਮੁਤਾਬਕ ਅਕਤੂਬਰ 2025 ਤੋਂ ਸ਼ੁਰੂ ਹੋਏ ਵਿੱਤੀ ਸਾਲ 2026 ਦੇ ਪਹਿਲੇ ਨੌਂ ਮਹੀਨਿਆਂ ਵਿੱਚ ਹੀ 2,73,026 ਅਰਜ਼ੀਆਂ ਨੂੰ 'ਕੰਟੀਨਿਊਇੰਗ ਇੰਪਲਾਇਮੈਂਟ' (ਜਾਰੀ ਰੁਜ਼ਗਾਰ) ਤਹਿਤ ਪ੍ਰਵਾਨਗੀ ਦਿੱਤੀ ਗਈ ਹੈ। ਇਹ ਅੰਕੜਾ ਵਿੱਤੀ ਸਾਲ 2025 ਦੀ ਕੁੱਲ ਗਿਣਤੀ 2,91,542 ਦੇ ਬਹੁਤ ਕਰੀਬ ਹੈ, ਜਦਕਿ ਮੌਜੂਦਾ ਸਾਲ ਦੇ ਅਜੇ ਤਿੰਨ ਮਹੀਨੇ ਬਾਕੀ ਹਨ।ਟਰੰਪ ਪ੍ਰਸ਼ਾਸਨ ਨੇ ਐਚ-1ਬੀ ਸਿਸਟਮ ਨੂੰ ਸਖ਼ਤ ਬਣਾਉਣ ਲਈ ਕਈ ਕਦਮ ਚੁੱਕੇ ਹਨ। ਸਰਕਾਰ ਨੇ ਅਮਰੀਕਾ ਤੋਂ ਬਾਹਰੋਂ ਅਪਲਾਈ ਕਰਨ ਵਾਲੇ ਕਾਮਿਆਂ ਲਈ 1 ਲੱਖ ਅਮਰੀਕੀ ਡਾਲਰ ਦੀ ਫੀਸ ਲਗਾਉਣ ਦਾ ਪ੍ਰਸਤਾਵ ਦਿੱਤਾ ਸੀ, ਪਰ ਜੂਨ ਵਿੱਚ ਇੱਕ ਫੈਡਰਲ ਜੱਜ ਨੇ ਇਸ ਫੈਸਲੇ 'ਤੇ ਰੋਕ ਲਗਾ ਕੇ ਸਰਕਾਰ ਨੂੰ ਵੱਡਾ ਝਟਕਾ ਦਿੱਤਾ ਸੀ। ਇਸ ਤੋਂ ਇਲਾਵਾ ਸਰਕਾਰ ਲਾਟਰੀ ਸਿਸਟਮ ਨੂੰ ਖ਼ਤਮ ਕਰਕੇ ਵੱਧ ਤਨਖਾਹ ਵਾਲੇ ਬਿਨੈਕਾਰਾਂ ਨੂੰ ਪਹਿਲ ਦੇਣ ਦੀ ਨੀਤੀ 'ਤੇ ਵੀ ਕੰਮ ਕਰ ਰਹੀ ਹੈ।

ਮਾਹਿਰਾਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਰਿਕਾਰਡ ਅੰਕੜੇ ਨਵੇਂ ਕਾਮਿਆਂ ਦੇ ਨਹੀਂ ਸਗੋਂ ਉਨ੍ਹਾਂ ਲੋਕਾਂ ਦੇ ਹਨ ਜੋ ਪਹਿਲਾਂ ਹੀ ਅਮਰੀਕਾ ਵਿੱਚ ਮੌਜੂਦ ਹਨ। ਇਸ ਸ਼੍ਰੇਣੀ ਵਿੱਚ ਵੀਜ਼ਾ ਦੀ ਮਿਆਦ ਵਧਾਉਣਾ, ਨੌਕਰੀ ਬਦਲਣਾ ਅਤੇ ਸਟੇਟਸ ਵਿੱਚ ਹੋਰ ਸੋਧਾਂ ਸ਼ਾਮਲ ਹਨ। ਖ਼ਾਸ ਗੱਲ ਇਹ ਹੈ ਕਿ ਜਿੱਥੇ ਨਵੇਂ ਐਚ-1ਬੀ ਵੀਜ਼ਿਆਂ ਲਈ 85,000 ਦੀ ਸਾਲਾਨਾ ਸੀਮਾ ਹੁੰਦੀ ਹੈ, ਉੱਥੇ ਰੀਨਿਊਅਲ ਅਰਜ਼ੀਆਂ 'ਤੇ ਅਜਿਹੀ ਕੋਈ ਪਾਬੰਦੀ ਨਹੀਂ ਹੈ। ਕੁਝ ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਇਨ੍ਹਾਂ ਅੰਕੜਿਆਂ ਨੂੰ ਸਾਵਧਾਨੀ ਨਾਲ ਪੜ੍ਹਨ ਦੀ ਲੋੜ ਹੈ। ਇਹ ਅੰਕੜੇ ਮਨਜ਼ੂਰਸ਼ੁਦਾ ਅਰਜ਼ੀਆਂ ਦੇ ਹਨ, ਨਾ ਕਿ ਨਵੇਂ ਵੀਜ਼ਾ ਧਾਰਕਾਂ ਦੇ।

ਗੌਰਤਲਬ ਹੈ ਕਿ ਐਚ-1ਬੀ ਵੀਜ਼ਾ ਪ੍ਰੋਗਰਾਮ ਭਾਰਤੀ ਤਕਨੀਕੀ ਮਾਹਿਰਾਂ ਵਿੱਚ ਬਹੁਤ ਮਸ਼ਹੂਰ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਸਰਕਾਰ ਨੇ ਵਧਾਈ ਵਰਕ ਪਰਮਿਟਾਂ ਦੀ ਮਿਆਦ

## ਪੜ੍ਹਾਈ ਪੂਰੀ ਕਰ ਚੁੱਕੇ ਪੰਜਾਬੀ ਵਿਦਿਆਰਥੀਆਂ ਨੂੰ ਵੀ ਮਿਲੇਗੀ ਰਾਹਤ

ਮੈਨੀਟੋਬਾ/ਏ.ਟੀ.ਨਿਊਜ਼: ਕੈਨੇਡਾ ਦੀ ਸੰਘੀ ਸਰਕਾਰ ਨੇ ਮੈਨੀਟੋਬਾ ਵਿੱਚ ਕੰਮ ਕਰ ਰਹੇ ਅੰਤਰਰਾਸ਼ਟਰੀ ਗ੍ਰੈਜੂਏਟਾਂ ਅਤੇ ਕਾਮਿਆਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਸਰਕਾਰ ਨੇ 2,700 ਵਰਕ ਪਰਮਿਟਾਂ ਦੀ ਵੈਧਤਾ ਨੂੰ 31 ਦਸੰਬਰ, 2027 ਤੱਕ ਵਧਾਉਣ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਪ੍ਰੋਵਿੰਸ਼ੀਅਲ ਨੋਮਿਨੀ ਪ੍ਰੋਗਰਾਮ ਦੀਆਂ ਲੰਬਿਤ ਅਰਜ਼ੀਆਂ ’ਤੇ ਸਮੇਂ ਸਿਰ ਫ਼ੈਸਲੇ ਲੈਣ ਲਈ ਲਿਆ ਗਿਆ ਹੈ। ਇਹ ਫ਼ੈਸਲਾ ਉਨ੍ਹਾਂ ਹਜ਼ਾਰਾਂ ਭਾਰਤੀ-ਪੰਜਾਬੀ ਵਿਦਿਆਰਥੀਆਂ ਅਤੇ ਕਾਮਿਆਂ ਲਈ ਮਹੱਤਵਪੂਰਨ ਹੈ ਜਿਨ੍ਹਾਂ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਹੈ ਅਤੇ ਮੈਨੀਟੋਬਾ ਵਿੱਚ ਨੌਕਰੀ ਕਰ ਰਹੇ ਹਨ ਅਤੇ ਨਾਲ ਹੀ ਸਥਾਈ ਨਿਵਾਸ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਹਨ। ਮੈਨੀਟੋਬਾ ਸਰਕਾਰ ਲੰਬੇ ਸਮੇਂ ਤੋਂ ਸੰਘੀ ਸਰਕਾਰ ਤੋਂ ਵਾਧੂ ਸਮਾਂ ਮੰਗ ਰਹੀ ਸੀ। ਕਿਉਂਕਿ ਸੂਬਾਈ ਨਾਮਜ਼ਦਗੀ ਅਰਜ਼ੀਆਂ ਦਾ ਇੱਕ ਮਹੱਤਵਪੂਰਨ ਬੈਕਲਾਗ ਇਕੱਠਾ ਹੋ ਗਿਆ ਸੀ। ਇਹ ਪ੍ਰਸਤਾਵ ਲਾਗੂ ਕਰਨ ਲਈ ਮੈਨੀਟੋਬਾ ਇਮੀਗ੍ਰੇਸ਼ਨ ਮੰਤਰੀ ਮਲਾਇਆ ਮਾਰਸੇਲੀਨੋ ਤੋਂ ਰਸਮੀ ਪ੍ਰਵਾਨਗੀ ਦੀ ਲੋੜ ਹੋਵੇਗੀ। ਸੰਘੀ ਸਰਕਾਰ ਨੇ ਆਪਣੇ ਇਮੀਗ੍ਰੇਸ਼ਨ ਸਿਸਟਮ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਕਦਮ ਰਿਹਾਇਸ਼ ਅਤੇ ਬੁਨਿਆਦੀ ਢਾਂਚੇ ’ਤੇ ਵੱਧ ਰਹੇ ਦਬਾਅ ਨੂੰ ਘਟਾਉਣ ਲਈ ਚੁੱਕਿਆ ਗਿਆ ਹੈ।

ਹਰ ਸਾਲ ਵੱਡੀ ਗਿਣਤੀ ਵਿੱਚ ਭਾਰਤੀ-ਪੰਜਾਬੀ ਵਿਦਿਆਰਥੀ ਮੈਨੀਟੋਬਾ ਵਿੱਚ ਉੱਚ



ਸਿੱਖਿਆ ਪ੍ਰਾਪਤ ਕਰਦੇ ਹਨ। ਉਹ ਪੀ.ਐਨ.ਪੀ. ਰਾਹੀਂ ਸਥਾਈ ਨਿਵਾਸ ਲਈ ਅਰਜ਼ੀ ਦਿੰਦੇ ਹਨ। ਹਾਲ ਹੀ ਦੇ ਸਾਲਾਂ ਵਿੱਚ ਘੱਟ ਦਾਖਲਾ ਗਿਣਤੀ ਕਾਰਨ ਬੈਕਲਾਗ ਵੱਧ ਗਿਆ ਸੀ। ਵਿਦਿਆਰਥੀ ਆਪਣੇ ਵਰਕ ਪਰਮਿਟ ਦੀ ਮਿਆਦ ਪੁੱਗਣ ਤੋਂ ਪਹਿਲਾਂ ਕੈਨੇਡਾ ਛੱਡਣ ਬਾਰੇ ਚਿੰਤਤ ਸਨ। ਵਰਕ ਪਰਮਿਟ ਵਧਾਉਣ ਨਾਲ ਉਨ੍ਹਾਂ ਨੂੰ ਆਪਣੀ ਪੀਆਰ ਅਰਜ਼ੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਵਾਧੂ ਸਮਾਂ ਮਿਲੇਗਾ, ਕੰਮ ਜਾਰੀ ਰੱਖਣ ਦੇ ਮੌਕੇ ਮਿਲਣਗੇ ਅਤੇ ਸਥਾਈ ਨਿਵਾਸ ਪ੍ਰਾਪਤ ਕਰਨ ਦੀਆਂ ਉਨ੍ਹਾਂ ਦੀਆਂ ਸੰਭਾਵਨਾਵਾਂ ਮਜ਼ਬੂਤ ਹੋਣਗੀਆਂ।

ਲਿਬਰਲ ਸੰਸਦ ਮੈਂਬਰ ਟੈਰੀ ਡੁਗੁਇਡ ਨੇ ਇਸ ਫ਼ੈਸਲੇ ਨੂੰ ਮੈਨੀਟੋਬਾ, ਮਾਲਕਾਂ ਅਤੇ ਵਰਕ ਪਰਮਿਟ ਧਾਰਕਾਂ ਲਈ ਖ਼ੁਸ਼ਖ਼ਬਰੀ ਦੱਸਿਆ। ਸੰਸਦ ਮੈਂਬਰ ਕੇਵਿਨ ਲੈਮੋਰੇਕਸ ਨੇ ਕਿਹਾ ਕਿ ਇਸ ਨਾਲ 2,700 ਲੋਕਾਂ ਨੂੰ ਕੈਨੇਡਾ ਵਿੱਚ ਰਹਿਣ ਦਾ ਮੌਕਾ ਮਿਲੇਗਾ। ਮੈਨੀਟੋਬਾ ਬਿਜ਼ਨਸ ਕੌਂਸਲ ਦੇ ਪ੍ਰਧਾਨ ਬ੍ਰਾਮ ਸਟ੍ਰੇਨ ਨੇ ਕਿਹਾ ਕਿ ਜੇਕਰ ਇਹ ਵਾਧਾ ਨਾ ਦਿੱਤਾ ਗਿਆ ਹੁੰਦਾ ਤਾਂ ਉਦਯੋਗਾਂ ਨੂੰ ਕਾਫ਼ੀ ਨੁਕਸਾਨ ਹੁੰਦਾ। ਇਮੀਗ੍ਰੇਸ਼ਨ ਮਾਹਰਾਂ ਨੇ ਇਸ ਫ਼ੈਸਲੇ ਨੂੰ ਕੈਨੇਡਾ ਵੱਲੋਂ ਇੱਕ ਮਹੱਤਵਪੂਰਨ ਰਾਹਤ ਉਪਾਅ ਦੱਸਿਆ ਹੈ। ਇਹ ਫ਼ੈਸਲਾ ਮੈਨੀਟੋਬਾ ਦੀ ਆਰਥਿਕਤਾ ਅਤੇ ਕਿਰਤ ਬਾਜ਼ਾਰ ਨੂੰ ਸਥਿਰ ਕਰਨ ਵਿੱਚ ਵੀ ਮਦਦ ਕਰੇਗਾ।

## ਕੈਨੇਡਾ ਨੇ ਲਿਆਂਦੀ ਸੁਪਰ ਵੀਜ਼ਾ ਦੀ ਪ੍ਰਕਿਰਿਆ ’ਚ ਤੇਜ਼ੀ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਜਾਣ ਦੀ ਯੋਜਨਾ ਬਣਾ ਰਹੇ ਭਾਰਤੀਆਂ ਖ਼ਾਸ ਕਰਕੇ ਪੰਜਾਬੀਆਂ ਲਈ ਖੁਸ਼ਖਬਰੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੇ ਸੁਪਰ ਵੀਜ਼ਾ ਦੀ ਪ੍ਰਕਿਰਿਆ ਨੂੰ ਪਹਿਲਾਂ ਦੇ ਮੁਕਾਬਲੇ ਤੇਜ਼ ਕਰ ਦਿੱਤਾ ਹੈ। ਪਹਿਲਾਂ ਇਸ ਵੀਜ਼ਾ ਪ੍ਰਵਾਨਗੀ ਪ੍ਰਕਿਰਿਆ ਵਿੱਚ ਲਗਭਗ 66 ਦਿਨ ਲੱਗਦੇ ਸਨ, ਪਰ ਹੁਣ ਇਹ ਪ੍ਰਕਿਰਿਆ ਸਿਰਫ਼ 50 ਦਿਨਾਂ ਵਿੱਚ ਪੂਰੀ ਹੋਵੇਗੀ। ਗਰਮੀਆਂ ਦੌਰਾਨ ਅਰਜ਼ੀਆਂ ਦੀ ਵਧਦੀ ਗਿਣਤੀ ਦੇ ਬਾਵਜੂਦ ਪ੍ਰਕਿਰਿਆ ਸਮੇਂ ਵਿੱਚ ਆਈ ਇਹ ਕਮੀ ਪਰਿਵਾਰਾਂ ਲਈ ਇੱਕ ਵੱਡੀ ਰਾਹਤ ਮੰਨੀ ਜਾ ਰਹੀ ਹੈ। ਖ਼ਾਸ ਤੌਰ ’ਤੇ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਨੂੰ ਮਿਲਣ ਲਈ ਕੈਨੇਡਾ ਜਾਣ ਵਾਲੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਇਸ ਫ਼ੈਸਲੇ ਦਾ ਸਿੱਧਾ ਲਾਭ ਹੋਵੇਗਾ।

ਵੀਜ਼ਾ ਪ੍ਰਕਿਰਿਆ ਨੂੰ ਤੇਜ਼ ਕਰਨ ਲਈ, ਬਿਨੈਕਾਰਾਂ ਨੂੰ ਬਾਇਓਮੈਟ੍ਰਿਕਸ ਸਲਾਟ ਜਲਦੀ ਤੋਂ ਜਲਦੀ ਬੁੱਕ ਕਰਨ ਦੀ ਸਲਾਹ ਦਿੱਤੀ ਗਈ ਹੈ। ਪਹਿਲਾਂ ਲੰਬਿਤ ਅਰਜ਼ੀਆਂ ਕਾਰਨ ਦੇਰੀ ਹੁੰਦੀ ਸੀ, ਪਰ ਹੁਣ ਪ੍ਰਕਿਰਿਆ ਨੂੰ ਸੁਚਾਰੂ ਅਤੇ ਹੋਰ ਤੇਜ਼ ਬਣਾਇਆ ਗਿਆ ਹੈ। ਸਮੇਂ ਸਿਰ ਸਾਰੇ ਦਸਤਾਵੇਜ਼ ਜਮ੍ਹਾਂ ਕਰਨ ਨਾਲ ਪ੍ਰਵਾਨਗੀ ਮਿਲਣ ਵਿੱਚ ਆਸਾਨੀ ਹੋ ਜਾਵੇਗੀ।

ਸਟੱਡੀ ਪਰਮਿਟਾਂ ਦੀ ਪ੍ਰਕਿਰਿਆ ਵਰਤਮਾਨ ਵਿੱਚ 5 ਹਫ਼ਤਿਆਂ ਦੇ ਅੰਦਰ ਕੀਤੀ ਜਾ ਰਹੀ ਹੈ। 2026 ਦੇ ਪਤਝੜ ਸੈਸ਼ਨ ਲਈ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ ਨੂੰ ਜਲਦੀ ਅਰਜ਼ੀ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ। ਵਰਕ ਪਰਮਿਟ ਦੀ ਪ੍ਰਕਿਰਿਆ ਵਿੱਚ ਕੋਈ ਬਦਲਾਅ ਨਹੀਂ ਹੈ ਅਤੇ ਇਸ ਵਿੱਚ 9 ਹਫ਼ਤੇ ਲੱਗਦੇ ਰਹਿੰਦੇ ਹਨ। ਯੋਗ ਵਿਦਿਆਰਥੀ ਤੇਜ਼ ਪ੍ਰਕਿਰਿਆ ਲਈ ਸਟੂਡੈਂਟ ਡਾਇਰੈਕਟ ਸਟ੍ਰੀਮ ਰਾਹੀਂ ਅਰਜ਼ੀ ਦੇ ਸਕਦੇ ਹਨ।ਵੀਜ਼ਾ ਪ੍ਰਕਿਰਿਆ ਵਿੱਚ ਕਿਸੇ ਵੀ ਦੇਰੀ ਤੋਂ ਬਚਣ ਲਈ, ਸਾਰੇ ਜ਼ਰੂਰੀ ਦਸਤਾਵੇਜ਼ ਪਹਿਲਾਂ ਤੋਂ ਤਿਆਰ ਰੱਖੋ। ਸਹੀ ਜਾਣਕਾਰੀ ਨਾਲ ਅਰਜ਼ੀ ਫਾਰਮ ਭਰੋ, ਸਮੇਂ ਸਿਰ ਬਾਇਓਮੈਟ੍ਰਿਕਸ ਪੂਰਾ ਕਰੋ ਅਤੇ ਨਿਰਧਾਰਿਤ ਪ੍ਰਕਿਰਿਆਵਾਂ ਦੀ ਪਾਲਣਾ ਕਰੋ। ਇਸ ਨਾਲ ਤੁਹਾਡੀ ਅਰਜ਼ੀ ’ਤੇ ਜਲਦੀ ਪ੍ਰਕਿਰਿਆ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

## ਵਿਨੀਪੈਗ ਦੇ ‘ਗੁਰਦੁਆਰਾ ਕਲਗੀਧਰ ਦਰਬਾਰ’ ਦੀ ਨਵੀਂ ਬਹੁ ਮੰਜ਼ਿਲਾਂ ਇਮਾਰਤ ਦੀ ਉਸਾਰੀ ਸ਼ੁਰੂ

ਵਿਨੀਪੈਗ/ਏ.ਟੀ.ਨਿਊਜ਼: ਵਿਨੀਪੈਗ ਦੇ ਗੁਰਦੁਆਰਾ ਕਲਗੀਧਰ ਦਰਬਾਰ ਦੀ ਨਵੀਂ ਬਹੁ ਮੰਜ਼ਿਲਾਂ ਇਮਾਰਤ ਦੀ ਉਸਾਰੀ ਲਈ ਨੀਂਹ ਪੱਥਰ ਰੱਖਿਆ ਗਿਆ। ਪੰਜ ਪਿਆਰਿਆਂ ਦੀ ਅਗਵਾਈ ਹੇਠ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।



ਸਮਾਗਮ ਵਿੱਚ ਕੈਨੇਡਾ ਦੇ ਸੰਸਦ ਮੈਂਬਰ ਕੇਵਿਨ ਲੈਮਰੂ, ਮੈਨੀਟੋਬਾ ਦੇ ਵਿਧਾਇਕ ਦਲਜੀਤ ਪਾਲ ਸਿੰਘ ਬਰਾੜ ਅਤੇ ਪੰਜਾਬੀ ਭਾਈਚਾਰੇ ਨਾਲ ਜੁੜੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਬੁਲਾਰਿਆਂ ਨੇ ਕਿਹਾ ਕਿ ਗੁਰੂ ਘਰ ਦੀ ਸੇਵਾ ਅਤੇ ਭਾਈਚਾਰਕ ਏਕਤਾ ਹੀ ਇਸ ਪ੍ਰਾਜੈਕਟ ਦੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਇਸ ਉਸਾਰੀ ਨੂੰ ਸੰਗਤਾਂ ਦੇ ਸਾਂਝੇ ਯਤਨਾਂ ਦਾ ਨਤੀਜਾ ਦੱਸਦਿਆਂ ਭਵਿੱਖ ਵਿੱਚ ਵੀ ਸਹਿਯੋਗ ਜਾਰੀ ਰੱਖਣ ਦੀ ਅਪੀਲ ਕੀਤੀ।

ਗੁਰਦੁਆਰਾ ਪ੍ਰਬੰਧਕਾਂ ਅਨੁਸਾਰ ਵਿਨੀਪੈਗ ਵਿੱਚ ਪੰਜਾਬੀ ਅਤੇ ਸਿੱਖ ਭਾਈਚਾਰੇ ਦੀ ਲਗਾਤਾਰ ਵਧ ਰਹੀ ਆਬਾਦੀ ਕਾਰਨ ਗੁਰਦੁਆਰਾ ਸਾਹਿਬ ਵਿੱਚ ਆਉਣ ਵਾਲੀਆਂ ਸੰਗਤਾਂ ਦੀ ਗਿਣਤੀ ਵਿੱਚ ਵੀ ਵੱਡਾ ਵਾਧਾ ਹੋਇਆ ਹੈ। ਮੌਜੂਦਾ ਇਮਾਰਤ ਦੀ ਸੀਮਿਤ ਸਮਰੱਥਾ ਕਾਰਨ ਗੁਰਪੁਰਬਾਂ, ਧਾਰਮਿਕ ਸਮਾਗਮਾਂ ਅਤੇ ਭਾਈਚਾਰਕ ਗਤੀਵਿਧੀਆਂ ਦੌਰਾਨ ਥਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ। ਇਸੇ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਨਵੀਂ ਬਹੁਮੰਜ਼ਲੀ ਇਮਾਰਤ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਹੈ।

ਪ੍ਰਬੰਧਕਾਂ ਨੇ ਦੱਸਿਆ ਕਿ ਨਵੀਂ ਇਮਾਰਤ ਵਿੱਚ ਵਿਸ਼ਾਲ ਦਰਬਾਰ ਹਾਲ, ਲੰਗਰ ਹਾਲ, ਆਧੁਨਿਕ ਰਸੋਈ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਵਿਕਸਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਿਰਫ਼ ਧਾਰਮਿਕ ਅਸਥਾਨ ਹੀ ਨਹੀਂ, ਸਗੋਂ ਵਿੱਦਿਅਕ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਦਾ ਵੀ ਮਹੱਤਵਪੂਰਨ ਕੇਂਦਰ ਬਣੇਗਾ। ਸੰਗਤਾਂ ਦੇ ਸਹਿਯੋਗ ਨਾਲ ਉਸਾਰੀ ਦਾ ਕੰਮ ਜਲਦੀ ਮੁਕੰਮਲ ਕਰਨ ਦਾ ਭਰੋਸਾ ਵੀ ਪ੍ਰਗਟਾਇਆ ਗਿਆ।

ਜ਼ਿਕਰਯੋਗ ਹੈ ਕਿ 2021 ਦੀ ਕੈਨੇਡੀਅਨ ਮਰਦਮਸ਼ੁਮਾਰੀ ਮੁਤਾਬਕ ਵਿਨੀਪੈਗ ਦੀ ਕੁੱਲ ਆਬਾਦੀ 7.49 ਲੱਖ ਤੋਂ ਵੱਧ ਸੀ, ਜਿਸ ਵਿੱਚ ਲਗਭਗ 4.4 ਫ਼ੀਸਦੀ, ਭਾਵ ਕਰੀਬ 35 ਹਜ਼ਾਰ ਲੋਕ ਸਿੱਖ ਭਾਈਚਾਰੇ ਨਾਲ ਸਬੰਧਿਤ ਹਨ। ਮੈਨੀਟੋਬਾ ਵਿੱਚ ਸਿੱਖ ਧਰਮ ਇਸਾਈ ਧਰਮ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਧਰਮ ਹੈ ਅਤੇ ਸੂਬੇ ਦੀ ਕਰੀਬ 2.7 ਫ਼ੀਸਦੀ ਆਬਾਦੀ ਸਿੱਖ ਭਾਈਚਾਰੇ ਨਾਲ ਸਬੰਧਿਤ ਹੈ।

# ਪੀ.ਆਰ. ਅਤੇ ਸਿਟੀਜ਼ਨਸ਼ਿਪ ਧਾਰਕਾਂ ਨੇ ਛੱਡਿਆ ਕੈਨੇਡਾ

## ਪ੍ਰਧਾਨ ਮੰਤਰੀ ਦੀਆਂ ਨੀਤੀਆਂ ’ਤੇ ਕਿਉਂ ਉੱਠੇ ਸਵਾਲ ?

## ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ’ਚੋਂ ਸਭ ਤੋਂ ਵੱਧ ਪਲਾਇਨ

ਦੁਨੀਆ ਭਰ ਦੇ ਲੋਕਾਂ, ਖਾਸ ਕਰਕੇ ਪੰਜਾਬੀਆਂ ਲਈ ਸੁਪਨਿਆਂ ਦੀ ਧਰਤੀ ਮੰਨਿਆ ਜਾਣ ਵਾਲਾ ਦੇਸ਼ ਕੈਨੇਡਾ ਅੱਜ ਆਪਣੇ ਇਤਿਹਾਸ ਦੇ ਸਭ ਤੋਂ ਗੰਭੀਰ ਅੰਦਰੂਨੀ ਅਤੇ ਬਾਹਰੀ ਸੰਕਟਾਂ ਵਿੱਚੋਂ ਗੁਜ਼ਰ ਰਿਹਾ ਹੈ। ਜਿਸ ਦੇਸ਼ ਵੱਲ ਕਦੇ ਲੋਕਾਂ ਦਾ ਹੜ੍ਹ ਆਉਂਦਾ ਸੀ, ਅੱਜ ਉੱਥੋਂ ਉਲਟੀ ਹਿਜਰਤ (ਪਲਾਇਨ) ਸ਼ੁਰੂ ਹੋ ਚੁੱਕੀ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਸਾਲ 2025 ਵਿੱਚ 1 ਲੱਖ 20 ਹਜ਼ਾਰ ਲੋਕ ਕੈਨੇਡਾ ਛੱਡ ਗਏ ਸਨ ਅਤੇ ਮੌਜੂਦਾ ਵਰ੍ਹੇ (2026) ਦੀ ਪਹਿਲੀ ਤਿਮਾਹੀ ਵਿੱਚ ਹੀ ਲਗਭਗ 30 ਹਜ਼ਾਰ ਲੋਕਾਂ ਨੇ ਦੇਸ਼ ਨੂੰ ਅਲਵਿਦਾ ਕਹਿ ਦਿੱਤਾ ਸੀ। ਚਿੰਤਾ ਦੀ ਗੱਲ ਇਹ ਹੈ ਕਿ ਦੇਸ਼ ਛੱਡਣ ਵਾਲਿਆਂ ਵਿੱਚ ਸਿਰਫ਼ ਅਸਥਾਈ ਪ੍ਰਵਾਸੀ ਨਹੀਂ, ਸਗੋਂ ਪੱਕੇ ਤੌਰ ’ਤੇ ਰਹਿ ਰਹੇ ਪੀ.ਆਰ. ਅਤੇ ਸਿਟੀਜ਼ਨਸ਼ਿਪ ਧਾਰਕ ਵੀ ਸ਼ਾਮਲ ਹਨ। ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਰਗੇ ਵੱਡੇ ਸੂਬੇ ਇਸ ਪਲਾਇਨ ਦਾ ਮੁੱਖ ਕੇਂਦਰ ਬਣੇ ਹੋਏ ਹਨ।

**ਮਹਿੰਗਾਈ, ਬੇਰੁਜ਼ਗਾਰੀ ਅਤੇ ਆਰਥਿਕ ਮੰਦਹਾਲੀ ਦਾ ਕੁਚੱਕਰ**

ਕੈਨੇਡਾ ਦੇ ਇਸ ਮੌਜੂਦਾ ਸੰਕਟ ਦੇ ਪਿੱਛੇ ਕੋਈ ਇੱਕ ਕਾਰਨ ਨਹੀਂ, ਸਗੋਂ ਕਈ ਗੰਭੀਰ ਆਰਥਿਕ ਚੁਣੌਤੀਆਂ ਦਾ ਸੁਮੇਲ ਹੈ:

ਸੁਸਤ ਆਰਥਿਕ ਵਿਕਾਸ: ਤਾਜ਼ਾ ਆਰਥਿਕ ਰਿਪੋਰਟਾਂ ਮੁਤਾਬਕ ਸਾਲ 2026 ਵਿੱਚ ਕੈਨੇਡਾ ਦੀ ਜੀਡੀਪੀ ਵਿਕਾਸ ਦਰ ਮਹਿਜ਼ 0.5% ਰਹਿਣ ਦਾ ਅਨੁਮਾਨ ਹੈ, ਜੋ ਕਿ ਇੱਕ ਤਕਨੀਕੀ ਮੰਦੀ ਅਤੇ ਆਰਥਿਕ ਸੁਸਤੀ ਦਾ ਸਪੱਸ਼ਟ ਸੰਕੇਤ ਹੈ ਬੇਰੁਜ਼ਗਾਰੀ ਦੀ ਮਾਰ: ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 6.6% ’ਤੇ ਸਥਿਰ ਬਣੀ ਹੋਈ ਹੈ। ਨੌਕਰੀਆਂ ਦੀ ਘਾਟ ਕਾਰਨ ਨੌਜਵਾਨ ਅਤੇ ਪੱਕੇ ਨਾਗਰਿਕ ਰੁਜ਼ਗਾਰ ਲਈ ਭਟਕ ਰਹੇ ਹਨ। ਓਨਟਾਰੀਓ ਅਤੇ ਬੀ.ਸੀ. ਵਰਗੇ ਸੂਬਿਆਂ ਵਿੱਚ ਲੇਬਰ ਫੋਰਸ ਸੁੰਗੜ ਰਹੀ ਹੈ ਮਹਿੰਗਾਈ ਅਤੇ ਹਾਊਸਿੰਗ ਸੰਕਟ: ਮੱਧ-ਪੂਰਬ ਦੇ ਤਣਾਅ ਕਾਰਨ ਤੇਲ ਦੀਆਂ ਵਧੀਆਂ ਕੀਮਤਾਂ ਅਤੇ ਅਮਰੀਕਾ ਨਾਲ ਵਪਾਰਕ ਅਨਿਸ਼ਚਿਤਤਾ ਨੇ ਦੇਸ਼ ਅੰਦਰ ਮਹਿੰਗਾਈ ਨੂੰ ਬਹੁਤ ਵਧਾ ਦਿੱਤਾ ਹੈ। ਰਹਿਣ-ਸਹਿਣ ਦਾ ਖਰਚਾ ਇੰਨਾ ਵਧ ਗਿਆ ਹੈ ਕਿ ਆਮ ਮਨੁੱਖ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਮੀਗ੍ਰੇਸ਼ਨ ਨੀਤੀਆਂ ਵਿੱਚ ਅਚਾਨਕ ਕੀਤੇ ਬਦਲਾਵਾਂ ਕਾਰਨ ਹਾਊਸਿੰਗ ਮਾਰਕੀਟ ਅਤੇ ਬਿਲਡਰ ਵੀ ਨਵੇਂ ਪ੍ਰੋਜੈਕਟਾਂ ਤੋਂ ਹੱਥ ਪਿੱਛੇ ਖਿੱਚ ਰਹੇ ਹਨ।

**ਸਿਹਤ ਸੇਵਾਵਾਂ ਦਾ ਜਮੂਦ ਅਤੇ ਸੁਸਤ ਪ੍ਰਣਾਲੀ**

ਆਰਥਿਕ ਤੰਗੀ ਤੋਂ ਇਲਾਵਾ, ਕੈਨੇਡਾ ਦਾ ਸਭ ਤੋਂ ਮਜ਼ਬੂਤ ਪੱਖ ਮੰਨੀ ਜਾਣ ਵਾਲੀ ਸਿਹਤ



ਪ੍ਰਣਾਲੀ ਅੱਜ ਖੁਦ ਬਿਮਾਰ ਨਜ਼ਰ ਆ ਰਹੀ ਹੈ। ਇਲਾਜ ਦੀ ਸੁਸਤ ਪ੍ਰਣਾਲੀ ਕਾਰਨ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਲੋਕਾਂ ਨੂੰ ਸਾਲਾਂਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ, ਜਿਸ ਕਾਰਨ ਮਰੀਜ਼ਾਂ ਦੀ ਹਾਲਤ ਹੋਰ ਵਿਗੜ ਜਾਂਦੀ ਹੈ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਇਹ ਲੋਕਾਂ ਦੀ ਨਿਰਾਸ਼ਾ ਨੂੰ ਹੋਰ ਵਧਾ ਰਿਹਾ ਹੈ।

**ਸਿਆਸੀ ਲੀਡਰਸ਼ਿਪ ’ਤੇ ਸਵਾਲ**

ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀਆਂ ਨੀਤੀਆਂ ’ਤੇ ਵੱਡੇ ਸਵਾਲ ਉੱਠ ਰਹੇ ਹਨ। ਆਲੋਚਕਾਂ ਅਤੇ ਆਮ ਲੋਕਾਂ ਦਾ ਮੰਨਣਾ ਹੈ ਕਿ ਸਰਕਾਰ ਨਵੇਂ ਕੌਮਾਂਤਰੀ ਭਾਈਵਾਲਾਂ ਦੀ ਭਾਲ ਵਿੱਚ ਤਾਂ ਰੁੱਝੀ ਹੋਈ ਹੈ, ਪਰ ਦੇਸ਼ ਦੀ ਅੰਦਰੂਨੀ ਆਰਥਿਕਤਾ, ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੇ ਗੰਭੀਰ ਮੁੱਦਿਆਂ ਵੱਲ ਲੋੜੀਂਦਾ ਧਿਆਨ ਨਹੀਂ ਦੇ ਰਹੀ। ਅਮਰੀਕਾ-ਕੈਨੇਡਾ-ਮੈਕਸੀਕੋ ਸਮਝੌਤੇ ਤਹਿਤ ਲੱਗੇ ਟੈਰਿਫ ਕੈਨੇਡੀਅਨ ਅਰਥਚਾਰੇ ਲਈ ਵੱਡਾ ਸਪੀਡ-ਬ੍ਰੇਕਰ ਸਾਬਤ ਹੋ ਰਹੇ ਹਨ।

**ਕੈਨੇਡਾ ਸਰਕਾਰ ਨੂੰ ਕੀ ਕਰਨ ਦੀ ਲੋੜ ਹੈ?**

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਮੌਜੂਦਾ ਨਿਰਾਸ਼ਾਜਨਕ ਮਾਹੌਲ ਨੂੰ ਬਦਲਣ ਅਤੇ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਕੈਨੇਡਾ ਸਰਕਾਰ ਨੂੰ ਤੁਰੰਤ ਵੱਡੇ ਅਤੇ ਠੋਸ ਕਦਮ ਚੁੱਕਣੇ ਪੈਣਗੇ:

ਹਾਲਾਂਕਿ ਸਰਕਾਰ ਵੱਲੋਂ 500 ਬਿਲੀਅਨ ਡਾਲਰ ਦੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਹੈ, ਪਰ ਇਸ ਵਿੱਚ ਤੇਜ਼ੀ ਲਿਆਉਣੀ ਪਵੇਗੀ। ‘ਮੇਜਰ ਪ੍ਰੋਜੈਕਟਸ ਆਫਿਸ’ ਰਾਹੀਂ ਪ੍ਰਵਾਨਗੀਆਂ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾ ਕੇ ਜਲਦੀ ਤੋਂ ਜਲਦੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨੇ ਹੋਣਗੇ।

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਅਮਰੀਕਾ ਨਾਲ ਚੱਲ ਰਹੇ ਟੈਰਿਫ ਵਿਵਾਦਾਂ ਨੂੰ ਕੂਟਨੀਤਕ ਤਰੀਕੇ ਨਾਲ ਜਲਦੀ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਆਟੋ, ਸਟੀਲ ਅਤੇ ਹੋਰ ਉਦਯੋਗਾਂ ਨੂੰ ਰਾਹਤ ਮਿਲ ਸਕੇ ਅਤੇ ਕਾਰੋਬਾਰੀ ਭਰੋਸਾ ਵਧੇ।

ਸਿਹਤ ਸੇਵਾਵਾਂ ਵਿੱਚ ਸੁਧਾਰ: ਹੈਲਥਕੇਅਰ ਸਿਸਟਮ ਵਿੱਚ ਫੰਡਿੰਗ ਵਧਾਉਣ ਦੇ ਨਾਲ-ਨਾਲ ਡਾਕਟਰਾਂ ਅਤੇ ਮੈਡੀਕਲ ਸਟਾਫ਼ ਦੀ ਕਮੀ ਨੂੰ ਦੂਰ ਕਰਨਾ ਲਾਜ਼ਮੀ ਹੈ, ਤਾਂ ਜੋ ਮਰੀਜ਼ਾਂ ਦੇ ਵੇਟਿੰਗ ਪੀਰੀਅਡ (ਇੰਤਜ਼ਾਰ ਦੇ ਸਮੇਂ) ਨੂੰ ਘਟਾਇਆ ਜਾ ਸਕੇ।

ਇਮੀਗ੍ਰੇਸ਼ਨ ਨੀਤੀਆਂ ਵਿੱਚ ਅਜਿਹੇ ਸੰਤੁਲਨ ਦੀ ਲੋੜ ਹੈ ਜੋ ਦੇਸ਼ ਦੇ ਮੌਜੂਦਾ ਹਾਊਸਿੰਗ ਅਤੇ ਲੇਬਰ ਮਾਰਕੀਟ ਦੇ ਅਨੁਕੂਲ ਹੋਵੇ, ਤਾਂ ਜੋ ਨਾ ਤਾਂ ਮਕਾਨਾਂ ਦੀ ਕਿੱਲਤ ਹੋਵੇ ਅਤੇ ਨਾ ਹੀ ਬੇਰੁਜ਼ਗਾਰੀ ਵਧੇ।

ਕੈਨੇਡਾ ਲਈ ਸਾਲ 2026 ਚੁਣੌਤੀਆਂ ਭਰਿਆ ਹੈ, ਪਰ ਆਰਥਿਕ ਮਾਹਰਾਂ ਮੁਤਾਬਕ ਜੇਕਰ ਵਪਾਰਕ ਚੁਣੌਤੀਆਂ ਘਟਦੀਆਂ ਹਨ ਤਾਂ ਸਾਲ 2027 ਵਿੱਚ ਜੀ.ਡੀ.ਪੀ. ਦੇ 2.1% ਤੱਕ ਜਾਣ ਦੀ ਉਮੀਦ ਹੈ। ਫਿਲਹਾਲ, ਕੈਨੇਡੀਅਨ ਸਰਕਾਰ ਨੂੰ ਬਾਹਰੀ ਮੁੱਦਿਆਂ ਨਾਲੋਂ ਵੱਧ ਆਪਣੇ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਲੋੜਾਂ—ਰੁਜ਼ਗਾਰ, ਸਿਹਤ ਅਤੇ ਸਸਤਾ ਰਹਿਣ-ਸਹਿਣ—ਵੱਲ ਤਵੱਜੋ ਦੇਣੀ ਪਵੇਗੀ, ਤਾਂ ਜੋ ‘ਮਿੰਨੀ ਪੰਜਾਬ’ ਅਤੇ ‘ਸੁਪਨਿਆਂ ਦੀ ਧਰਤੀ’ ਕਹਾਉਣ ਵਾਲੇ ਇਸ ਦੇਸ਼ ਦਾ ਵਜੂਦ ਅਤੇ ਅਕਸ ਕਾਇਮ ਰਹਿ ਸਕੇ।

# ਕਾਲੇ ਦੌਰ ਦੇ ਸ਼ਹੀਦਾਂ ਦੀ ਯਾਦ ’ਚ ਬਣੇਗਾ ਸ਼ਹੀਦੀ ਸਮਾਰਕ: ਜਥੇਦਾਰ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕਾਲੇ ਦੌਰ ਦੌਰਾਨ ਲਾਪਤਾ ਹੋਏ ਸਿੱਖਾਂ ਤੇ ਹਿੰਦੂਆਂ ਦੀ ਯਾਦ ਵਿੱਚ ਸਾਂਝੀ ਅਰਦਾਸ

ਅੰਮ੍ਰਿਤਸਰ/ਪੱਟੀ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਹਰੀਕੇ ਪੱਤਣ ਵਿਖੇ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੇ ਕਾਲੇ ਦੌਰ ਦੌਰਾਨ ਆਪਣੀਆਂ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਯਾਦ ਵਿੱਚ ਉੱਥੇ ਇੱਕ ਸ਼ਹੀਦੀ ਸਮਾਰਕ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਨੇ ਹਰੀਕੇ ਪੱਤਣ ਵਿਖੇ ਉਨ੍ਹਾਂ ਸਾਰੇ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਕਰਵਾਈ ਗਈ ਸਾਂਝੀ ਅਰਦਾਸ ਦੀ ਅਗਵਾਈ ਕੀਤੀ, ਜਿਨ੍ਹਾਂ ਨੂੰ ਪੰਜਾਬ ਵਿੱਚ ਅਤਿਵਾਦ ਦੇ ਦੌਰ ਦੌਰਾਨ ਲਾਪਤਾ ਕਰਾਰ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਲਾਵਾਰਿਸ ਦੱਸ ਕੇ ਸਸਕਾਰ ਕਰ ਦਿੱਤਾ ਗਿਆ ਸੀ ਜਾਂ ਦਰਿਆਵਾਂ ਵਿੱਚ ਵਹਾ ਦਿੱਤਾ ਗਿਆ ਸੀ।

ਜਥੇਦਾਰ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੁਕਮ ਵੀ ਦਿੱਤਾ ਕਿ ਉਹ ਸਾਲ 1982 ਤੋਂ 1995 ਦੇ ਦਰਮਿਆਨ ਹੋਏ ਸਾਰੇ ਵੱਡੇ ਹਾਦਸਿਆਂ ਅਤੇ ਕਤਲੇਆਮ ਦੀ ਰਿਪੋਰਟ ਤੇ ਦਸਤਾਵੇਜ਼ ਤਿਆਰ ਕਰੇ।



ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸਕ ਰਿਕਾਰਡਾਂ ਨੂੰ ਸੰਭਾਲ ਕੇ ਰੱਖਣਾ ਬਹੁਤ ਜ਼ਰੂਰੀ ਹੈ। ਇਹ ਧਾਰਮਿਕ ਸਮਾਗਮ ਉਸ ਵੇਲੇ ਕਰਵਾਇਆ ਗਿਆ ਹੈ ਜਦੋਂ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਬਣੀ ਫ਼ਿਲਮ ‘ਸਤਲੁਜ’ ਦੇ ਰਿਲੀਜ਼ ਹੋਣ ਅਤੇ ਫਿਰ ਹਟਾਏ ਜਾਣ ਤੋਂ ਬਾਅਦ ਪੰਜਾਬ ਦੇ ਦਰਦਨਾਕ ਇਤਿਹਾਸ ’ਤੇ ਜਨਤਕ ਬਹਿਸ ਮੁੜ ਤੇਜ਼ ਹੋ ਗਈ ਹੈ।

ਜਸਵੰਤ ਸਿੰਘ ਖਾਲੜਾ ਨੇ ਆਪਣੀ ਜਾਂਚ ਦੌਰਾਨ ਹਜ਼ਾਰਾਂ ਹੀ ਅਜਿਹੇ ਮਾਮਲਿਆਂ ਦਾ ਖੁਲਾਸਾ ਕੀਤਾ ਸੀ ਜਿੱਥੇ ਗ਼ੈਰ-ਕਾਨੂੰਨੀ ਤਰੀਕੇ ਨਾਲ ਲੋਕਾਂ ਦਾ ਸਸਕਾਰ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਲਾਪਤਾ ਕਰਾਰ ਦਿੱਤਾ ਗਿਆ ਸੀ।

ਇਸ ਅਰਦਾਸ ਸਮਾਗਮ ਦੀ ਸਭ ਤੋਂ ਅਹਿਮ ਗੱਲ ਇਹ ਰਹੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਗਈ ਇਸ ਅਰਦਾਸ ਵਿੱਚ ਸਿਰਫ਼ ਸਿੱਖਾਂ ਨੂੰ ਹੀ ਨਹੀਂ, ਸਗੋਂ ਉਸ ਦੌਰ ਦੌਰਾਨ ਮਾਰੇ ਗਏ ਅਤੇ ਲਾਪਤਾ ਹੋਏ ਹਿੰਦੂ ਪਰਿਵਾਰਾਂ ਦੇ ਮੈਂਬਰਾਂ ਨੂੰ ਵੀ ਯਾਦ ਕੀਤਾ ਗਿਆ। ਇਸ ਸਮਾਗਮ ਨੂੰ ਸਾਰੇ ਪੰਜਾਬੀਆਂ ਦੀ ਸਾਂਝੀ ਅਰਦਾਸ ਦੱਸਦਿਆਂ ਗਿਆਨੀ ਗੜਗੱਜ ਨੇ ਕਿਹਾ ਕਿ ਇਹ ਇਕੱਠ ਧਰਮ ਦੀਆਂ ਦੀਵਾਰਾਂ ਤੋਂ ਉੱਪਰ ਉੱਠ ਕੇ ਹਰ ਉਸ ਬੇਗੁਨਾਹ ਪੀੜਤ ਨੂੰ ਯਾਦ ਕਰਨ ਲਈ ਸੀ ਜਿਸ ਨੇ ਉਸ ਦੌਰ ਵਿੱਚ ਆਪਣੀ ਜਾਨ ਗਵਾਈ ਸੀ।

ਇਸ ਤੋਂ ਪਹਿਲਾਂ ਹਰੀਕੇ ਪੱਤਣ (ਤਰਨ ਤਾਰਨ) ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੱਦੇ ’ਤੇ ਸਮੂਹ ਸਿੱਖ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਵਿਸ਼ੇਸ਼ ਅਰਦਾਸ ਸਮਾਗਮ ਹਰੀਕੇ ਹੈੱਡ ਵਰਕਸ ਦੇ ਕੰਢੇ ਹੋਇਆ।

ਸਮਾਗਮ ਦੀ ਸ਼ੁਰੂਆਤ ਮੁੱਖ ਵਾਕ ਲੈਣ ਤੋਂ ਬਾਅਦ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਈ। ਇਸ ਧਾਰਮਿਕ ਇਕੱਠ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਉਹ ਪੀੜਤ ਪਰਿਵਾਰ ਪੁੱਜੇ ਜਿਨ੍ਹਾਂ ਦੇ ਬੱਚੇ ਜਾਂ ਪਰਿਵਾਰਕ ਮੈਂਬਰ 80 ਅਤੇ 90 ਦੇ ਦਹਾਕੇ ਦੌਰਾਨ ਲਾਪਤਾ ਹੋ ਗਏ ਸਨ। ਇਹ ਪਰਿਵਾਰ ਆਪਣੇ ਲਾਪਤਾ ਹੋਏ ਜੀਆਂ ਦੀਆਂ ਤਸਵੀਰਾਂ ਹੱਥਾਂ ਵਿੱਚ ਫੜ ਕੇ ਬਹੁਤ ਹੀ ਭਾਵੁਕ ਮਾਹੌਲ ਵਿੱਚ ਇਨਸਾਫ਼ ਦੀ ਉਮੀਦ ਨਾਲ ਇੱਥੇ ਇਕੱਠੇ ਹੋਏ।

### ਸਰਕਾਰ ਅਤੇ ਪੁਲਿਸ ਨੇ ਗੁਨਾਹ ਛੁਪਾਉਣ ਲਈ ਜਸਵੰਤ ਸਿੰਘ ਖਾਲੜਾ ਨੂੰ ਸ਼ਹੀਦ ਕੀਤਾ: ਖਾਲੜਾ ਕੇਸ ਦਾ ਮੁੱਖ ਗਵਾਹ



ਹਰੀਕੇ ਪੱਤਣ ਵਿਖੇ ਸ਼ਹੀਦੀ ਅਰਦਾਸ ਸਮਾਗਮ ਦੌਰਾਨ ਖਾਲੜਾ ਕੇਸ ਦੇ ਮੁੱਖ ਗਵਾਹ ਰਾਜੀਵ ਸਿੰਘ ਰੰਧਾਵਾ ਨੇ ਕਿਹਾ ਕਿ ਕਿ ਭਾਈ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੀ ਜਾਨ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਸਵੰਤ ਸਿੰਘ ਖਾਲੜਾ ਨੇ ਉਸ ਵਕਤ ਹਰੇਕ ਨਿਰਦੋਸ਼ ਵਿਅਕਤੀ ਦੀ ਹੱਤਿਆ ਦੇ ਖਿਲਾ਼ਫ ਆਵਾਜ਼ ਬੁਲੰਦ ਕੀਤੀ ਸੀ। ਖਾਲੜਾ ਦਾ ਮਿਸ਼ਨ ਹੀ ਨਿਰਦੋਸ਼ ਵਿਅਕਤੀਆਂ ਦੀਆਂ ਮੌਤਾਂ ਖਿਲਾ਼ਫ ਆਵਾਜ਼ ਚੁੱਕਣਾ ਸੀ ਜਿਸ ਕਰਕੇ ਉਸ ਵਕਤ ਦੀ ਹਕੂਮਤ ਅਤੇ ਪੁਲਿਸ ਅ਼ਫਸਰਾਂ ਨੇ ਆਪਣੇ ਗੁਨਾਹਾਂ ਨੂੰ ਛੁਪਾਉਣ ਲਈ ਭਾਈ ਜਸਵੰਤ ਸਿੰਘ ਖਾਲੜਾ ਉਪਰ ਅਣਮਨੁੱਖੀ ਤਸ਼ੱਦਦ ਕਰਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ। ਉਹਨਾਂ ਕਿਹਾ ਕਿ ਖਾਲੜਾ ਮਿਸ਼ਨ ਕਮੇਟੀ (ਬਾਕੀ ਸਫ਼ਾ 27 ’ਤੇ)

## ਪੀ.ਯੂ.ਡੀ.ਆਰ. ਦੀ 2025 ਦੀ ਰਿਪੋਰਟ ਦਾ ਧਮਾਕਾ

# 42 ਸਾਲਾਂ ਬਾਅਦ ਵੀ 1984 ਦੇ ਸਿੱਖ ਪੀੜਤ ਇਨਸਾਫ਼ ਤੋਂ ਵਾਂਝੇ

## 1984 ਅਤੇ ਹੋਰ ਘੱਟ ਗਿਣਤੀ ਕੌਮਾਂ ਦੀਆਂ ਨਸਲਕੁਸ਼ੀਆਂ ਬਾਰੇ ਨਿਆਂ ਕਿੱਥੇ?

## ਪੂੰਜੀਵਾਦੀ ਪਾਰਟੀਆਂ ਅਤੇ ਜਾਂਚ ਕਮਿਸ਼ਨਾਂ ਦੇ ਵੱਡੇ ਡਰਾਮੇ ਦਾ ਪਰਦਾ਼ਫਾਸ਼

## ਸੱਤਾ ਦਾ ਅਣਲਿਖਿਆ ਸਮਝੌਤਾ: ਚਾਹੇ ਕਾਂਗਰਸ ਹੋਵੇ ਜਾਂ ਭਾਜਪਾ, ਜਾਂਚ ਕਮਿਸ਼ਨਾਂ ਨੇ ਹਮੇਸ਼ਾ ਬਚਾਏ ‘ਵੱਡੇ ਮਗਰਮੱਛ’

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਦੇਸ਼ ਵਿੱਚ ਘੱਟ ਗਿਣਤੀ ਕੌਮਾਂ ਨਾਲ ਕੋਈ ਵੱਡਾ ਨਸਲਕੁਸ਼ੀ ਜਾਂ ਦੰਗਾ ਹੋਇਆ ਹੈ, ਉਦੋਂ-ਉਦੋਂ ਪੀੜਤਾਂ ਨੂੰ ਇਨਸਾ਼ਫ ਦੇਣ ਦੀ ਬਜਾਏ ਹਾਕਮ ਜਮਾਤ ਅਤੇ ਪੂੰਜੀਵਾਦੀ ਸਿਆਸੀ ਪਾਰਟੀਆਂ ਨੇ ਆਪਣੀ ਖੱਲ ਬਚਾਉਣ ਲਈ ‘ਜਾਂਚ ਕਮਿਸ਼ਨਾਂ’ ਦਾ ਇੱਕ ਸਾਜਿਸ਼ੀ ਨਾਟਕ ਰਚਿਆ ਕਿ ਅਸੀਂ ਇਨਸਾ਼ਫ ਕਰ ਰਹੇ ਹਾਂ। ਜਦਕਿ ਇਹ ਮਾਮਲੇ ਲਟਕਾਏ ਗਏ। 1984 ਦੀ ਸਿੱਖ ਨਸਲਕੁਸ਼ੀ ਹੋਵੇ, 2002 ਦਾ ਗੁਜਰਾਤ ਦੰਗਾ ਜਾਂ 2013 ਦਾ ਮੁਜ਼ੱਫ਼ਰਨਗਰ ਦੰਗਾ—ਕਹਾਣੀ ਹਰ ਵਾਰ ਇੱਕੋ ਜਿਹੀ ਹੀ ਦੁਹਰਾਈ ਜਾਂਦੀ ਹੈ।

‘ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼’ ਅਤੇ ‘ਪੀਪਲਜ਼ ਯੂਨੀਅਨ ਫ਼ਾਰ ਡੈਮੋਕ੍ਰੇਟਿਕ ਰਾਈਟਸ’ ਦੀ ਨਵੰਬਰ 2025 ਦੀ 45 ਪੰਨਿਆਂ ਦੀ ਵਿਸਥਾਰਤ ਰਿਪੋਰਟ ਇਸੇ ਕੌੜੇ ਸੱਚ ਦਾ ਪਰਦਾ਼ਫਾਸ਼ ਕਰਦੀ ਹੈ। 1984 ਦੀ ਸਿੱਖ ਨਸਲਕੁਸ਼ੀ ਦੇ 42 ਸਾਲਾਂ ਬਾਅਦ ਅਤੇ ਦਿੱਲੀ ਹਾਈ ਕੋਰਟ ਦੇ ‘ਰਾਜ ਬਨਾਮ ਸੱਜਣ ਕੁਮਾਰ ਅਤੇ ਹੋਰ (2018)’ ਮਾਮਲੇ ਵਿੱਚ ਆਏ ਇਤਿਹਾਸਕ ਫ਼ੈਸਲੇ ਦੇ 7 ਸਾਲਾਂ ਬਾਅਦ ਵੀ, ਪੀੜਤਾਂ ਲਈ ਮੁਕੱਦਮਿਆਂ ਦੀ ਰ਼ਫਤਾਰ ਕੱਛੂਕੁੰਮੇ ਵਰਗੀ ਹੈ।

ਸਰਕਾਰੀ ਕਮਿਸ਼ਨਾਂ ਦਾ ਰਵੱਈਆ ਹਮੇਸ਼ਾ ਪੀੜਤਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਵਾਲਾ ਰਿਹਾ ਹੈ। ਰੰਗਨਾਥ ਮਿਸ਼ਰਾ ਕਮਿਸ਼ਨ (1985) ਹਿੰਸਾ ਦੇ 6 ਮਹੀਨਿਆਂ ਬਾਅਦ ਬਣਾਇਆ ਗਿਆ ਸੀ।ਇਸ ਕਮਿਸ਼ਨ ਨੇ ਨਵੰਬਰ 1984 ਦੀ ਸਰਕਾਰੀ ਸ਼ਹਿ ਪ੍ਰਾਪਤ ਹਿੰਸਾ ਨੂੰ ਸਿਰ਼ਫ ‘ਲੋਕਾਂ ਦਾ ਪ੍ਰਤੀਕਰਮ’ ਦੱਸਿਆ ,ਜਦਕਿ ਇਹ ਸਟੇਟ ਦੀ ਗੁੰਡਾਗਰਦੀ ਸੀ। ਇਸ ਕਮਿਸ਼ਨ ਨੇ ਰਾਜੀਵ ਗਾਂਧੀ ਅਤੇ ਕਾਂਗਰਸ ਦੇ ਚੋਟੀ ਦੇ ਆਗੂਆਂ ਨੂੰ ਪੂਰੀ ਤਰ੍ਹਾਂ ਕਲੀਨ ਚਿੱਟ ਦੇ ਦਿੱਤੀ। ਕਮਿਸ਼ਨ ਨੇ ‘ਇਨ-ਕੈਮਰਾ’ ਰਿਕਾਰਡਿੰਗ ਕਰਕੇ ਅਤੇ ਪੀੜਤਾਂ ਦੇ ਨਾਮ-ਪਤੇ ਜਨਤਕ ਕਰਕੇ ਗਵਾਹਾਂ ਦੀ ਸੁਰੱਖਿਆ ਨੂੰ ਹੋਰ ਖ਼ਤਰੇ ਵਿੱਚ ਪਾ ਦਿੱਤਾ। ਇਸ ਨਾਲ ਸਥਾਨਕ ਗੁੰਡਿਆਂ ਨੂੰ ਪਤਾ ਲੱਗ ਗਿਆ ਕਿ ਕਿਸ ਨੇ ਕਿਸ ਦੇ ਖ਼ਿਲਾ਼ਫ ਗਵਾਹੀ ਦਿੱਤੀ ਹੈ। ਜਦੋਂ ਪੀੜਤਾਂ ਦੇ ਪਤੇ ਜਨਤਕ ਹੋ ਗਏ, ਤਾਂ ਇਲਾਕੇ ਦੇ ਤਾਕਤਵਰ ਕਾਂਗਰਸੀ ਆਗੂਆਂ ਅਤੇ ਪੁਲਿਸ ਅਧਿਕਾਰੀਆਂ ਨੇ ਗਵਾਹਾਂ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ। ਪੀੜਤ ਬਹੁਤ ਗਰੀਬ ਅਤੇ ਬੇਸਹਾਰਾ ਸਨ। ਆਪਣੀ ਅਤੇ ਆਪਣੇ ਬਚੇ ਹੋਏ ਪਰਿਵਾਰ ਦੀ ਜਾਨ ਬਚਾਉਣ ਲਈ, ਬਹੁਤ ਸਾਰੇ ਪੀੜਤਾਂ ਨੂੰ ਦਬਾਅ ਹੇਠ ਆਪਣੇ ਬਿਆਨ ਬਦਲਣੇ ਪਏ ਜਾਂ ਅਜਿਹੇ ਹਲ਼ਫਨਾਮੇ ਦੇਣੇ ਪਏ ਜੋ ਦੋਸ਼ੀਆਂ ਦੇ ਹੱਕ ਵਿੱਚ ਸਨ। ਕਮਿਸ਼ਨ ਨੇ ਸੁਣਵਾਈ ਜਨਤਕ ਅਦਾਲਤ ਵਿੱਚ ਕਰਨ ਦੀ ਬਜਾਏ ਬੰਦ ਕਮਰੇ ਵਿੱਚ ਕੀਤੀ। ਇਸ ਨਾਲ ਪੀੜਤਾਂ ਨੂੰ ਸਮਾਜਿਕ ਸੁਰੱਖਿਆ ਜਾਂ ਮੀਡੀਆ ਦੀ ਸਪੋਰਟ ਨਾ ਮਿਲ ਸਕੀ। ਬੰਦ ਕਮਰੇ ਦੇ ਅੰਦਰ ਪੀੜਤਾਂ ’ਤੇ ਸਰਕਾਰੀ ਤੰਤਰ ਅਤੇ ਸੱਤਾਧਾਰੀ ਜਮਾਤ ਦਾ ਦਬਾਅ ਬਹੁਤ ਜ਼ਿਆਦਾ ਸੀ, ਜਿਸ ਕਾਰਨ ਉਹ ਖੁੱਲ੍ਹ ਕੇ ਸੱਚ ਨਾ ਬੋਲ ਸਕੇ। ਰਿਪੋਰਟਾਂ ਮੁਤਾਬਕ ਸੱਤਾਧਾਰੀ ਪਾਰਟੀ ਦੇ ਆਗੂਆਂ ਅਤੇ ਪੁਲਿਸ ਨੇ ਮਿਲੀਭੁਗਤ ਕਰਕੇ ਵੱਡੀ ਗਿਣਤੀ ਵਿੱਚ ਫ਼ਰਜ਼ੀ ਜਾਂ ਨਕਲੀ ਹਲ਼ਫਨਾਮੇ ਤਿਆਰ ਕਰਵਾ ਕੇ ਕਮਿਸ਼ਨ ਅੱਗੇ ਪੇਸ਼ ਕੀਤੇ। ਇਨ੍ਹਾਂ ਵਿੱਚ ਦਿਖਾਇਆ ਗਿਆ ਕਿ ਸਥਾਨਕ ਆਗੂ ਤਾਂ ਬੇਕਸੂਰ ਸਨ ਅਤੇ ਉਹ ਹਿੰਸਾ ਨਹੀਂ ਸਗੋਂ ਸ਼ਾਂਤੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਕਮਿਸ਼ਨ ਦੇ




ਪੱਖਪਾਤੀ ਰਵੱਈਏ, ਪੁਲਿਸ ਦੇ ਦਬਾਅ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਕਾਰਨ ਇਨਸਾ਼ਫ ਦਾ ਇਹ ਪੂਰਾ ਤਾਣਾ-ਬਾਣਾ ਉਲਟਾ ਦਿੱਤਾ ਗਿਆ, ਜਿਸ ਨਾਲ ਸੱਚੇ ਪੀੜਤਾਂ ਦੇ ਹਲ਼ਫਨਾਮੇ ਵੀ ਉਨ੍ਹਾਂ ਦੇ ਹੀ ਖ਼ਿਲਾ਼ਫ ਭੁਗਤ ਗਏ।

ਨਾਨਾਵਤੀ ਕਮਿਸ਼ਨ (2000): ਭਾਜਪਾ ਦੀ ਐਨ.ਡੀ.ਏ. ਸਰਕਾਰ ਨੇ ਨਾਨਾਵਤੀ ਕਮਿਸ਼ਨ ਬਣਾਇਆ ਸੀ। ਇਸ ਕਮਿਸ਼ਨ ਨੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਵਰਗੇ ਆਗੂਆਂ ਖ਼ਿਲਾ਼ਫ ਸਬੂਤਾਂ ਨੂੰ ਸਹੀ ਮੰਨਿਆ ਪਰ ਕਮਿਸ਼ਨ ਨੇ ਤਤਕਾਲੀ ਗ੍ਰਹਿ ਮੰਤਰੀ ਨਰਸਿਮਹਾ ਰਾਓ ਨੂੰ ਪੂਰੀ ਤਰ੍ਹਾਂ ਬਚਾ ਲਿਆ। ਕਮਲਨਾਥ ’ਤੇ ਸ੍ਰੀ ਰਕਾਬਗੰਜ ਗੁਰਦੁਆਰਾ ਸਾਹਿਬ ਵਿਖੇ ਹਿੰਸਾ ਦੇ ਦੋਸ਼ ਸਨ, ਪਰ ਉਸ ’ਤੇ ਵੀ ਕੋਈ ਕਾਰਵਾਈ ਨਹੀਂ ਹੋਈ।ਕਮਿਸ਼ਨ ਨੇ ਲੈ਼ਫਟੀਨੈਂਟ ਗਵਰਨਰ, ਪੁਲਿਸ ਕਮਿਸ਼ਨਰ ਅਤੇ ਡੀ.ਸੀ.ਪੀ. ਆਮੋਦ ਕੰਠ ਵਰਗੇ ਵੱਡੇ ਅਧਿਕਾਰੀਆਂ ਨੂੰ ਵੀ ਸਾ਼ਫ ਬਚਾ ਲਿਆ ਗਿਆ। 20 ਸਾਲ ਦੀ ਦੇਰੀ ਦਾ ਬਹਾਨਾ ਬਣਾ ਕੇ ਇਨ੍ਹਾਂ ਸਾਰੇ ਵੱਡੇ ਮਗਰਮੱਛਾਂ ਨੂੰ ਛੱਡ ਦਿੱਤਾ ਗਿਆ। ਅਖੀਰ ਵਿੱਚ, ਸਿਰ਼ਫ ਹੇਠਲੇ ਪੱਧਰ ਦੇ ਪੁਲਿਸ ਮੁਲਾਜ਼ਮਾਂ ਅਤੇ ਮਾਮੂਲੀ ਲੁਟੇਰਿਆਂ ਨੂੰ ਹੀ ਦੋਸ਼ੀ ਠਹਿਰਾਇਆ ਗਿਆ।

**ਵਿਸ਼ਨੂੰ ਸਹਾਏ ਕਮਿਸ਼ਨ (2013 ਮੁਜ਼ੱ਼ਫਰਨਗਰ ਦੰਗੇ):** ਮੁਜ਼ੱ਼ਫਰਨਗਰ ਦੰਗੇ (2013) ਭਾਰਤ ਦੇ ਸਭ ਤੋਂ ਭਿਆਨਕ ਫ਼ਿਰਕੂ ਦੰਗਿਆਂ ਵਿੱਚੋਂ ਇੱਕ ਸਨ, ਜੋ ਉੱਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਵਿੱਚ ਹੋਏ ਸਨ। ਪੀ.ਯੂ.ਡੀ.ਆਰ. ਅਤੇ ਹੋਰ ਨਾਗਰਿਕ ਸੰਗਠਨਾਂ ਦੀਆਂ ਰਿਪੋਰਟਾਂ ਦੇ ਆਧਾਰ ’ਤੇ, ਇਹ ਦੰਗੇ ਕੋਈ ਅਚਾਨਕ ਹੋਈ ਘਟਨਾ ਨਹੀਂ ਸਨ, ਸਗੋਂ ਇਸ ਦੇ ਪਿੱਛੇ ਕੁਝ ਮੁੱਖ ਅਤੇ ਡੂੰਘੇ ਕਾਰਨ ਸਨ: ਦੰਗਿਆਂ ਦੀ ਸ਼ੁਰੂਆਤ 27 ਅਗਸਤ 2013 ਨੂੰ ਮੁਜ਼ੱ਼ਫਰਨਗਰ ਦੇ ਕਵਾਲ ਪਿੰਡ ਵਿੱਚ ਇੱਕ ਮਾਮੂਲੀ ਮੋਟਰਸਾਈਕਲ ਦੁਰਘਟਨਾ ਤੋਂ ਹੋਈ। ਇਸ ਬਹਿਸ ਨੇ ਹਿੰਸਕ ਰੂਪ ਲੈ ਲਿਆ, ਜਿਸ ਵਿੱਚ ਦੋ ਵੱਖ-ਵੱਖ ਫ਼ਿਰਕਿਆਂ ਦੇ ਤਿੰਨ ਨੌਜਵਾਨਾਂ (ਗੌਰਵ, ਸਚਿਨ ਅਤੇ ਸ਼ਾਹਨਵਾਜ਼) ਦੀ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਨੇ ਇਲਾਕੇ ਵਿੱਚ ਤਣਾਅ ਬਹੁਤ ਜ਼ਿਆਦਾ ਵਧਾ ਦਿੱਤਾ।ਤਣਾਅ ਵਧਣ ਦਾ ਸਭ ਤੋਂ ਵੱਡਾ ਕਾਰਨ ਇੱਕ ਫ਼ਰਜ਼ੀ ਵੀਡੀਓ ਸੀ, ਜਿਸ ਨੂੰ ਸੋਸ਼ਲ ਮੀਡੀਆ ਅਤੇ ਵਟਸਐਪ ’ਤੇ ਤੇਜ਼ੀ ਨਾਲ ਫ਼ੈਲਾਇਆ ਗਿਆ। ਇਹ ਵੀਡੀਓ ਅਸਲ ਵਿੱਚ ਕਿਸੇ ਦੂਜੇ ਦੇਸ਼ (ਪਾਕਿਸਤਾਨ) ਦੀ ਸੀ, ਪਰ ਇਸ ਨੂੰ ਕਵਾਲ ਪਿੰਡ ਦੀ ਘਟਨਾ ਦੱਸ ਕੇ ਪ੍ਰਚਾਰਿਆ ਗਿਆ। ਇਸ ਅ਼ਫਵਾਹ ਨੇ ਲੋਕਾਂ ਵਿੱਚ ਗੁੱਸਾ ਅਤੇ ਨ਼ਫਰਤ ਭਰ ਦਿੱਤੀ।

ਦੋਵਾਂ ਪਾਸਿਆਂ ਦੇ ਸਿਆਸੀ ਆਗੂਆਂ ਨੇ ਇਸ ਸਥਿਤੀ ਦਾ ਫ਼ਾਇਦਾ ਚੁੱਕਣ ਦੀ ਕੋਸ਼ਿਸ਼ ਕੀਤੀ। ਇਲਾਕੇ ਵਿੱਚ ਵੱਡੀਆਂ-ਵੱਡੀਆਂ ‘ਮਹਾਂਪੰਚਾਇਤਾਂ’ ਬੁਲਾਈਆਂ ਗਈਆਂ, ਜਿਨ੍ਹਾਂ ਵਿੱਚ ਭੜਕਾਊ ਭਾਸ਼ਣ ਦਿੱਤੇ ਗਏ। ਇਨ੍ਹਾਂ ਭਾਸ਼ਣਾਂ ਨੇ ਅੱਗ ਵਿੱਚ ਘਿਓ ਪਾਉਣ ਦਾ ਕੰਮ ਕੀਤਾ ਅਤੇ ਆਪਸੀ ਭਾਈਚਾਰਕ ਸਾਂਝ (ਜੋ ਕਿ ਖ਼ਾਸ ਕਰਕੇ ਜੱਟਾਂ ਅਤੇ ਮੁਸਲਮਾਨਾਂ ਵਿਚਕਾਰ ਸੀ) ਨੂੰ ਪੂਰੀ ਤਰ੍ਹਾਂ ਤੋੜ ਦਿੱਤਾ।

ਸਰਕਾਰ ਅਤੇ ਸਥਾਨਕ ਪੁਲਿਸ ਪ੍ਰਸ਼ਾਸਨ ਵਧ ਰਹੇ ਤਣਾਅ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਿਹਾ। ਜਦੋਂ ਮਹਾਂਪੰਚਾਇਤਾਂ ਹੋ ਰਹੀਆਂ ਸਨ ਅਤੇ ਹਿੰਸਾ ਦੀਆਂ ਖ਼ਬਰਾਂ ਆ ਰਹੀਆਂ ਸਨ, ਉਦੋਂ ਪੁਲਿਸ ਨੇ ਸਖ਼ਤ ਕਾਰਵਾਈ ਨਹੀਂ ਕੀਤੀ। ਦੇਰੀ ਨਾਲ ਲਏ ਗਏ ਫ਼ੈਸਲਿਆਂ ਕਾਰਨ ਹਿੰਸਾ ਪਿੰਡਾਂ ਤੱਕ ਫ਼ੈਲ ਗਈ।

ਰਿਪੋਰਟਾਂ ਮੁਤਾਬਕ, ਇਹ ਦੰਗੇ 2014 ਦੀਆਂ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਹੋਏ ਸਨ। ਵੱਖ-ਵੱਖ ਪੂੰਜੀਵਾਦੀ ਪਾਰਟੀਆਂ ਨੇ ਵੋਟਾਂ ਦੇ ਧਰੁਵੀਕਰਨ ਲਈ ਇਸ ਸਥਿਤੀ ਦਾ ਇਸਤੇਮਾਲ ਕੀਤਾ। ਤਤਕਾਲੀ ਸਮਾਜਵਾਦੀ ਪਾਰਟੀ (ਸਪਾ) ਦੀ ਸਰਕਾਰ ’ਤੇ ਦੋਸ਼ ਲੱਗੇ ਕਿ ਉਸ ਨੇ ਵੋਟ ਬੈਂਕ ਦੀ ਰਾਜਨੀਤੀ ਕਾਰਨ ਸਮੇਂ ਸਿਰ ਸਖ਼ਤ ਕਦਮ ਨਹੀਂ ਚੁੱਕੇ, ਜਿਸ ਦਾ ਸਿੱਧਾ ਸਿਆਸੀ ਫ਼ਾਇਦਾ ਬਾਅਦ ਵਿੱਚ ਭਾਜਪਾ ਨੂੰ ਚੋਣਾਂ ਵਿੱਚ ਮਿਲਿਆ ।ਮੁਜ਼ੱ਼ਫਰਨਗਰ ਦੰਗੇ ਇੱਕ ਪਰਿਵਾਰਕ ਝਗੜੇ ਤੋਂ ਸ਼ੁਰੂ ਹੋਏ, ਪਰ ਫ਼ਰਜ਼ੀ ਅ਼ਫਵਾਹਾਂ, ਸਿਆਸੀ ਆਗੂਆਂ ਦੀ ਭੜਕਾਹਟ, ਅਤੇ ਸਰਕਾਰ ਦੀ ਢਿੱਲੀ ਕਾਰਵਾਈ ਕਾਰਨ ਇਸ ਨੇ ਇੱਕ ਵੱਡੇ ਫ਼ਿਰਕੂ ਨਸਲਕੁਸ਼ੀ ਦਾ ਰੂਪ ਧਾਰਨ ਕਰ ਲਿਆ। ਇਸ ਕਮਿਸ਼ਨ ਨੇ ਤਤਕਾਲੀ ਸਮਾਜਵਾਦੀ ਪਾਰਟੀ (ਸਪਾ) ਦੀ ਸਰਕਾਰ ਨੂੰ ਪੂਰੀ ਤਰ੍ਹਾਂ ਬਚਾ ਲਿਆ। ਇਸ ਦੰਗੇ ਦੇ ਸਿਆਸੀ ਧਰੁਵੀਕਰਨ ਦਾ ਸਿੱਧਾ ਫ਼ਾਇਦਾ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਮਿਲਿਆ, ਜਿਸ ਨੇ ਯੂ.ਪੀ. ਵਿੱਚ 72 ਸੀਟਾਂ ਜਿੱਤੀਆਂ।

ਚਾਹੇ ਭਾਗਲਪੁਰ ਹੋਵੇ, ਨਵੰਬਰ 1984 ਹੋਵੇ ਜਾਂ 2002—ਸਾਰੀਆਂ ਪੂੰਜੀਵਾਦੀ ਪਾਰਟੀਆਂ ਵਿੱਚ ਇੱਕ ਅਣਲਿਖਿਆ ਸਮਝੌਤਾ ਹੁੰਦਾ ਹੈ ਕਿ ਚੋਟੀ ਦੇ ‘ਗੈਂਗ ਲੀਡਰਾਂ’ ਦਾ ਵਾਲ ਵੀ ਵਿੰਗਾ ਨਹੀਂ ਹੋਣਾ ਚਾਹੀਦਾ।

**ਸਿੱਖ ਨਸਲਕੁਸ਼ੀ ਅਤੇ ਲਾਵਾਰਸ ਲਾਸ਼ਾਂ ਲਈ ਭਾਜਪਾ-ਕਾਂਗਰਸ ਦੀ ਮਿਲੀਭੁਗਤ**

1984 ਦੀ ਸਿੱਖ ਨਸਲਕੁਸ਼ੀ ਅਤੇ ਉਸ ਤੋਂ ਬਾਅਦ ਨੱਬੇ ਦੇ ਦਹਾਕੇ ਵਿੱਚ ਪੰਜਾਬ ਸੰਤਾਪ ਦੌਰਾਨ ਲਗਭਗ 25 ਹਜ਼ਾਰ ਸਿੱਖ ਨੌਜਵਾਨਾਂ, ਔਰਤਾਂ ਅਤੇ ਬੱਚਿਆਂ ਨੂੰ ਅਗਵਾ ਕਰਨਾ, ਝੂਠੇ ਮੁਕਾਬਲਿਆਂ ਵਿੱਚ ਮਾਰਨਾ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ‘ਲਾਵਾਰਸ’ ਕਰਾਰ ਦੇ ਕੇ ਗੁਪਤ ਤੌਰ ’ਤੇ ਸਾੜ ਦੇਣਾ—ਭਾਰਤੀ ਰਾਜਸੱਤਾ ਦਾ ਸਭ ਤੋਂ ਕਾਲਾ ਅਤੇ ਸ਼ਰਮਨਾਕ ਅਧਿਆਇ ਹੈ। ਹਾਲ ਹੀ ਵਿੱਚ ਚਰਚਾ ਵਿੱਚ ਆਈ ਫ਼ਿਲਮ ‘ਸਤਲੁਜ’ ਇਸੇ ਭਿਆਨਕ ਦਰਦ ਅਤੇ ਸੱਚਾਈ ਨੂੰ ਬਿਆਨ ਕਰਦੀ ਹੈ।

ਸਵਾਲ ਇਹ ਉੱਠਦਾ ਹੈ ਕਿ ਕਾਂਗਰਸ ਅਤੇ ਭਾਜਪਾ ਦੋਵਾਂ ਨੇ ਹੀ ਏਨੇ ਸਾਲ ਬੀਤ ਜਾਣ ਦੇ ਬਾਵਜੂਦ ਸਿੱਖਾਂ ਨੂੰ ਇਨਸਾ਼ਫ ਕਿਉਂ ਨਹੀਂ ਦਿੱਤਾ? (ਬਾਕੀ ਸਫ਼ਾ 26 ’ਤੇ)

# ਪੰਜਾਬ ਸੰਤਾਪ ਅਤੇ ਲਵਾਰਿਸ ਲਾਸ਼ਾਂ ਦੇ ਮਾਮਲੇ ’ਤੇ ਯੂ.ਐਨ.ਓ. ਬਣਾਵੇ ‘ਟਰੁਥ ਕਮਿਸ਼ਨ’: ਖ਼ਾਲਸਾ

## ‘ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ’ ਦੇ ਨਾਂਅ ’ਤੇ ਇੱਕ ਸਾਲਾਨਾ ਵਜ਼ੀਫ਼ਾ (ਸਕਾਲਰਸ਼ਿਪ) ਸ਼ੁਰੂ ਕਰਨ ਦਾ ਕੀਤਾ ਐਲਾਨ

## ਨੌਰਵਿਚ ’ਚ ਗੂੰਜੇਗਾ ਭਾਈ ਖਾਲੜਾ ਦਾ ਨਾਂਅ, 6 ਸਤੰਬਰ ਨੂੰ ‘ਖਾਲੜਾ ਦਿਵਸ’ ਵਜੋਂ ਮਨਾਉਣ ਦੀ ਤਿਆਰੀ






ਸਿਟੀ ਆਫ਼ ਨੌਰਵਿਚ (ਸੂਬਾ ਕਨੈਟਿਕਟ): ਅਮਰੀਕਾ ਦੇ ਮੇਅਰ ਭਾਈ ਸਵਰਨਜੀਤ ਸਿੰਘ ਖ਼ਾਲਸਾ ਨੇ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਫ਼ਿਲਮ ‘ਸਤਲੁਜ’ ਉੱਪਰ ਲਗਾਈ ਗਈ ਪਾਬੰਦੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਫ਼ਿਲਮ ਵਿੱਚ ਭਾਈ ਖਾਲੜਾ ਦੇ ਕਿਰਦਾਰ ਨਾਲ ਪੂਰਾ ਇਨਸਾਫ਼ ਹੋਇਆ ਹੈ ਅਤੇ ਇਹ ਫ਼ਿਲਮ ਪੂਰੀ ਤਰ੍ਹਾਂ ਦੇਸ਼ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ’ਤੇ ਆਧਾਰਿਤ ਹੈ। ਇਸ ਲਈ ਇਸ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਵਿਰੁੱਧ ਮੰਨਣਾ ਕਾਨੂੰਨੀ ਤੌਰ ’ਤੇ ਬਿਲਕੁਲ ਤਰਕਹੀਣ ਹੈ। ਭਾਰਤ ਸਰਕਾਰ ਇਹ ਪਾਬੰਦੀ ਵਾਪਸ ਲਵੇ।

ਮੇਅਰ ਸਵਰਨਜੀਤ ਸਿੰਘ ਨੇ ਕਿਹਾ ਕਿ ਕਿਸੇ ਵੀ ਸਭਿਅਕ ਸਮਾਜ ਅਤੇ ਲੋਕਤੰਤਰ ਵਿੱਚ ਹਰ ਇਨਸਾਨ ਨੂੰ ਮਰਨ ਤੋਂ ਬਾਅਦ ਸਨਮਾਨਜਨਕ ਸਸਕਾਰ ਦਾ ਹੱਕ ਹੈ ਅਤੇ ਪਰਿਵਾਰ ਨੂੰ ਆਪਣੇ ਲਾਪਤਾ ਜੀਅ ਬਾਰੇ ਜਾਣਨ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਯਾਦ ਕਰਵਾਇਆ ਕਿ ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਵਿੱਚ 2005 ਵਿੱਚ ਪਟਿਆਲਾ ਸੈਸ਼ਨ ਕੋਰਟ,2007 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ 2011 ਵਿੱਚ ਸੁਪਰੀਮ ਕੋਰਟ ਨੇ ਦੋਸ਼ੀ ਪੁਲਿਸ ਅਧਿਕਾਰੀਆਂ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖ ਕੇ ਇਹ ਸਾਬਤ ਕਰ ਦਿੱਤਾ ਸੀ ਕਿ ਖਾਲੜਾ ਦੇ ਦੋਸ਼ ਸੱਚੇ ਸਨ।

ਉਨ੍ਹਾਂ ਯੂ.ਐਨ.ਓ. ਤੋਂ ਮੰਗ ਕੀਤੀ ਕਿ ਪੰਜਾਬੀਆਂ ਨਾਲ ਇਨਸਾਫ਼ ਲਈ ਵੱਲੋਂ ਪੰਜਾਬ ਸੰਤਾਪ ਅਤੇ ਲਵਾਰਿਸ ਲਾਸ਼ਾਂ ਦੇ ਮਾਮਲੇ ਦੀ ਜਾਂਚ ਲਈ ਇੱਕ ‘ਟਰੁਥ ਕਮਿਸ਼ਨ’ ਬਣਾਇਆ ਜਾਵੇ।




ਮਨੁੱਖੀ ਅਧਿਕਾਰਾਂ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਇਤਿਹਾਸਕ ਪਹਿਲਕਦਮੀ ਕਰਦਿਆਂ ਮੇਅਰ ਸਵਰਨਜੀਤ ਸਿੰਘ ਨੇ ਐਲਾਨ ਕੀਤਾ ਕਿ ਨੌਰਵਿਚ ਸ਼ਹਿਰ ਵੱਲੋਂ ਸਥਾਨਕ ਹਾਈ ਸਕੂਲ ‘ਨੌਰਵਿਚ ਫ਼੍ਰੀ ਅਕੈਡਮੀ’ ਦੇ ਲੋੜਵੰਦ ਵਿਦਿਆਰਥੀਆਂ ਲਈ ‘ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ’ ਦੇ ਨਾਂਅ ’ਤੇ ਇੱਕ ਨਵਾਂ ਸਾਲਾਨਾ ਵਜ਼ੀਫ਼ਾ (ਸਕਾਲਰਸ਼ਿਪ) ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਦਾ ਮਕਸਦ ਵਿਦਿਆਰਥੀਆਂ ਨੂੰ ਦੁਨੀਆ ਭਰ ਦੀਆਂ ਮਨੁੱਖੀ ਅਧਿਕਾਰ ਲਹਿਰਾਂ ਦੇ ਆਗੂਆਂ ਬਾਰੇ ਜਾਗਰੂਕ ਕਰਨਾ ਹੈ। ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਕਥਨ ਦਾ ਹਵਾਲਾ ਦਿੰਦਿਆਂ ਮੇਅਰ ਨੇ ਕਿਹਾ ਕਿ ਅਮਰੀਕਾ ਦੇ ਲੋਕ ਦ੍ਰਿੜਤਾ ਨਾਲ ਇਹ ਮੰਨਦੇ ਹਨ ਕਿ ‘ਕਿਸੇ ਵੀ ਥਾਂ ’ਤੇ ਹੋ ਰਿਹਾ ਅਨਿਆਂ, ਹਰ ਥਾਂ ਦੇ ਨਿਆਂ ਲਈ ਇੱਕ ਖ਼ਤਰਾ ਹੈ।’

ਇਸ ਉਪਰਾਲੇ ਲਈ ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ਅਤੇ ਨੌਰਵਿਚ ਐਨ.ਏ.ਏ.ਸੀ.ਪੀ. ਚੈਪਟਰ ਦਾ ਵਿਸ਼ੇਸ਼ ਧੰਨਵਾਦ ਕੀਤਾ।

ਸਿਟੀ ਆਫ਼ ਨੌਰਵਿਚ ਵੱਲੋਂ ਆਉਣ ਵਾਲੇ ਦਿਨਾਂ ਵਿੱਚ 6 ਸਤੰਬਰ ਨੂੰ ਅਧਿਕਾਰਤ ਤੌਰ ’ਤੇ ‘ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਿਵਸ’ ਵਜੋਂ ਐਲਾਨਣ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਪਹਿਲਾਂ ਹੀ ਭਾਈ ਖਾਲੜਾ ਦੀ ਯਾਦ ਵਿੱਚ ਇੱਕ ਵਿਸ਼ਾਲ ਕੰਧ-ਚਿੱਤਰ (ਮਿਊਰਲ) ਮੌਜੂਦ ਹੈ ਅਤੇ ਸਥਾਨਕ ‘ਸਿੱਖ ਆਰਟ ਗੈਲਰੀ’ ਵਿੱਚ ਉਨ੍ਹਾਂ ਦਾ ਇੱਕ ਖ਼ੂਬਸੂਰਤ ਪੈਨਸਿਲ ਆਰਟ ਪੋਰਟਰੇਟ ਵੀ ਸੁਸ਼ੋਭਿਤ ਹੈ।

ਮੇਅਰ ਨੇ ਇੱਕ ਹੋਰ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 1984 ਸਿੱਖ ਨਸਲਕੁਸ਼ੀ ਯਾਦਗਾਰੀ ਪਲੇਟ ਅਤੇ ਸਿੱਖ ਰਾਸ਼ਟਰੀ ਝੰਡਾ (ਨਿਸ਼ਾਨ ਸਾਹਿਬ), ਜਿਨ੍ਹਾਂ ਨੂੰ ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਦੇ ਕਥਿਤ ਦਬਾਅ ਕਾਰਨ ਓਟਿਸ ਲਾਇਬ੍ਰੇਰੀ ਵਿੱਚੋਂ ਹਟਾ ਦਿੱਤਾ ਗਿਆ ਸੀ, ਨੂੰ ਹੁਣ ਪੂਰੇ ਸਨਮਾਨ ਸਹਿਤ ਮੇਅਰ ਦੇ ਦਫ਼ਤਰ ਵਿੱਚ ਸਥਾਪਿਤ ਕਰ ਦਿੱਤਾ ਗਿਆ ਹੈ।

ਨੌਰਵਿਚ ਪ੍ਰਸ਼ਾਸਨ ਦਾ ਇਹ ਕਦਮ ਦੁਨੀਆ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੇ ਮੁਦਈਆਂ ਲਈ ਇੱਕ ਬਹੁਤ ਹੀ ਮਾਣ ਵਾਲੀ ਗੱਲ ਹੈ, ਜੋ ਇਨਸਾਫ਼ ਅਤੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਰੱਖਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਵਿਸ਼ਵ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਜਾਰੀ

## ➢ ਭਾਰਤ ਦੀ ਰੈਂਕਿੰਗ ਡਿੱਗੀ, 125ਵੇਂ ਸਥਾਨ ’ਤੇ ਪਛੜਿਆ ➢ ਸਵੀਡਨ ਬਣਿਆ ਨੰਬਰ-1, ਗੁਆਂਢੀ ਦੇਸ਼ਾਂ ’ਚ ਚੀਨ ਅੱਗੇ

ਨਵੀਂ ਦਿੱਲੀ/ਏ.ਟੀ.ਨਿਊਜ਼: ਗਲੋਬਲ ਪਾਸਪੋਰਟ ਇੰਡੈਕਸ 2026 ਵਿੱਚ ਭਾਰਤ ਨੂੰ ਇੱਕ ਵਾਰ ਫਿਰ ਨਿਰਾਸ਼ਾ ਹੱਥ ਲੱਗੀ ਹੈ। ਭਾਰਤੀ ਪਾਸਪੋਰਟ ਖਿਸਕ ਕੇ ਹੁਣ 125ਵੇਂ ਸਥਾਨ ’ਤੇ ਆ ਗਿਆ ਹੈ। ਹਾਲਾਂਕਿ, ਪਿਛਲੇ ਸਾਲ ਦੇਸ਼ ਦੀ ਰੈਂਕਿੰਗ ਵਿੱਚ ਥੋੜ੍ਹਾ ਸੁਧਾਰ ਦੇਖਣ ਨੂੰ ਮਿਲਿਆ ਸੀ, ਪਰ ਇਸ ਦੇ ਬਾਵਜੂਦ ਇਹ ਟਾਪ 100 ਦੀ ਸੂਚੀ ਵਿੱਚੋਂ ਬਾਹਰ ਹੀ ਰਿਹਾ। ਜੇਕਰ ਪਿਛਲੇ ਸਾਲਾਂ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਸਾਲ 2021 ਅਤੇ 2023 ਦੇ ਵਿਚਕਾਰ ਭਾਰਤ 127ਵੇਂ ਸਥਾਨ ’ਤੇ ਸੀ, ਜਿਸ ਤੋਂ ਬਾਅਦ ਸਾਲ 2025 ਵਿੱਚ ਇਹ ਸੁਧਾਰ ਨਾਲ 124ਵੇਂ ਸਥਾਨ ’ਤੇ ਪਹੁੰਚ ਗਿਆ ਸੀ। ਪਰ ਹੁਣ ਰੈਂਕਿੰਗ ਵਿੱਚ ਇੱਕ ਵਾਰ ਫਿਰ ਗਿਰਾਵਟ ਦਰਜ ਕੀਤੀ ਗਈ ਹੈ। ਇਸ ਨਵੀਂ ਰੈਂਕਿੰਗ ਦੇ ਮੁਤਾਬਕ, ਭਾਰਤੀ ਪਾਸਪੋਰਟ ਧਾਰਕ ਹੁਣ ਸਿਰਫ਼ 26 ਥਾਵਾਂ ’ਤੇ ਹੀ ਬਿਨਾਂ ਵੀਜ਼ਾ ਦੇ ਯਾਤਰਾ ਕਰਨ ਦੀ ਸਹੂਲਤ ਦਾ ਲਾਭ ਲੈ ਸਕਦੇ ਹਨ।

ਇਸ ਸੂਚੀ ਵਿੱਚ ਭਾਰਤੀ ਪਾਸਪੋਰਟ ਦੀ ਸਥਿਤੀ ਨਾਮੀਬੀਆ ਤੋਂ ਹੇਠਾਂ ਹੈ ਅਤੇ ਇਹ ਫਿਲੀਪੀਨਜ਼, ਮੋਰੱਕੋ ਅਤੇ ਉਜ਼ਬੇਕਿਸਤਾਨ ਵਰਗੇ ਦੇਸ਼ਾਂ ਤੋਂ ਵੀ ਪਿੱਛੇ ਰਹਿ ਗਿਆ ਹੈ। ਹਾਲਾਂਕਿ, ਚੰਗੀ ਗੱਲ ਇਹ ਹੈ ਕਿ ਭਾਰਤ ਅਜੇ ਵੀ ਅਜ਼ਰਬਾਈਜਾਨ ਅਤੇ ਕਿਰਗਿਸਤਾਨ ਵਰਗੇ ਮੁਲਕਾਂ ਤੋਂ ਅੱਗੇ ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿੱਚ ਭਾਰਤੀ ਪਾਸਪੋਰਟ ਧਾਰਕ ਭੂਟਾਨ, ਨੇਪਾਲ, ਜਮੈਕਾ, ਮਕਾਊ, ਫਲਸਤੀਨ, ਟਿਊਨੀਸ਼ੀਆ, ਅੰਗੋਲਾ ਅਤੇ ਬਾਰਬਾਡੋਸ ਸਮੇਤ ਕਈ ਥਾਵਾਂ ’ਤੇ ਬਿਨਾਂ ਵੀਜ਼ਾ ਜਾਂ ਫਿਰ ਵੀਜ਼ਾ ਆਨ ਅਰਾਈਵਲ ਦੀ ਸਹੂਲਤ ਨਾਲ ਸਫ਼ਰ ਕਰ ਸਕਦੇ ਹਨ। ਦੂਜੇ ਪਾਸੇ, ਭਾਰਤੀ ਨਾਗਰਿਕਾਂ ਨੂੰ ਅਜੇ ਵੀ ਅਮਰੀਕਾ, ਯੂ.ਕੇ., ਜਰਮਨੀ, ਫਰਾਂਸ, ਚੀਨ ਅਤੇ ਸੰਯੁਕਤ ਅਰਬ ਅਮੀਰਾਤ ਸਮੇਤ ਦੁਨੀਆ ਦੇ ਲਗਭਗ 88 ਦੇਸ਼ਾਂ ਵਿੱਚ ਦਾਖਲ ਹੋਣ ਲਈ ਪਹਿਲਾਂ ਵੀਜ਼ਾ ਲੈਣ ਦੀ ਲੋੜ ਪੈਂਦੀ ਹੈ।




ਜੇਕਰ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਗੱਲ ਕਰੀਏ ਤਾਂ ਟਾਪ 10 ਦੀ ਸੂਚੀ ਵਿੱਚ ਯੂਰਪੀਅਨ ਦੇਸ਼ਾਂ ਦਾ ਪੂਰਾ ਦਬਦਬਾ ਦੇਖਣ ਨੂੰ ਮਿਲ ਰਿਹਾ ਹੈ। ਇਸ ਇੰਡੈਕਸ ਵਿੱਚ ਸਵੀਡਨ ਪਹਿਲੇ ਸਥਾਨ ’ਤੇ ਹੈ, ਜਦਕਿ ਸਵਿਟਜ਼ਰਲੈਂਡ ਦੂਜੇ ਅਤੇ ਫਿਨਲੈਂਡ ਤੀਜੇ ਸਥਾਨ ’ਤੇ ਕਾਬਜ਼ ਹੈ। ਇਸ ਤੋਂ ਬਾਅਦ ਕ੍ਰਮਵਾਰ ਜਰਮਨੀ ਚੌਥੇ, ਡੈਨਮਾਰਕ ਪੰਜਵੇਂ, ਨੀਦਰਲੈਂਡ ਛੇਵੇਂ, ਆਇਰਲੈਂਡ ਸੱਤਵੇਂ, ਯੂਨਾਈਟਿਡ ਕਿੰਗਡਮ ਅੱਠਵੇਂ, ਨਾਰਵੇ ਨੌਵੇਂ ਅਤੇ ਸਿੰਗਾਪੁਰ ਦਸਵੇਂ ਸਥਾਨ ’ਤੇ ਮੌਜੂਦ ਹੈ। ਇਸ ਸੂਚੀ ਤੋਂ ਇਹ ਸਾਫ਼ ਹੁੰਦਾ ਹੈ ਕਿ ਗਲੋਬਲ ਟ੍ਰੈਵਲ ਮੋਬਿਲਿਟੀ ਦੇ ਮਾਮਲੇ ਵਿੱਚ ਯੂਰਪ ਦੁਨੀਆ ਭਰ ਵਿੱਚ ਸਭ ਤੋਂ ਮਜ਼ਬੂਤ ਸਥਿਤੀ ਵਿੱਚ ਹੈ। ਇਸ ਵਾਰ ਸਭ ਤੋਂ ਦਿਲਚਸਪ ਗੱਲ ਇਹ ਰਹੀ ਕਿ ਅਮਰੀਕਾ ਅਤੇ ਫਰਾਂਸ ਵਰਗੇ ਸ਼ਕਤੀਸ਼ਾਲੀ ਦੇਸ਼ ਟਾਪ 10 ਵਿੱਚ ਜਗ੍ਹਾ ਬਣਾਉਣ ਤੋਂ ਖੁੰਝ ਗਏ ਅਤੇ ਦੋਵੇਂ ਸਾਂਝੇ ਤੌਰ ’ਤੇ 11ਵੇਂ ਸਥਾਨ ’ਤੇ ਰਹੇ, ਜਦਕਿ ਕੈਨੇਡਾ 13ਵੇਂ ਸਥਾਨ ’ਤੇ ਆਇਆ ਹੈ।

ਭਾਰਤ ਦੇ ਗੁਆਂਢੀ ਦੇਸ਼ਾਂ ਦੀ ਸਥਿਤੀ ’ਤੇ ਨਜ਼ਰ ਮਾਰੀਏ ਤਾਂ ਚੀਨ 104ਵੇਂ ਸਥਾਨ ’ਤੇ ਮੌਜੂਦ ਹੈ, ਜੋ ਕਿ ਭਾਰਤ ਨਾਲੋਂ ਬਿਹਤਰ ਸਥਿਤੀ ਵਿੱਚ ਹੈ। ਹਾਲਾਂਕਿ, ਦੱਖਣੀ ਏਸ਼ੀਆ ਦੇ ਹੋਰਨਾਂ ਗੁਆਂਢੀ ਮੁਲਕਾਂ ਦੇ ਮੁਕਾਬਲੇ ਭਾਰਤ ਦੀ ਸਥਿਤੀ ਕਾਫ਼ੀ ਮਜ਼ਬੂਤ ਹੈ। ਇਸ ਇੰਡੈਕਸ ਵਿੱਚ ਬੰਗਲਾਦੇਸ਼ 166ਵੇਂ ਅਤੇ ਨੇਪਾਲ 164ਵੇਂ ਸਥਾਨ ’ਤੇ ਹੈ। ਉੱਥੇ ਹੀ, ਪਾਕਿਸਤਾਨ ਦੀ ਹਾਲਤ ਬੇਹੱਦ ਖ਼ਰਾਬ ਹੈ ਅਤੇ ਉਹ 188ਵੇਂ ਸਥਾਨ ’ਤੇ ਹੈ, ਜੋ ਕਿ ਇਸ ਪੂਰੇ ਇੰਡੈਕਸ ਵਿੱਚ ਸਭ ਤੋਂ ਹੇਠਲੇ ਪੱਧਰ ਦੇ ਸਥਾਨਾਂ ਵਿੱਚੋਂ ਇੱਕ ਹੈ।

**ਭਾਰਤ ਦੇ ਪਛੜਨ ਦੇ ਕੀ ਕਾਰਣ ਹਨ?**

ਦੁਨੀਆ ਦੇ ਵਿਕਸਿਤ ਦੇਸ਼ (ਜਿਵੇਂ ਯੂਰਪੀਅਨ ਯੂਨੀਅਨ, ਅਮਰੀਕਾ, ਯੂ.ਕੇ.) ਉਨ੍ਹਾਂ ਦੇਸ਼ਾਂ ਨੂੰ ਵੀਜ਼ਾ-ਮੁਕਤ ਐਂਟਰੀ ਦੇਣ ਤੋਂ ਕਤਰਾਉਂਦੇ ਹਨ ਜਿੱਥੋਂ ਵੱਡੀ ਗਿਣਤੀ ਵਿੱਚ ਲੋਕ ਗ਼ੈਰ-ਕਾਨੂੰਨੀ ਤਰੀਕੇ ਨਾਲ ਉੱਥੇ ਪੱਕੇ ਹੋਣ (ਓਵਰਸਟੇਅ ਕਰਨ) ਜਾਂ ਰੁਜ਼ਗਾਰ ਲੱਭਣ ਜਾ ਸਕਦੇ ਹਨ। ਭਾਰਤ ਇਸ ਦੇ ਲੋਕ ਇਸ ਸ਼੍ਰੇਣੀ ਵਿਚ ਸ਼ਾਮਿਲ ਹਨ। ਭਾਰਤ ਦੀ ਵੱਡੀ ਆਬਾਦੀ ਅਤੇ ਪ੍ਰਤੀ ਵਿਅਕਤੀ ਆਮਦਨ ਘੱਟ ਹੋਣ ਕਾਰਨ, ਕਈ ਦੇਸ਼ ਭਾਰਤੀ ਨਾਗਰਿਕਾਂ ਲਈ ਵੀਜ਼ਾ ਨਿਯਮ ਸਖ਼ਤ ਰੱਖਦੇ ਹਨ।

ਪਾਸਪੋਰਟ ਦੀ ਤਾਕਤ ‘ਆਪਸੀ ਲੈਣ-ਦੇਣ’ ’ਤੇ ਚੱਲਦੀ ਹੈ। ਜੇਕਰ ਭਾਰਤ ਚਾਹੁੰਦਾ ਹੈ ਕਿ ਕੋਈ ਦੇਸ਼ ਭਾਰਤੀਆਂ ਨੂੰ ਵੀਜ਼ਾ-ਮੁਕਤ ਐਂਟਰੀ ਦੇਵੇ, ਤਾਂ ਅਕਸਰ ਉਸ ਦੇਸ਼ ਦੇ ਨਾਗਰਿਕਾਂ ਨੂੰ ਵੀ ਭਾਰਤ ਵਿੱਚ ਇਹੀ ਸਹੂਲਤ ਮੰਗਣੀ ਪੈਂਦੀ ਹੈ। ਭਾਰਤ ਆਪਣੀ ਸੁਰੱਖਿਆ ਅਤੇ ਅੰਦਰੂਨੀ ਕਾਰਨਾਂ ਕਰਕੇ ਬਹੁਤ ਸਾਰੇ ਪੱਛਮੀ ਦੇਸ਼ਾਂ ਨੂੰ ਸਿੱਧੀ ਵੀਜ਼ਾ-ਮੁਕਤ ਐਂਟਰੀ ਨਹੀਂ ਦਿੰਦਾ, ਜਿਸ ਕਾਰਨ ਉਹ ਦੇਸ਼ ਵੀ ਭਾਰਤ ਨੂੰ ਇਹ ਸਹੂਲਤ ਨਹੀਂ ਦਿੰਦੇ।ਭਾਰਤ ਦੀ ਆਬਾਦੀ ਲਗਭਗ 140 ਕਰੋੜ ਤੋਂ ਵੱਧ ਹੈ। ਇੰਨੀ ਵੱਡੀ ਆਬਾਦੀ ਵਾਲੇ ਦੇਸ਼ ਲਈ ਗਲੋਬਲ ਪੱਧਰ ’ਤੇ ਬਿਨਾਂ ਵੀਜ਼ਾ ਯਾਤਰਾ ਦੀ ਖੁੱਲ੍ਹ ਦੇਣਾ ਦੂਜੇ ਦੇਸ਼ਾਂ ਦੇ ਇਮੀਗ੍ਰੇਸ਼ਨ ਸਿਸਟਮ ਅਤੇ ਸੁਰੱਖਿਆ ਏਜੰਸੀਆਂ ਲਈ ਇੱਕ ਵੱਡੀ ਚੁਣੌਤੀ ਬਣ ਸਕਦਾ ਹੈ। ਇਸ ਲਈ ਹਵਾਈ ਅੱਡਿਆਂ ਅਤੇ ਸਰਹੱਦਾਂ ’ਤੇ ਭੀੜ ਜਾਂ ਸੁਰੱਖਿਆ ਜੋਖਮਾਂ ਨੂੰ ਕੰਟਰੋਲ ਕਰਨ ਲਈ ਵੀਜ਼ਾ ਪ੍ਰਕਿਰਿਆ ਲਾਜ਼ਮੀ ਰੱਖੀ ਜਾਂਦੀ ਹੈ।

ਕਈ ਵਾਰ ਭਾਰਤ ਦੇ ਪਛੜਨ ਦਾ ਮਤਲਬ ਇਹ ਨਹੀਂ ਹੁੰਦਾ ਕਿ ਭਾਰਤ ਦੇ ਸਬੰਧ ਖ਼ਰਾਬ ਹੋਏ ਹਨ, ਬਲਕਿ ਇਹ ਹੁੰਦਾ ਹੈ ਕਿ ਦੂਜੇ ਛੋਟੇ ਦੇਸ਼ਾਂ ਨੇ ਆਪਣੇ ਦੁਵੱਲੇ ਸਬੰਧ ਸੁਧਾਰ ਕੇ ਜ਼ਿਆਦਾ ਵੀਜ਼ਾ-ਮੁਕਤ ਸਮਝੌਤੇ ਕਰ ਲਏ ਹਨ। ਇਸ ਕਾਰਨ ਉਹ ਦੇਸ਼ ਇੰਡੈਕਸ ਵਿੱਚ ਭਾਰਤ ਤੋਂ ਉੱਪਰ ਨਿਕਲ ਜਾਂਦੇ ਹਨ ਅਤੇ ਭਾਰਤ ਦੀ ਰੈਂਕਿੰਗ ਹੇਠਾਂ ਖਿਸਕ ਜਾਂਦੀ ਹੈ।ਭਾਰਤ ਸਰਕਾਰ ਲਗਾਤਾਰ ਦੂਜੇ ਦੇਸ਼ਾਂ ਨਾਲ ‘ਈ-ਵੀਜ਼ਾ’ ਅਤੇ ‘ਵੀਜ਼ਾ-ਆਨ-ਅਰਾਈਵਲ’ ਦੇ ਸਮਝੌਤੇ ਵਧਾ ਰਹੀ ਹੈ। ਹਾਲ ਹੀ ਦੇ ਸਾਲਾਂ ਵਿੱਚ ਥਾਈਲੈਂਡ, ਮਲੇਸ਼ੀਆ, ਸ੍ਰੀਲੰਕਾ ਅਤੇ ਕੀਨੀਆ ਵਰਗੇ ਦੇਸ਼ਾਂ ਨੇ ਭਾਰਤੀਆਂ ਲਈ ਵੀਜ਼ਾ ਨਿਯਮਾਂ ਵਿੱਚ ਵੱਡੀ ਢਿੱਲ ਦਿੱਤੀ ਹੈ, ਪਰ ਯੂਰਪ ਅਤੇ ਅਮਰੀਕਾ ਵਰਗੇ ਖੇਤਰਾਂ ਵਿੱਚ ਅਜੇ ਵੀ ਸਖ਼ਤੀ ਬਰਕਰਾਰ ਹੈ।

# ਰਾਜਨੀਤੀ ਬਨਾਮ ਨੇਤਾਵਾਂ ਦਾ ਸ਼ਕਤੀ ਪ੍ਰਦਰਸ਼ਨ

## ਜੇਲ੍ਹਾਂ 'ਚੋਂ ਬਾਹਰ ਆ ਕੇ ਨੇਤਾਵਾਂ ਵੱਲੋਂ ਕੀਤਾ ਜਾਂਦਾ ਸ਼ਕਤੀ ਪ੍ਰਦਰਸ਼ਨ ਕਿੰਨਾ ਕੁ ਜਾਇਜ਼ ?

**ਅੰਮ੍ਰਿਤਸਰ ਟਾਈਮਜ਼ ਬਿਊਰੋ**




**ਭਾਰਤ ਵਿੱਚ ਸਿਆਸਤ ਹੁਣ ਇੱਕ ਲਾਹੇਵੰਦ ਅਤੇ ਪਿਤਾ-ਪੁਰਖੀ ਧੰਦਾ ਬਣਦੀ ਜਾ ਰਹੀ ਹੈ। ਵੱਡੀ ਗਿਣਤੀ ਨੇਤਾ ਆਪਣੇ ਪੁੱਤਰਾਂ ਨੂੰ ਆਪਣਾ ਜਾਨਸ਼ੀਨ ਅਤੇ ਸਿਆਸੀ ਉਤਰਾਧਿਕਾਰੀ ਬਣਾਉਣ ਲਈ ਵੱਡੇ ਇਕੱਠ ਕਰਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰਦੇ ਹਨ। ਇਹਨਾਂ ਨੇਤਾਵਾਂ ਨੂੰ ਆਮ ਲੋਕਾਂ ਦੀਆਂ ਮੁੱਖ ਸਮੱਸਿਆਵਾਂ ਅਤੇ ਵੱਡੇ ਮਸਲਿਆਂ ਨਾਲ ਕੋਈ ਮਤਲਬ ਨਹੀਂ ਹੁੰਦਾ, ਇਹਨਾਂ ਨੇਤਾਵਾਂ ਨੇ ਤਾਂ ਸਿਰਫ਼ ਆਪਣੀ ਰਾਜਨੀਤੀ ਚਮਕਾਉਣੀ ਹੁੰਦੀ ਹੈ।**

ਭਾਰਤ ਵਿੱਚ ਸਿਆਸੀ ਨੇਤਾਵਾਂ ਦਾ ਵਰਤਾਰਾ ਅਜੀਬੋ ਗਰੀਬ ਹੁੰਦਾ ਜਾ ਰਿਹਾ ਹੈ। ਇਹ ਸਿਆਸੀ ਨੇਤਾ ਆਪਣੇ ਸ਼ਕਤੀ ਪ੍ਰਦਰਸ਼ਨ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਖੁੰਝਣ ਦਿੰਦੇ। ਹਾਲ ਤਾਂ ਇਹ ਹੋ ਗਿਆ ਹੈ ਕਿ ਹੁਣ ਜੇ ਕੋਈ ਸਿਆਸੀ ਨੇਤਾ ਕਿਸੇ ਮਾਮਲੇ ਵਿੱਚ ਮਾਣਯੋਗ ਅਦਾਲਤ , ਸੀ. ਬੀ. ਆਈ. ਜਾਂ ਕਿਸੇ ਹੋਰ ਏਜੰਸੀ ਕੋਲ ਪੇਸ਼ੀ ਭੁਗਤਣ ਜਾਂਦਾ ਹੈ ਤਾਂ ਉਸਦੇ ਨਾਲ ਸਮਰਥਕਾਂ ਦਾ ਵੱਡਾ ਹਜੂਮ ਹੁੰਦਾ ਹੈ। ਜੇ ਕਦੇ ਕੋਈ ਨੇਤਾ ਜੇਲ੍ਹ ਜਾਂਦਾ ਹੈ ਤਾਂ ਉਸ ਦੇ ਸਮਰਥਕ ਉਸ ਨੂੰ ਜੇਲ੍ਹ ਦੇ ਦਰਵਾਜ਼ੇ ਤੱਕ ਛੱਡ ਕੇ ਆਉਣ ਦਾ ਯਤਨ ਕਰਦੇ ਹਨ। ਜਦੋਂ ਉਹ ਨੇਤਾ ਜ਼ਮਾਨਤ 'ਤੇ ਜਾਂ ਪੈਰੋਲ 'ਤੇ ਰਿਹਾਅ ਹੁੰਦਾ ਹੈ ਤਾਂ ਇਸ ਮੌਕੇ ਜੇਲ੍ਹ ਦੇ ਬਾਹਰ ਜਾਂ ਨੇੜੇ ਤੇੜੇ ਹੀ ਉਸ ਨੇਤਾ ਵੱਲੋਂ ਆਪਣੇ ਸਮਰਥਕਾਂ ਦਾ ਵੱਡਾ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ ਜਾਂਦਾ ਹੈ।

ਵੱਖ ਵੱਖ ਭਾਰਤੀ ਨੇਤਾ ਆਪਣੇ ਜਨਮ ਦਿਨ ਮੌਕੇ, ਆਪਣੇ ਪਰਿਵਾਰ ਵਿੱਚ ਨਵਾਂ ਬੱਚਾ ਪੈਦਾ ਹੋਣ ਮੌਕੇ ਅਤੇ



ਆਪਣੇ ਬੱਚਿਆਂ ਦੇ ਵਿਆਹ ਸ਼ਾਦੀਆਂ ਮੌਕੇ ਵੀ ਵੱਡਾ ਸ਼ਕਤੀ ਪ੍ਰਦਰਸ਼ਨ ਕਰਦੇ ਹਨ। ਇਸ ਮੌਕੇ ਇਹਨਾਂ ਨੇਤਾਵਾਂ ਵੱਲੋਂ ਖੁੱਲ੍ਹ ਕੇ ਖਰਚਾ ਕੀਤਾ ਜਾਂਦਾ ਹੈ ਅਤੇ ਵੱਡੇ ਇਕੱਠ ਕਰਕੇ ਆਪਣੀ ਹਰਮਨ ਪਿਆਰਤਾ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ।

ਕੁਝ ਸਮਾਂ ਪਹਿਲਾਂ ਦਿੱਲੀ ਵਿੱਚ ਇੱਕ ਸਿਆਸੀ ਨੇਤਾ ਸ਼ਰਾਬ ਦੇ ਘੁਟਾਲੇ ਵਿੱਚ ਜੇਲ੍ਹ ਵਿੱਚ ਬੰਦ ਸੀ, ਜਦੋਂ ਉਹ ਜੇਲ੍ਹ ਤੋਂ ਬਾਹਰ ਆਇਆ ਤਾਂ ਉਸ ਦੇ ਸਮਰਥਕਾਂ ਵੱਲੋਂ ਉਸ ਦੇ ਸਵਾਗਤ ਵਿੱਚ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਉਸ ਨੇਤਾ ਦੇ ਸਮਰਥਕਾਂ ਵੱਲੋਂ ਆਪਣੇ ਨੇਤਾ ਦੇ ਪੱਖ ਵਿੱਚ ਨਾਅਰੇ ਵੀ ਲਗਾਏ ਗਏ। ਹੱਦ ਤਾਂ ਉਦੋਂ ਹੋ ਗਈ ਜਦੋਂ ਇਹ ਸਿਆਸੀ ਨੇਤਾ ਮਹਾਤਮਾ ਗਾਂਧੀ ਦੀ ਮੂਰਤੀ ਨੂੰ ਮੱਥਾ ਟੇਕਦਾ ਵੇਖਿਆ ਗਿਆ ਜਦੋਂ ਕਿ ਮਹਾਤਮਾ ਗਾਂਧੀ ਖੁਦ ਸ਼ਰਾਬ ਦੇ ਵਿਰੁੱਧ ਸਨ।

ਇਥੇ ਹੀ ਬੱਸ ਨਹੀਂ ਬਲਕਿ ਕੁਝ ਸਮਾਂ ਪਹਿਲਾਂ ਲੁਧਿਆਣਾ ਵਿੱਚ ਵੀ ਅਜਿਹਾ ਹੋਇਆ ਸੀ। ਜੇਲ੍ਹ ਵਿੱਚ ਬਲਾਤਕਾਰ ਦੇ ਸੰਗੀਨ ਜੁਰਮ ਵਿੱਚ ਬੰਦ ਇੱਕ ਸਿਆਸੀ ਨੇਤਾ ਦੇ ਜੇਲ੍ਹ ਤੋਂ ਬਾਹਰ ਆਉਣ 'ਤੇ ਉਸਦੇ ਸਮਰਥਕਾਂ ਵੱਲੋਂ ਉਸ ਦੇ ਗਲ ਵਿੱਚ ਫੁੱਲਾਂ ਦੇ ਹਾਰ ਪਾ ਕੇ ਉਸ ਦਾ ਸਵਾਗਤ ਕੀਤਾ ਗਿਆ ਅਤੇ ਖੂਬ ਭੰਗੜੇ ਪਾਏ ਗਏ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਸਿਆਸੀ ਨੇਤਾ ਜੰਗ ਜਿੱਤ ਕੇ ਨਹੀਂ ਸੀ ਆਇਆ ਸਗੋਂ ਬਲਾਤਕਾਰ ਦੇ ਕੇਸ ਵਿੱਚ ਜੇਲ੍ਹ ਵਿੱਚ ਬੰਦ ਸੀ, ਜਿਥੋਂ ਕਿ ਇਹ ਨੇਤਾ ਜ਼ਮਾਨਤ ਹੋਣ ਕਾਰਨ ਬਾਹਰ ਆਇਆ ਸੀ।

ਇਹੋ ਕੁਝ ਕੁਝ ਸਮਾਂ ਪਹਿਲਾਂ ਮੁੰਬਈ ਵਿੱਚ ਵੇਖਣ ਨੂੰ ਮਿਲਿਆ ਸੀ। ਇਸ ਤਰ੍ਹਾਂ ਦੇ ਹੋਰ ਵੀ ਕਈ ਸਿਆਸੀ ਆਗੂ ਹਨ ਜੋ ਕਿ ਹਰ ਗੱਲ 'ਤੇ ਆਪਣੀ ਰਾਜਨੀਤੀ ਨੂੰ ਚਮਕਾਉਣ ਦਾ ਯਤਨ ਕਰਦੇ ਹਨ।

ਭਾਰਤ ਵਿੱਚ ਲੋਕਤੰਤਰ ਹੋਣ ਕਾਰਨ ਕੋਈ ਵੀ ਵਿਅਕਤੀ ਸਿਆਸੀ ਨੇਤਾ ਬਣ ਸਕਦਾ ਹੈ ਅਤੇ ਆਪਣੀ ਵੱਖਰੀ ਸਿਆਸੀ ਪਾਰਟੀ ਬਣਾ ਸਕਦਾ ਹੈ। ਭਾਵੇਂ ਕਿ ਸਿਆਸੀ ਪਾਰਟੀ ਬਣਾਉਣ ਲਈ ਕਿਸੇ ਵੀ ਵਿਅਕਤੀ ਨੂੰ ਕੁਝ ਨਿਯਮਾਂ ਤੇ ਸ਼ਰਤਾਂ ਦਾ ਪਾਲਣ ਕਰਨਾ ਪੈਂਦਾ ਹੈ। ਭਾਰਤ ਵਿੱਚ ਆਮ ਲੋਕ ਅਕਸਰ ਇਹ ਕਹਿੰਦੇ ਹਨ ਕਿ ਜੇ ਕਿਸੇ ਨੂੰ ਕੋਈ ਕੰਮ ਨਹੀਂ ਮਿਲਦਾ ਤਾਂ ਉਹ ਸਿਆਸੀ ਆਗੂ ਬਣ ਜਾਂਦਾ ਹੈ ਅਤੇ ਫ਼ਾਲਤੂ ਦੀ ਹਰ ਕਿਸੇ 'ਤੇ ਚੌਧਰ ਚਲਾਉਣ ਲਗਦਾ ਹੈ, ਇਸੇ ਨੂੰ ਘੱੜਮ ਚੌਧਰੀ ਕਹਿੰਦੇ ਹਨ।

ਭਾਰਤ ਦੇ ਸੰਵਿਧਾਨ ਤਹਿਤ ਭਾਰਤ ਦੇ ਸਿਆਸੀ ਆਗੂਆਂ ਤੋਂ ਸ਼ਿਸ਼ਟਾਚਾਰ ਦਾ ਪਾਲਣ ਕਰਨ ਦੀ ਆਸ ਕੀਤੀ ਜਾਂਦੀ ਹੈ ਪਰ ਅਕਸਰ ਸਿਆਸੀ ਆਗੂ ਸ਼ਿਸ਼ਟਾਚਾਰ ਦਾ ਪਾਲਣ ਬਹੁਤ ਘੱਟ ਕਰਦੇ ਹਨ। ਵੇਖਣ ਵਿੱਚ ਆਇਆ ਹੈ ਕਿ ਵੱਡੀ ਗਿਣਤੀ ਸਿਆਸੀ ਆਗੂ ਹਰ ਗੱਲ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਦਾ ਯਤਨ ਕਰਦੇ ਰਹਿੰਦੇ ਹਨ।

ਭਾਰਤ ਵਿੱਚ ਜੇ ਕਿਸੇ ਜਾਨਵਰ ਦਾ ਕਿਸੇ ਵਾਹਨ ਨਾਲ ਹਾਦਸਾ ਵਾਪਰ ਜਾਵੇ ਤਾਂ ਜ਼ਖ਼ਮੀ ਹੋਏ ਵਾਹਨ ਚਾਲਕਾਂ ਦੀ ਸੰਭਾਲ ਕਰਨ ਦੀ ਥਾਂ ਅਕਸਰ ਸਿਆਸੀ ਆਗੂ ਉਸ ਜਾਨਵਰ ਦੀ ਰੱਖਿਆ ਲਈ ਬਿਆਨਬਾਜ਼ੀ ਕਰਕੇ ਆਪਣੀ ਸਿਆਸਤ ਚਮਕਾਉਣ ਲੱਗਦੇ ਹਨ। ਜਿਸ ਕਰਕੇ ਕਈ ਵਾਰ ਤਨਾਓ ਵਾਲਾ ਮਾਹੌਲ ਬਣ ਜਾਂਦਾ ਹੈ। ਇਸ ਤੋਂ ਇਲਾਵਾ ਕਈ ਨੇਤਾ ਤਾਂ ਭ੍ਰਿਸ਼ਟਾਚਾਰ ਅਤੇ ਹੋਰ ਗੰਭੀਰ ਜੁਰਮਾਂ ਕਰਕੇ ਜੇਲ੍ਹ ਚਲੇ ਜਾਂਦੇ ਹਨ ਪਰ ਜਦੋਂ ਉਹਨਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਅਦਾਲਤ ਦੇ ਬਾਹਰ ਆਪਣੇ ਸਮਰਥਕਾਂ ਦਾ ਇਕੱਠ ਕਰ ਲੈਂਦੇ ਹਨ। ਇਸ ਤੋਂ ਇਲਾਵਾ ਜੇਲ੍ਹ ਵਿੱਚ ਜਾਣ ਸਮੇਂ ਵੀ ਅਜਿਹੇ ਨੇਤਾਵਾਂ ਵੱਲੋਂ ਇਕੱਠ ਕੀਤਾ ਜਾਂਦਾ ਹੈ।

ਇਹ ਸਿਆਸੀ ਆਗੂ ਕਿਸੇ ਇੱਕ ਪਾਰਟੀ ਨਾਲ ਸਬੰਧਿਤ ਨਹੀਂ ਹੁੰਦੇ ਸਗੋਂ ਵੱਖ ਵੱਖ ਸਿਆਸੀ ਪਾਰਟੀਆਂ ਨਾਲ ਸਬੰਧ ਰੱਖਦੇ ਹਨ। ਜਦੋਂ ਵੀ ਕਿਸੇ ਵੀ ਸਿਆਸੀ ਆਗੂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਸ ਦੇ ਸਮਰਥਕ ਸੜਕਾਂ 'ਤੇ ਆ ਜਾਂਦੇ ਹਨ ਅਤੇ ਰੋਸ ਪ੍ਰਦਰਸ਼ਨ ਕਰਦੇ ਹਨ ਅਤੇ ਕਈ ਵਾਰ ਧਰਨੇ ਦਿੰਦੇ ਹਨ। ਇਹਨਾਂ ਸਿਆਸੀ ਆਗੂਆਂ ਦੇ ਸਮਰਥਕਾਂ ਵੱਲੋਂ ਅਕਸਰ ਹਿੰਸਕ ਅੰਦੋਲਨ ਕੀਤਾ ਜਾਂਦਾ ਹੈ।

ਭਾਰਤ ਵਿੱਚ ਕਰੀਬ 8 ਰਾਸ਼ਟਰੀ ਸਿਆਸੀ ਪਾਰਟੀਆਂ ਹਨ ਅਤੇ ਅਨੇਕਾਂ ਹੀ ਖੇਤਰੀ ਸਿਆਸੀ ਪਾਰਟੀਆਂ ਹਨ। ਹਰ ਦਿਨ ਅਕਸਰ ਕਿਸੇ ਨਾ ਕਿਸੇ ਪਾਰਟੀ ਦਾ ਆਗੂ ਕਿਸੇ ਨਾ ਕਿਸੇ ਘੋਟਾਲੇ ਵਿੱਚ ਫੜਿਆ ਜਾਂਦਾ ਹੈ ਅਤੇ ਉਸਦੇ ਸਮਰਥਕਾਂ ਵੱਲੋਂ ਫਿਰ ਸ਼ਕਤੀ ਪ੍ਰਦਰਸ਼ਨ ਕੀਤਾ ਜਾਂਦਾ ਹੈ। ਭਾਰਤ ਵਿੱਚ ਅਜੇ ਵੀ ਲੋਕਤੰਤਰ ਬਹੁਤ ਮਜ਼ਬੂਤ ਹੈ ਅਤੇ ਭਾਰਤ ਵਿੱਚ ਹਰ ਕਿਸੇ ਨੂੰ ਗੱਲ ਕਰਨ ਅਤੇ ਬੋਲਣ ਦੀ ਆਜ਼ਾਦੀ ਦਿੱਤੀ ਹੋਈ ਹੈ ਪਰ ਵੇਖਣ ਵਿੱਚ ਆਇਆ ਹੈ ਕਿ ਵੱਡੀ ਗਿਣਤੀ ਨੇਤਾ ਜਦੋਂ ਕਿਸੇ ਘੋਟਾਲੇ ਵਿੱਚ ਫ਼ਸ ਜਾਂਦੇ ਹਨ ਤਾਂ ਅਕਸਰ ਆਪਣੇ ਵਿਰੋਧੀ ਆਗੂਆਂ ਬਾਰੇ ਅਤੇ ਉਹਨਾਂ ਵਿਰੁੱਧ ਸ਼ਿਕਾਇਤ ਕਰਨ ਵਾਲਿਆਂ ਬਾਰੇ ਅਪਸ਼ਬਦ ਬੋਲਦੇ ਹਨ ਅਤੇ ਕਈ ਤਰ੍ਹਾਂ ਦੀਆਂ ਧਮਕੀਆਂ ਵੀ ਦਿੰਦੇ ਹਨ। ਇਥੋਂ ਤੱਕ ਕਿ ਇਹਨਾਂ ਨੇਤਾਵਾਂ ਦੇ ਸਮਰਥਕ ਵੀ ਵਿਰੋਧੀਆਂ ਨੂੰ ਅਕਸਰ ਧਮਕੀਆਂ ਵੀ ਦੇਣ ਲੱਗਦੇ ਹਨ। ਭਾਰਤ ਵਿੱਚ ਜੇ ਰੈਲੀਆਂ ਕਰਨ ਦੀ ਆਜ਼ਾਦੀ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਇਸ ਦਾ ਨਾਜਾਇਜ਼ ਫ਼ਾਇਦਾ ਉਠਾਇਆ ਜਾਵੇ। ਪਰ ਵੇਖਣ ਵਿੱਚ ਆਇਆ ਹੈ ਕਿ ਕਿ ਭ੍ਰਿਸ਼ਟਾਚਾਰ ਵਿੱਚ ਫ਼ਸੇ ਆਗੂ ਅਕਸਰ ਇਸ ਆਜ਼ਾਦੀ ਦਾ ਨਾਜਾਇਜ਼ ਫ਼ਾਇਦਾ ਉਠਾਉਂਦੇ ਹਨ ਅਤੇ ਜਦੋਂ ਉਹ ਫ਼ੜੇ ਜਾਂਦੇ ਹਨ ਤਾਂ ਆਪਣੇ ਸਮਰਥਕਾਂ ਦਾ ਵੱਡਾ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਕਰਦੇ ਹਨ ਅਤੇ ਵਿਰੋਧੀਆਂ 'ਤੇ ਦਬਾਓ ਪਾਉਣ ਦਾ ਯਤਨ ਕਰਦੇ ਹਨ। ਜਦੋਂ ਵੀ ਕੋਈ ਸਿਆਸੀ ਨੇਤਾ ਭ੍ਰਿਸ਼ਟਾਚਾਰ, ਬਲਾਤਕਾਰ ਜਾਂ ਹੋਰ ਘਪਲੇ ਵਿੱਚ ਫ਼ਸਦਾ ਹੈ ਤਾਂ ਉਹ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਹੈ ਭਾਵੇਂ ਕਿ ਸਬੂਤ ਉਸਦੇ ਵਿਰੋਧ ਵਿੱਚ ਹੁੰਦੇ ਹਨ। ਅਜਿਹੇ ਭ੍ਰਿਸ਼ਟ ਆਗੂਆਂ ਦੇ ਸਮਰਥਕ ਆਪਣੇ ਨੇਤਾਵਾਂ ਨੂੰ ਨਿਰਦੋਸ਼ ਦੱਸਦੇ ਹੋਏ ਅਕਸਰ ਧਰਨੇ ਰੈਲੀਆਂ ਕਰਦੇ ਹਨ ਅਤੇ ਰੋਸ ਪ੍ਰਦਰਸ਼ਨ ਕਰਦੇ ਹਨ, ਜਿਸ ਕਾਰਨ ਆਮ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਭਾਰਤ ਵਿੱਚ ਇਸ ਤਰ੍ਹਾਂ ਦਾ ਵਧਦਾ ਜਾ ਰਿਹਾ ਰੁਝਾਨ ਬਹੁਤ ਖਤਰਨਾਕ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਭ੍ਰਿਸ਼ਟਾਚਾਰ/ਬਲਾਤਕਾਰ ਅਤੇ ਹੋਰ ਦੋਸ਼ਾਂ ਵਿੱਚ ਗ੍ਰਿਫ਼ਤਾਰ ਸਿਆਸੀ ਆਗੂਆਂ ਦੇ ਸਮਰਥਕਾਂ ਵੱਲੋਂ ਕੀਤਾ ਜਾਂਦਾ ਸ਼ਕਤੀ ਪ੍ਰਦਰਸ਼ਨ ਕਿੰਨਾ ਕੁ ਜਾਇਜ਼ ਹੈ ?







## ਦਰਪਣ ਝੂਠ ਨਹੀਂ ਬੋਲਦਾ

# ਸੱਚ ਦੀ ਆਵਾਜ਼ ਉਠਾਉਂਦੀ ਫ਼ਿਲਮ 'ਸਤਲੁਜ' 'ਤੇ ਸੈਂਸਰਸ਼ਿਪ ਕਿਉ ? : ਨਵਕਿਰਨ ਕੌਰ ਖਾਲੜਾ

## ਫ਼ਿਰਕੂ ਨੈਰੇਟਿਵ ਦੀ ਬਜਾਏ ਪੰਜਾਬ ਵਿੱਚ ਹੋਈਆਂ ਮੌਤਾਂ ਦਾ 'ਡੇਥ ਸੈਂਸਸ' ਕਰਵਾਏ ਸਰਕਾਰ

ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਪੰਜਾਬ ਸੰਤਾਪ ਦੇ ਦੌਰ ਦੌਰਾਨ ਹੋਏ ਕਥਿਤ ਫ਼ਰਜ਼ੀ ਐਨਕਾਊਂਟਰਾਂ 'ਤੇ ਆਧਾਰਿਤ ਬਾਇਓਪਿਕ ਫ਼ਿਲਮ 'ਸਤਲੁਜ' (ਜਿਸ ਵਿੱਚ ਮੁੱਖ ਕਿਰਦਾਰ ਦਿਲਜੀਤ ਸਿੰਘ ਦੋਸਾਂਝ ਨੇ ਨਿਭਾਇਆ ਹੈ) ਨੂੰ ਭਾਰਤ ਸਰਕਾਰ ਵੱਲੋਂ ਬੈਨ ਕੀਤੇ ਜਾਣ ਅਤੇ ਓ.ਟੀ.ਟੀ. ਪਲੇਟਫ਼ਾਰਮਾਂ ਤੋਂ ਹਟਾਏ ਜਾਣ ਤੋਂ ਬਾਅਦ ਇਹ ਮੁੱਦਾ ਇੱਕ ਵਾਰ ਫ਼ਿਰ ਦੇਸ਼-ਵਿਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਭਾਵੇਂ ਫ਼ਿਲਮ ਦੀ ਸਟ੍ਰੀਮਿੰਗ 'ਤੇ ਰੋਕ ਲਗਾ ਦਿੱਤੀ ਗਈ ਹੈ, ਪਰ ਪੂਰੇ ਪੰਜਾਬ ਵਿੱਚ ਇਸ ਦੀ ਕਮਿਊਨਿਟੀ ਸਕ੍ਰੀਨਿੰਗ ਲਗਾਤਾਰ ਜਾਰੀ ਹੈ। ਇਸੇ ਵਿਵਾਦ ਦੇ ਵਿਚਕਾਰ, ਸਰਦਾਰ ਜਸਵੰਤ ਸਿੰਘ ਖਾਲੜਾ ਦੀ ਬੇਟੀ ਨਵਕਿਰਨ ਕੌਰ ਖਾਲੜਾ (ਜੋ ਇਸ ਸਮੇਂ ਅਮਰੀਕਾ ਵਿੱਚ ਇੱਕ ਇੰਜੀਨੀਅਰ ਹਨ) ਨੇ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਆਪਣੇ ਪਿਤਾ ਦੀ ਯਾਦ, ਪਰਿਵਾਰ ਦੇ ਸੰਘਰਸ਼ ਅਤੇ ਮੌਜੂਦਾ ਸਿਆਸੀ ਮਾਹੌਲ 'ਤੇ ਖੁੱਲ੍ਹ ਕੇ ਗੱਲ ਕੀਤੀ ਹੈ।

ਨਵਕਿਰਨ ਕੌਰ ਖਾਲੜਾ ਨੇ ਦੱਸਿਆ ਕਿ ਜਦੋਂ 6 ਸਤੰਬਰ 1995 ਦੀ ਸਵੇਰ ਨੂੰ ਉਨ੍ਹਾਂ ਨੇ ਆਪਣੇ ਪਿਤਾ ਨੂੰ ਆਖਰੀ ਵਾਰ ਦੇਖਿਆ ਸੀ, ਉਦੋਂ ਉਹ ਖੁਦ 10 ਸਾਲ ਦੇ ਸਨ ਅਤੇ ਉਨ੍ਹਾਂ ਦਾ ਛੋਟਾ ਭਰਾ ਜਨਮੀਤ ਸਿਰਫ਼ 8 ਸਾਲ ਦਾ ਸੀ। ਜਦੋਂ ਉਹ ਸਕੂਲ ਤੋਂ ਘਰ ਪਰਤੇ, ਤਾਂ ਪਤਾ ਲੱਗਿਆ ਕਿ ਪੰਜਾਬ ਪੁਲਿਸ ਉਨ੍ਹਾਂ ਦੇ ਪਿਤਾ ਨੂੰ ਅੰਮ੍ਰਿਤਸਰ ਸਥਿਤ ਘਰ ਦੇ ਬਾਹਰੋਂ ਚੁੱਕ ਕੇ ਲੈ ਗਈ ਸੀ।

ਜਸਵੰਤ ਸਿੰਘ ਖਾਲੜਾ ਉਸ ਦੌਰ ਵਿੱਚ ਪੰਜਾਬ ਅੰਦਰ ਹਜ਼ਾਰਾਂ ਲਾਵਾਰਿਸ ਲਾਸ਼ਾਂ ਦੇ ਕਥਿਤ ਗੈਰ-ਕਾਨੂੰਨੀ ਅੰਤਿਮ ਸਸਕਾਰਾਂ ਦਾ ਦਸਤਾਵੇਜ਼ੀਕਰਨ ਕਰ ਰਹੇ ਸਨ। ਉਨ੍ਹਾਂ ਦੇ ਅਨੁਮਾਨ ਮੁਤਾਬਕ ਪੂਰੇ ਪੰਜਾਬ ਵਿੱਚ ਲਗਭਗ 25,000 ਲੋਕਾਂ ਦਾ ਗੁਪਤ ਰੂਪ ਵਿੱਚ ਸਸਕਾਰ ਕਰ ਦਿੱਤਾ ਗਿਆ ਸੀ।ਪੁਲਿਸ ਹਿਰਾਸਤ ਵਿੱਚ ਹਫ਼ਤਿਆਂ ਤੱਕ ਅੰਨ੍ਹੇਵਾਹ ਤਸ਼ੱਦਦ ਸਹਿਣ ਤੋਂ ਬਾਅਦ ਜਸਵੰਤ ਸਿੰਘ ਖਾਲੜਾ ਦੀ ਹੱਤਿਆ ਕਰ ਦਿੱਤੀ ਗਈ ਸੀ।

ਨਵਕਿਰਨ ਕੌਰ ਖਾਲੜਾ ਦਾ ਕਹਿਣਾ ਸੀ ਕਿ ਪੁਲਿਸ ਵਾਲਿਆਂ ਨੇ ਸ਼ਾਇਦ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਇੰਨੀਆਂ ਸਾਰੀਆਂ ਹੱਤਿਆਵਾਂ ਤੋਂ ਬਾਅਦ, ਇੱਕ ਲਾਸ਼




(ਜਸਵੰਤ ਸਿੰਘ ਖਾਲੜਾ) ਉਨ੍ਹਾਂ ਲਈ ਅਤੇ ਪੂਰੇ ਸਿਸਟਮ ਲਈ ਇੰਨੀ ਭਾਰੀ ਪੈ ਜਾਵੇਗੀ ਕਿ ਤਿੰਨ ਦਹਾਕਿਆਂ ਬਾਅਦ ਵੀ ਰਾਜ ਉਸ ਨੂੰ ਭੁਲਾ ਨਹੀਂ ਸਕਿਆ।

ਨਵਕਿਰਨ ਕੌਰ ਖਾਲੜਾ ਦਾ ਕਹਿਣਾ ਸੀ ਕਿ ਪਿਤਾ ਦੇ ਲਾਪਤਾ ਹੋਣ ਤੋਂ ਬਾਅਦ, ਉਨ੍ਹਾਂ ਦੀ ਮਾਤਾ ਪਰਮਜੀਤ ਕੌਰ ਖਾਲੜਾ ਨੇ ਡਰ ਕੇ ਬੈਠਣ ਦੀ ਬਜਾਏ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ।ਉਨ੍ਹਾਂ ਨੇ ਨਾ ਸਿਰਫ਼ ਆਪਣੇ ਪਤੀ ਦੀ ਗੁੰਮਸ਼ੁਦਗੀ ਦਾ ਮੁੱਦਾ ਚੁੱਕਿਆ, ਬਲਕਿ ਜਸਵੰਤ ਸਿੰਘ ਖਾਲੜਾ ਵੱਲੋਂ ਇਕੱਠੇ ਕੀਤੇ ਗਏ ਫ਼ਰਜ਼ੀ ਐਨਕਾਊਂਟਰਾਂ ਅਤੇ ਗ਼ੈਰ-ਕਾਨੂੰਨੀ ਸਸਕਾਰਾਂ ਦੇ ਸਾਰੇ ਸਬੂਤ ਅਦਾਲਤ ਦੇ ਸਾਹਮਣੇ ਰੱਖ ਦਿੱਤੇ।

ਉਨ੍ਹਾਂ ਕਿਹਾ ਕਿ ਇਹੀ ਜਾਂਚ ਬਾਅਦ ਵਿੱਚ ਸੀ.ਬੀ.ਆਈ. ਦੀ ਜਾਂਚ ਦਾ ਆਧਾਰ ਬਣੀ, ਜਿਸ ਦੇ ਸਿੱਟੇ ਵਜੋਂ ਸਾਲ 2011 ਵਿੱਚ ਸੁਪਰੀਮ ਕੋਰਟ ਨੇ ਪੰਜ ਦੋਸ਼ੀ ਪੁਲਿਸ ਮੁਲਾਜ਼ਮਾਂ ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ। 1998 ਵਿੱਚ ਜਦੋਂ ਇੱਕ ਸਾਬਕਾ ਪੁਲਿਸ ਮੁਲਾਜ਼ਮ ਕੁਲਦੀਪ ਸਿੰਘ ਬਚੜਾ ਨੇ ਖੁਲਾਸਾ ਕੀਤਾ ਕਿ ਖਾਲੜਾ ਨੂੰ ਕਿਸ ਤਰ੍ਹਾਂ ਪੁਲਿਸ ਅਧਿਕਾਰੀ ਅਜੀਤ ਸਿੰਘ ਨੇ ਭਿਅੰਕਰ ਤਸ਼ੱਦਦ ਕਰਕੇ ਮਾਰਿਆ ਸੀ, ਉਦੋਂ ਜਾ ਕੇ ਪਰਿਵਾਰ ਨੂੰ ਉਨ੍ਹਾਂ ਦੀ ਸ਼ਹਾਦਤ ਦਾ ਪੱਕਾ ਪਤਾ ਲੱਗਿਆ ਸੀ।

ਕੇਂਦਰ ਸਰਕਾਰ ਵੱਲੋਂ ਸੁਰੱਖਿਆ ਚਿੰਤਾਵਾਂ ਅਤੇ ਕੱਟੜ ਭਾਵਨਾਵਾਂ ਨੂੰ ਭੜਕਾਉਣ ਦਾ ਹਵਾਲਾ ਦੇ ਕੇ ਫ਼ਿਲਮ 'ਸਤਲੁਜ' 'ਤੇ ਲਗਾਈ ਪਾਬੰਦੀ ਬਾਰੇ ਬੀਬੀ ਨਵਕਿਰਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਵਿਰੋਧ 'ਤੇ ਕੋਈ ਹੈਰਾਨੀ ਨਹੀਂ ਹੋਈ। ਉਨ੍ਹਾਂ ਨੇ ਡਾਇਰੈਕਟਰ ਹਨੀ ਤ੍ਰੇਹਨ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਹ ਫ਼ਿਲਮ ਬਣਾਉਣਾ ਆਸਾਨ ਨਹੀਂ ਹੋਵੇਗਾ, ਕਿਉਂਕਿ ਫ਼ਿਲਮ ਪੂਰੀ ਤਰ੍ਹਾਂ ਕੋਰਟ ਦੇ ਰਿਕਾਰਡਾਂ ਅਤੇ ਦਸਤਾਵੇਜ਼ੀ ਸਬੂਤਾਂ 'ਤੇ ਆਧਾਰਿਤ ਹੈ, ਇਸ ਵਿੱਚ ਕੁਝ ਵੀ ਮਨਘੜਤ ਨਹੀਂ ਹੈ।

ਜਦੋਂ ਆਲੋਚਕਾਂ ਅਤੇ ਕੁਝ ਸਿਆਸਤਦਾਨਾਂ ਵੱਲੋਂ ਜਸਵੰਤ ਸਿੰਘ ਖਾਲੜਾ ਨੂੰ 'ਖਾਲਿਸਤਾਨ ਅੰਦੋਲਨ ਦਾ ਹਮਦਰਦ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਤਾਂ ਨਵਕਿਰਨ ਕੌਰ ਨੇ ਬੜੀ ਸਾਫ਼ਗੋਈ ਨਾਲ ਜਵਾਬ ਦਿੱਤਾ ਕਿ ਜਸਵੰਤ ਸਿੰਘ ਖਾਲੜਾ ਦੇ ਖਿਲਾਫ਼ ਆਪਣੇ ਜੀਵਨ ਵਿੱਚ ਇੱਕ ਵੀ ਕ੍ਰਿਮੀਨਲ ਕੇਸ ਦਰਜ ਨਹੀਂ ਸੀ। ਪੰਜਾਬ ਪੁਲਿਸ ਨੇ ਵੀ ਟ੍ਰਾਇਲ ਦੌਰਾਨ ਇਹ ਮੰਨਿਆ ਸੀ। ਜੇਕਰ ਉਹ ਅਪਰਾਧੀ ਨਹੀਂ ਸਨ, ਤਾਂ ਉਨ੍ਹਾਂ ਨੂੰ ਅਗਵਾ ਕਰਕੇ ਕਿਉਂ ਮਾਰਿਆ ਗਿਆ ?

# ਕੀ ਬਿਸ਼ਨੋਈ ਤੇ ਹੋਰ ਗੈਂਗਸਟਰਾਂ ਨੂੰ ਅਮਰੀਕਾ ਦੇ ਸਪੁਰਦ ਕਰੇਗਾ ਭਾਰਤ ?

## ਅਮਰੀਕਾ ਦੀ 'ਟਰਾਂਸਨੈਸ਼ਨਲ ਰੈਪ੍ਰੈਸ਼ਨ' ਨੀਤੀ: ਭਾਰਤ 'ਤੇ ਕੂਟਨੀਤਕ ਦਬਾਅ ਬਣਾਉਣ ਦੀ ਰਾਜਨੀਤੀ ?

## ਨਿੱਝਰ ਕਤਲ ਕਾਂਡ 'ਚ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਨਾਮਜ਼ਦ; ਐਫ.ਬੀ.ਆਈ. ਦੀ ਚਾਰਜਸ਼ੀਟ ਨੇ ਹਿਲਾਈ ਸਿਆਸਤ

ਅਮਰੀਕਾ ਦੇ ਨਿਆਂ ਮੰਤਰਾਲੇ ਅਤੇ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਚਲਾਏ ਗਏ 'ਅਪਰੇਸ਼ਨ ਹਾਰਡ ਬਾਲ' ਨੇ ਭਾਰਤ-ਅਮਰੀਕਾ ਅਤੇ ਭਾਰਤ-ਕੈਨੇਡਾ ਦੇ ਰਿਸ਼ਤਿਆਂ ਵਿੱਚ ਇੱਕ ਨਵੀਂ ਪੇਚੀਦਗੀ ਖੜ੍ਹੀ ਕਰ ਦਿੱਤੀ ਹੈ।ਅਮਰੀਕੀ ਸੰਘੀ ਵਕੀਲਾਂ ਵੱਲੋਂ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਸਮੇਤ 37 ਵਿਅਕਤੀਆਂ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਕਤਲ, ਜਬਰੀ ਵਸੂਲੀ , ਅਤੇ ਨਸ਼ਾ ਤਸਕਰੀ ਵਰਗੇ ਗੰਭੀਰ ਜੁਰਮਾਂ ਦੇ ਇਲਜ਼ਾਮ ਲਗਾਉਣਾ ਅਤੇ 24 ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨਾ ਇਹ ਸਿੱਧ ਕਰਦਾ ਹੈ ਕਿ ਭਾਰਤੀ ਗੈਂਗਸਟਰਾਂ ਦਾ ਜਾਲ ਹੁਣ ਗਲੋਬਲ ਹੋ ਚੁੱਕਾ ਹੈ।

ਸਭ ਤੋਂ ਵੱਧ ਹੈਰਾਨੀਜਨਕ ਅਤੇ ਚਿੰਤਾਜਨਕ ਪਹਿਲੂ ਇਹ ਹੈ ਕਿ ਇਸ ਚਾਰਜਸ਼ੀਟ ਵਿੱਚ ਸਾਲ 2023 ਵਿੱਚ ਕੈਨੇਡਾ ਦੀ ਧਰਤੀ 'ਤੇ ਹੋਏ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਤਾਰ ਵੀ ਸਿੱਧੇ ਤੌਰ 'ਤੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨਾਲ ਜੋੜੇ ਗਏ ਹਨ। ਪਰ ਇਸ ਕਾਰਵਾਈ ਨੇ ਜਿੱਥੇ ਅਪਰਾਧਿਕ ਗਿਰੋਹਾਂ ਦੀ ਕਮਰ ਤੋੜੀ ਹੈ, ਉੱਥੇ ਹੀ ਭਾਰਤ ਦੀ ਘਰੇਲੂ ਸੁਰੱਖਿਆ, ਨਿਆਂ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਅਕਸ ਦੇ ਸਾਹਮਣੇ ਕਈ ਤਿੱਖੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਮਰੀਕੀ ਜਾਂਚ ਏਜੰਸੀਆਂ ਦਾ ਇਹ ਦਾਅਵਾ ਭਾਰਤ ਲਈ ਬੇਹੱਦ ਅਸਹਿਜ ਕਰਨ ਵਾਲਾ ਹੈ ਕਿ ਲਾਰੈਂਸ ਬਿਸ਼ਨੋਈ ਗੁਜਰਾਤ ਦੀ ਉੱਚ ਸੁਰੱਖਿਆ ਵਾਲੀ ਸਾਬਰਮਤੀ ਜੇਲ੍ਹ ਵਿੱਚ ਬੰਦ ਹੋਣ ਦੇ ਬਾਵਜੂਦ, ਤਸਕਰੀ ਕੀਤੇ ਗਏ ਮੋਬਾਈਲ ਫ਼ੋਨਾਂ ਅਤੇ ਐਡਵਾਂਸਡ ਇੰਟਰਨੈੱਟ ਕਾਲਿੰਗ ਐਪਸ ਰਾਹੀਂ ਵਿਦੇਸ਼ਾਂ ਵਿੱਚ ਸੁਪਾਰੀ ਦੇ ਕੇ ਕਤਲ ਅਤੇ ਕਰੋੜਾਂ ਦੀ ਫ਼ਿਰੌਤੀ ਦੇ ਧੰਦੇ ਨੂੰ ਚਲਾ ਰਿਹਾ ਹੈ। ਇਹ ਭਾਰਤੀ ਜੇਲ੍ਹ ਪ੍ਰਬੰਧਾਂ ਦੀ ਭਰੋਸੇਯੋਗਤਾ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਹੈ।

ਇਸ ਤੋਂ ਵੀ ਵੱਧ ਗੰਭੀਰ ਮਾਮਲਾ ਪੰਜਾਬ ਪੁਲਿਸ ਦੇ ਇੱਕ ਸੇਵਾਮੁਕਤ/ਮੌਜੂਦਾ ਅਧਿਕਾਰੀ (ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ) 'ਤੇ ਲੱਗੇ ਇਲਜ਼ਾਮਾਂ ਦਾ ਹੈ। ਐਫ਼.ਬੀ.ਆਈ. ਮੁਤਾਬਕ, ਇਸ ਅਧਿਕਾਰੀ ਨੇ ਅਮਰੀਕਾ ਵਿੱਚ ਬੈਠੇ ਭਗਵਾਨਪੁਰੀਆ ਗੈਂਗ ਦੇ ਮੈਂਬਰਾਂ ਨਾਲ ਮਿਲ ਕੇ, ਭਾਰਤ ਵਿੱਚ ਰਹਿ ਰਹੇ ਇੱਕ ਪੀੜਤ ਪ੍ਰਵਾਸੀ ਪੰਜਾਬੀ ਪਰਿਵਾਰ ਨੂੰ ਝੂਠੇ ਕਤਲ ਕੇਸ ਵਿੱਚ ਫ਼ਸਾਉਣ ਦੀ ਧਮਕੀ ਦੇ ਕੇ ਲੱਖਾਂ ਡਾਲਰ ਦੀ ਵਸੂਲੀ ਕਰਨ ਦੀ ਕੋਸ਼ਿਸ਼ ਕੀਤੀ। ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੀ ਅਪਰਾਧੀਆਂ ਨਾਲ ਅਜਿਹੀ ਕਥਿਤ ਮਿਲੀਭੁਗਤ ਭਾਰਤ ਦੀ ਅੰਦਰੂਨੀ ਪੁਲਿਸ ਵਿਵਸਥਾ ਦੇ ਅਕਸ ਨੂੰ ਕੌਮਾਂਤਰੀ ਪੱਧਰ 'ਤੇ ਢਾਹ ਲਗਾਉਂਦੀ ਹੈ। ਐਫ਼.ਬੀ.ਆਈ. ਦੀ ਜਾਂਚ ਦੇ ਦਾਇਰੇ ਵਿੱਚ ਸਿਰਫ਼ ਇੰਸਪੈਕਟਰ ਗੁਰਿੰਦਰਜੀਤ ਸਿੰਘ ਹੀ ਨਹੀਂ ਹੈ।ਅਮਰੀਕਨ ਮੀਡੀਆ ਦੇ ਸੂਤਰਾਂ ਮੁਤਾਬਕ, ਅਮਰੀਕੀ ਏਜੰਸੀਆਂ ਕੋਲ ਕਈ ਹੋਰ ਕਾਲ ਰਿਕਾਰਡਸ, ਵਟਸਐਪ ਚੈਟਸ ਅਤੇ ਡਿਜੀਟਲ ਸਬੂਤ ਹਨ, ਜਿਨ੍ਹਾਂ ਵਿੱਚ ਪੰਜਾਬ ਦੇ ਕੁਝ ਹੋਰ ਮੌਜੂਦਾ ਅਤੇ ਸਾਬਕਾ ਪੁਲਿਸ ਅਧਿਕਾਰੀਆਂ ਦੇ ਨਾਮ ਸਾਹਮਣੇ ਆ ਰਹੇ ਹਨ।

ਅਮਰੀਕਾ ਵੱਲੋਂ ਜਲਦ ਹੀ ਲਾਰੈਂਸ ਬਿਸ਼ਨੋਈ ਅਤੇ ਪੁਲਿਸ ਅਧਿਕਾਰੀ ਦੀ ਹਵਾਲਗੀ ਦੀ ਰਸਮੀ ਬੇਨਤੀ ਭਾਰਤ ਸਰਕਾਰ ਨੂੰ ਭੇਜੀ ਜਾ ਸਕਦੀ ਹੈ। ਸਾਲ 1997 ਦੀ ਭਾਰਤ-ਅਮਰੀਕਾ ਹਵਾਲਗੀ ਸੰਧੀ ਮੁਤਾਬਕ, ਦੋਵੇਂ ਦੇਸ਼ ਅਪਰਾਧੀਆਂ ਨੂੰ ਸੌਂਪਣ ਲਈ ਕਾਨੂੰਨੀ ਤੌਰ 'ਤੇ ਪਾਬੰਦ ਹਨ, ਬਸ਼ਰਤੇ ਉਹ ਜੁਰਮ ਦੋਵਾਂ ਦੇਸ਼ਾਂ ਦੇ ਕਾਨੂੰਨ ਮੁਤਾਬਕ ਸਜ਼ਾਯੋਗ ਹੋਵੇ।

ਜੇਕਰ ਭਾਰਤ ਹਵਾਲਗੀ ਮੰਨਦਾ ਹੈ: ਤਾਂ ਇਸ ਨਾਲ ਅਮਰੀਕਾ ਨਾਲ ਰਣਨੀਤਕ ਅਤੇ ਸੁਰੱਖਿਆ ਸਬੰਧ ਹੋਰ ਮਜ਼ਬੂਤ ਹੋਣਗੇ (ਜਿਵੇਂ 2008 ਦੇ ਮੁੰਬਈ ਹਮਲਿਆਂ ਦੇ

# ਜਨਤਾ ਦਾ ਪੈਸਾ ਅਤੇ ਵਿਦੇਸ਼ੀ ਨੇਤਾ ਦਾ ਸਵਾਗਤ

## ਮੋਦੀ-ਅਲਬਾਨੀਜ਼ ਰੈਲੀ 'ਤੇ ਭੜਕਿਆ ਆਸਟ੍ਰੇਲੀਆਈ ਮੀਡੀਆ

## ਪੀ.ਐਮ. 'ਤੇ ਲੱਗੇ ਵੋਟ ਬੈਂਕ ਦੀ ਸਿਆਸਤ ਦੇ ਦੋਸ਼

ਮੇਲਬੌਰਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਸਟ੍ਰੇਲੀਆਈ ਪੀ.ਐਮ. ਐਂਥਨੀ ਅਲਬਾਨੀਜ਼ ਦੀ ਸਾਂਝੀ ਰੈਲੀ ਨੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇਸ ਰੈਲੀ ਵਿੱਚ ਹਜ਼ਾਰਾਂ ਦੀ ਭੀੜ ਇਕੱਠੀ ਹੋਈ ਸੀ। ਇੱਕ ਪਾਸੇ ਇਸ ਨੂੰ ਭਾਰਤੀ ਪ੍ਰਵਾਸੀਆਂ ਦੀ ਵਧ ਰਹੀ ਤਾਕਤ ਵਜੋਂ ਦੇਖਿਆ ਜਾ ਰਿਹਾ ਹੈ। ਦੂਜੇ ਪਾਸੇ, ਆਸਟ੍ਰੇਲੀਆਈ ਮੀਡੀਆ ਇਸ ਦੀ ਤਿੱਖੀ ਆਲੋਚਨਾ ਕਰ ਰਿਹਾ ਹੈ। ਸਕਾਈ ਨਿਊਜ਼ ਆਸਟ੍ਰੇਲੀਆ ਦੇ ਪੱਤਰਕਾਰ ਜੇਮਜ਼ ਮੋਰੋ ਨੇ ਇਸ ਪ੍ਰੋਗਰਾਮ 'ਤੇ ਵੱਡੇ ਸਵਾਲ ਚੁੱਕੇ ਹਨ। ਉਨ੍ਹਾਂ ਮੁਤਾਬਕ ਇਹ ਭੀੜ ਮਸ਼ਹੂਰ ਗਾਇਕਾ ਟੇਲਰ ਸਵਿਫ਼ਟ ਦੇ ਸ਼ੋਅ ਤੋਂ ਵੀ ਜ਼ਿਆਦਾ ਸੀ। ਮੀਡੀਆ ਨੇ ਪੀ.ਐਮ. ਅਲਬਾਨੀਜ਼ ਦਾ ਮਜ਼ਾਕ ਵੀ ਉਡਾਇਆ ਹੈ। ਰਿਪੋਰਟਾਂ ਮੁਤਾਬਕ ਅਲਬਾਨੀਜ਼ ਪੀ.ਐਮ. ਮੋਦੀ ਨਾਲ ਦਿਖਣ ਲਈ ਬਹੁਤ ਉਤਸ਼ਾਹਿਤ ਸਨ। ਉਹ ਰੈਲੀ ਵਿੱਚ ਮੋਦੀ ਦੀ ਰੱਜ ਕੇ ਤਾਰੀਫ਼ ਕਰ ਰਹੇ ਸਨ ਤੇ ਸੈਲਫ਼ੀਆਂ ਲੈ ਰਹੇ ਸਨ।

ਪੱਤਰਕਾਰਾਂ ਦਾ ਕਹਿਣਾ ਹੈ ਕਿ ਭਾਰਤੀ ਲੋਕ ਬਹੁਤ ਮਿਹਨਤੀ ਹਨ। ਉਹ ਆਸਟ੍ਰੇਲੀਆ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਪਰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਦਾ ਆਪਣੇ ਹੀ ਦੇਸ਼ ਵਿੱਚ ਕਿਸੇ ਵਿਦੇਸ਼ੀ ਨੇਤਾ ਨਾਲ ਮਿਲ ਕੇ ਇਸ ਤਰ੍ਹਾਂ ਦਾ ਪ੍ਰਚਾਰ ਕਰਨਾ ਅਜੀਬ ਤੇ ਗੈਰ



ਲੋਕਤੰਤਰੀ ਹੈ ।ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਪਿਛਲੀਆਂ ਚੋਣਾਂ ਵਿੱਚ 85 ਫ਼ੀਸਦੀ ਭਾਰਤੀਆਂ ਨੇ ਅਲਬਾਨੀਜ਼ ਦੀ 'ਲੇਬਰ ਪਾਰਟੀ' ਨੂੰ ਵੋਟ ਦਿੱਤੀ ਸੀ। ਵਿਕਟੋਰੀਆ ਸੂਬੇ ਵਿੱਚ ਭਾਰਤੀ ਮੂਲ ਦੇ ਲੋਕ ਸਭ ਤੋਂ ਵੱਧ ਰਹਿੰਦੇ ਹਨ। ਆਲੋਚਕਾਂ ਦਾ ਦੋਸ਼ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਇਸੇ ਵੋਟ ਬੈਂਕ ਨੂੰ ਖਿੱਚਣ ਲਈ ਇਹ ਰੈੱਡ ਕਾਰਪੇਟ ਵਿਛਾਇਆ ਗਿਆ ਸੀ। ਇਸ ਸਰਕਾਰੀ ਪ੍ਰੋਗਰਾਮ ਲਈ ਜਨਤਾ ਦੇ ਟੈਕਸ ਦੇ ਪੈਸੇ ਦੀ ਰੱਜ ਕੇ ਵਰਤੋਂ ਕੀਤੀ ਗਈ।ਸਥਾਨਕ ਨਾਗਰਿਕ ਇਸ ਗੱਲੋਂ ਨਾਰਾਜ਼ ਹਨ ਅਤੇ ਕੁਝ ਗਰੁੱਪਾਂ ਨੇ 'ਆਸਟ੍ਰੇਲੀਆਈ ਲੋਕ ਪਹਿਲਾਂ' ਦੇ ਨਾਅਰੇ ਲਗਾ ਕੇ ਵਿਰੋਧ ਵੀ ਕੀਤਾ ।ਹੁਣ ਵਿਦੇਸ਼ ਨੀਤੀ ਅਤੇ ਘਰੇਲੂ ਚੋਣਾਂ ਆਪਸ ਵਿੱਚ ਉਲਝ ਚੁੱਕੀਆਂ ਹਨ। ਪਹਿਲਾਂ ਵਿਦੇਸ਼ ਨੀਤੀ ਦਾ ਮਤਲਬ ਸਿਰਫ਼ ਵਪਾਰ ਅਤੇ ਸੁਰੱਖਿਆ ਹੁੰਦਾ ਸੀ। ਪਰ ਅੱਜ ਵਿਦੇਸ਼ੀ ਨੇਤਾਵਾਂ ਦੀ ਵਰਤੋਂ ਆਪਣੇ ਦੇਸ਼ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕੀਤੀ ਜਾ ਰਹੀ ਹੈ।

ਦੂਜੇ ਪਾਸੇ, ਪੀ.ਐਮ. ਅਲਬਾਨੀਜ਼ ਨੇ ਕਿਹਾ ਕਿ ਆਸਟ੍ਰੇਲੀਆ ਵਿੱਚ ਰਹਿਣ ਵਾਲੇ 10 ਲੱਖ ਤੋਂ ਵੱਧ ਭਾਰਤੀ ਦੋਵਾਂ ਦੇਸ਼ਾਂ ਨੂੰ ਜੋੜਨ ਵਾਲਾ ਇੱਕ ਮਜ਼ਬੂਤ ਪੁਲ ਹਨ। ਇਹ ਪ੍ਰੋਗਰਾਮ ਵੋਟ ਬੈਂਕ ਲਈ ਨਹੀਂ, ਸਗੋਂ ਬਹੁ-ਸੱਭਿਆਚਾਰਕ ਸਮਾਜ ਦਾ ਜਸ਼ਨ ਮਨਾਉਣ ਲਈ ਸੀ। ਸਰਕਾਰ ਨੇ ਸਾਫ਼ ਕੀਤਾ ਕਿ ਭਾਰਤ ਨਾਲ ਰਿਸ਼ਤੇ ਸਿਰਫ਼ ਰੈਲੀਆਂ ਤੱਕ ਸੀਮਤ ਨਹੀਂ ਹਨ। ਇਸ ਦੌਰੇ ਦੌਰਾਨ ਯੂਰੇਨੀਅਮ ਸਪਲਾਈ, ਰੱਖਿਆ ਅਤੇ ਹਿੰਦ-ਪ੍ਰਸ਼ਾਂਤ ਖੇਤਰ ਦੀ ਸੁਰੱਖਿਆ ਲਈ ਅਹਿਮ ਸਮਝੌਤੇ ਹੋਏ ਹਨ। ਮਾਹਿਰਾਂ ਮੁਤਾਬਕ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਭਾਰਤ ਨੂੰ ਨਾਲ ਰੱਖਣਾ ਆਸਟ੍ਰੇਲੀਆ ਦੀ ਲੋੜ ਹੈ।

# ਨਾ ਲਾਸ਼ਾਂ ਮਿਲੀਆਂ ਨਾ ਕ਼ਫ਼ਨ, 27 ਸਾਲ ਬਾਅਦ ਮਿਲਿਆ 'ਅਧੂਰਾ ਇਨਸਾਫ਼'

## ਬਾਬਾ ਚਰਨ ਸਿੰਘ ਕੇਸ ਦੀ ਦਰਦਨਾਕ ਦਾਸਤਾਨ

## ਪੁਲਿਸ ਦੇ ਨਾਮ ਤੋਂ ਅੱਜ ਵੀ ਕੰਬਦੀ ਸੀ ਰੂਹ, ਉੱਜੜੇ ਪੰਜਾਬ ਦੇ ਇੱਕ ਪਰਿਵਾਰ ਦੀ ਚੀਖ਼

## 129 ਪੁਲਿਸ ਅਫ਼ਸਰ ਦੋਸ਼ੀ, 2000 ਤੋਂ ਵੱਧ ਅਣਪਛਾਤੀਆਂ ਲਾਸ਼ਾਂ, ਫ਼ਿਲਮ 'ਸਤਲੁਜ' ਨੇ ਖੋਲ੍ਹੇ ਪੰਜਾਬ ਸੰਤਾਪ ਦੇ ਪੰਨੇ !

ਓ.ਟੀ.ਟੀ. ਪਲੇਟਫ਼ਾਰਮ ਜ਼ੀ 5 ਉੱਤੇ ਰਿਲੀਜ਼ ਹੋਣ ਤੋਂ ਬਾਅਦ ਹਟਾਈ ਗਈ ਫ਼ਿਲਮ 'ਸਤਲੁਜ' (ਜੋ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ 1980 ਤੋਂ 1995 ਦੇ ਦੌਰਾਨ ਪੰਜਾਬ ਵਿੱਚ ਹੋਏ ਕਥਿਤ ਝੂਠੇ ਪੁਲਿਸ ਮੁਕਾਬਲਿਆਂ 'ਤੇ ਅਧਾਰਿਤ ਹੈ) ਨੇ ਸਿਆਸੀ ਦਰਿੰਦਗੀ, ਫਿਰਕੂਵਾਦ ਦੇ ਨਾਲ-ਨਾਲ ਪੀੜਤ ਪਰਿਵਾਰਾਂ ਦੇ ਜ਼ਖਮ ਨੂੰ ਇੱਕ ਵਾਰ ਫਿਰ ਉਚੇੜ ਦਿੱਤਾ ਹੈ। ਇਸ ਫ਼ਿਲਮ ਨੂੰ ਲੈ ਕੇ ਜਿੱਥੇ 'ਆਪ', ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਆਹਮੋ-ਸਾਹਮਣੇ ਹਨ, ਉੱਥੇ ਹੀ ਤਰਨਤਾਰਨ ਦੇ ਪਿੰਡ ਪੰਡੋਰੀ ਰੋਮਾਣਾ ਦੇ ਇੱਕ ਅਜਿਹੇ ਪਰਿਵਾਰ ਦੀ ਦਾਸਤਾਨ ਸਾਹਮਣੇ ਆਈ ਹੈ, ਜਿਸ ਨੇ ਪੁਲਿਸ ਤਸ਼ੱਦਦ ਕਾਰਨ ਆਪਣੇ ਪਰਿਵਾਰ ਦੇ 6 ਮੈਂਬਰ ਹਮੇਸ਼ਾ ਲਈ ਗੁਆ ਦਿੱਤੇ।

**ਕੌਣ ਸਨ ਬਾਬਾ ਚਰਨ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ?**

ਬਾਬਾ ਚਰਨ ਸਿੰਘ ਪੰਜਾਬ ਦੇ ਧਾਰਮਿਕ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਸਨ। ਉਹ ਪੰਜਾਬ ਦੇ ਲਗਭਗ 35 ਗੁਰਦੁਆਰਿਆਂ ਵਿੱਚ ਚੱਲ ਰਹੀ ਕਾਰ ਸੇਵਾ ਦੀ ਦੇਖਭਾਲ, ਉਸਾਰੀ ਅਤੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਸਨ।

ਸਾਲ 1992-93 ਦੇ ਦੌਰਾਨ ਪੰਜਾਬ ਪੁਲਿਸ ਨੇ ਬਾਬਾ ਚਰਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ 5 ਹੋਰ ਮੈਂਬਰਾਂ ਮੇਜਾ ਸਿੰਘ (ਭਰਾ),ਕੇਸਰ ਸਿੰਘ (ਭਰਾ), ਗੁਰਦੇਵ ਸਿੰਘ (ਭਰਾ), ਗੁਰਮੇਜ ਸਿੰਘ (ਸਾਲਾ), ਬਲਵਿੰਦਰ ਸਿੰਘ (ਸਾਲੇ ਦਾ ਪੁੱਤਰ, ਜੋ ਖੁਦ ਪੁਲਿਸ ਵਿੱਚ ਕਾਂਸਟੇਬਲ ਸੀ) ਨੂੰ ਵੱਖ-ਵੱਖ ਥਾਵਾਂ ਤੋਂ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਲਿਆ ਸੀ। ਪੁਲਿਸ ਹਿਰਾਸਤ ਵਿੱਚ ਲੈਣ ਤੋਂ ਬਾਅਦ ਇਹ ਸਾਰੇ ਮੈਂਬਰ ਰਹੱਸਮਈ ਢੰਗ ਨਾਲ ਲਾਪਤਾ ਹੋ ਗਏ। ਪਰਿਵਾਰ ਨੂੰ ਨਾ ਤਾਂ ਆਪਣੇ ਜੀਅ ਵਾਪਸ ਮਿਲੇ ਅਤੇ ਨਾ ਹੀ ਉਨ੍ਹਾਂ ਦੀਆਂ ਲਾਸ਼ਾਂ ਨਸੀਬ ਹੋਈਆਂ।

ਸੀ.ਬੀ.ਆਈ. ਦੀ ਜਾਂਚ ਵਿੱਚ ਕੀ ਸਾਹਮਣੇ ਆਇਆ ?

ਸੀ.ਬੀ.ਆਈ. ਦੀ ਜਾਂਚ ਵਿੱਚ ਇਹ ਸਾਹਮਣੇ ਆਇਆ ਕਿ ਇਨ੍ਹਾਂ ਸਾਰਿਆਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਅਗਵਾ ਕਰਕੇ ਹਿਰਾਸਤ ਵਿੱਚ ਰੱਖਿਆ ਗਿਆ ਸੀ ਅਤੇ ਬਾਅਦ ਵਿੱਚ ਖ਼ਤਮ ਕਰ ਦਿੱਤਾ ਗਿਆ ਸੀ। ਉਸ ਦੌਰ ਵਿੱਚ ਪੁਲਿਸ ਵੱਲੋਂ ਨੌਜਵਾਨਾਂ ਨੂੰ ਚੁੱਕਣਾ ਅਤੇ ਲਾਪਤਾ ਕਰਨਾ ਆਮ ਗੱਲ ਬਣ ਚੁੱਕੀ ਸੀ।

ਬਾਬਾ ਚਰਨ ਸਿੰਘ ਦੇ ਪੁੱਤਰ ਬਾਬਾ ਹੀਰਾ ਸਿੰਘ ਅਤੇ ਭਰਾ ਦੇ ਪੁੱਤਰ ਜਗਜੀਤ ਸਿੰਘ ਮੁਤਾਬਕ, ਉਸ ਸਮੇਂ ਪੁਲਿਸ ਦਾ ਅਜਿਹਾ ਖੌਫ਼ ਸੀ ਕਿ ਘਰ ਦੇ ਬਾਕੀ ਬਚੇ ਨੌਜਵਾਨ ਮੁੰਡੇ ਵੀ ਜਾਨ ਬਚਾਉਣ ਲਈ ਲੁਕਦੇ ਫਿਰਦੇ ਸਨ। ਘਰਾਂ ਵਿੱਚ ਸਿਰਫ਼ ਔਰਤਾਂ ਹੀ ਇਕੱਲੀਆਂ ਰਹਿ ਗਈਆਂ ਸਨ। ਬਾਬਾ ਚਰਨ ਸਿੰਘ ਦੇ ਭਰਾ ਮੇਜਾ ਸਿੰਘ ਦੀ ਪਤਨੀ ਸੁਰਿੰਦਰ ਕੌਰ ਦੱਸਦੀ ਹੈ ਕਿ ਪੁਲਿਸ ਦੇ ਨਾਮ ਤੋਂ ਅੱਜ ਵੀ ਡਰ ਲੱਗਦਾ ਹੈ। ਉਹ ਸਾਡੇ ਸਾਰੇ ਬੰਦੇ ਲੈ ਗਏ। ਲੋਕ ਕਹਿੰਦੇ ਸਨ ਕਿ ਉਨ੍ਹਾਂ ਨੂੰ ਮਾਰ ਕੇ ਹਰੀਕੇ ਨਹਿਰ ਵਿੱਚ ਸੁੱਟ ਦਿੱਤਾ ਹੈ। ਜਦੋਂ ਅਸੀਂ ਸੀ.ਆਈ.ਏ. ਸਟਾਫ਼ ਮਿਲਣ ਗਏ, ਤਾਂ ਸਾਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ।

**ਅਧੂਰਾ ਇਨਸਾਫ ਕਿਉਂ ?**

ਇਸ ਮਾਮਲੇ ਵਿੱਚ ਇਨਸਾਫ਼ ਦੀ ਲੜਾਈ ਬਹੁਤ ਲੰਬੀ ਅਤੇ ਦਰਦਨਾਕ ਰਹੀ। ਸਾਲ 1994 ਵਿੱਚ ਬਾਬਾ ਚਰਨ ਸਿੰਘ ਦੀ ਪਤਨੀ ਸੁਰਜੀਤ ਕੌਰ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। 1997 ਵਿੱਚ ਇਹ ਕੇਸ ਸੀ.ਬੀ.ਆਈ. ਨੂੰ ਸੌਂਪਿਆ ਗਿਆ ਸੀ। ਘਟਨਾ ਦੇ ਲਗਭਗ 27 ਸਾਲਾਂ ਬਾਅਦ, ਸਾਲ 2020 ਵਿੱਚ ਮੋਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ 6 ਸਾਬਕਾ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ ਸੀ।



ਸਾਬਕਾ ਇੰਸਪੈਕਟਰ ਸੂਬਾ ਸਿੰਘ, ਬਿਕਰਮਜੀਤ ਸਿੰਘ ਅਤੇ ਸੁਖਦੇਵ ਸਿੰਘ ਨੂੰ 10-10 ਸਾਲ ਦੀ ਕੈਦ ਹੋਈ ਸੀ। ਸਾਬਕਾ ਸਬ-ਇੰਸਪੈਕਟਰ ਸੁਖਦੇਵ ਰਾਜ ਜੋਸ਼ੀ ਨੂੰ 5 ਸਾਲ ਦੀ ਕੈਦ ਹੋਈ ਸੀ।

ਸਾਬਕਾ ਏ.ਐੱਸ.ਆਈ. ਲੱਖਾ ਸਿੰਘ ਅਤੇ ਸੂਬਾ ਸਿੰਘ ਨੂੰ 2-2 ਸਾਲ ਦੀ ਸਜ਼ਾ ਹੋਈ ਸੀ। 3 ਪੁਲਿਸ ਮੁਲਾਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ, ਜਦਕਿ ਸੁਣਵਾਈ ਦੌਰਾਨ ਹੀ ਸਾਬਕਾ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਸਮੇਤ 7 ਮੁਲਜ਼ਮਾਂ ਦੀ ਮੌਤ ਹੋ ਚੁੱਕੀ ਸੀ।

ਅਧੂਰਾ ਇਨਸਾਫ਼: ਬਾਬਾ ਚਰਨ ਸਿੰਘ ਦੇ ਭਤੀਜੇ ਜਗਜੀਤ ਸਿੰਘ ਮੁਤਾਬਕ, ਫ਼ੈਸਲਾ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮਾਂ ਇਨਸਾਫ਼ ਅਤੇ ਆਪਣੇ ਪਤੀ ਦੀ ਲਾਸ਼ ਉਡੀਕਦੀ ਹੋਈ ਦੁਨੀਆ ਤੋਂ ਚੱਲ ਵਸੀ। ਪਰਿਵਾਰ ਨੇ ਬੇਹੱਦ ਗ਼ਰੀਬੀ ਵਿੱਚ ਦਿਨ ਕੱਟੇ।

ਮੌਜੂਦਾ ਸਮੇਂ ਇਹ ਮਾਮਲਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ ਹੈ। ਦੋਸ਼ੀ ਪੁਲਿਸ ਅਧਿਕਾਰੀਆਂ ਨੇ ਸਜ਼ਾ ਖ਼ਿਲਾਫ਼ ਹਾਈ ਕੋਰਟ ਵਿੱਚ ਅਪੀਲ ਪਾਈ ਸੀ, ਜਦਕਿ ਪੀੜਤ ਪਰਿਵਾਰ ਨੇ ਦੋਸ਼ੀਆਂ ਦੀ ਸਜ਼ਾ ਵਧਾਉਣ ਲਈ ਅਦਾਲਤ ਦਾ ਰੁਖ਼ ਕੀਤਾ ਹੋਇਆ ਸੀ।

**ਪੰਜਾਬ ਵਿੱਚ ਅਜਿਹੇ ਮਾਮਲਿਆਂ ਦੀ ਮੌਜੂਦਾ ਸਥਿਤੀ**

**ਮਨੁੱਖੀ ਅਧਿਕਾਰਾਂ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਅਨੁਸਾਰ:** ਖਾੜਕੂਵਾਦ ਦੇ ਦੌਰ ਨਾਲ ਜੁੜੇ ਅਜਿਹੇ ਮਾਮਲਿਆਂ ਵਿੱਚ ਸੀ.ਬੀ.ਆਈ. ਨੇ ਕੁੱਲ 70 ਕੇਸ ਦਰਜ ਕੀਤੇ ਸਨ, ਜਿਨ੍ਹਾਂ ਵਿੱਚੋਂ 64 ਕੇਸਾਂ ਦਾ ਫ਼ੈਸਲਾ ਆ ਚੁੱਕਾ ਹੈ। ਹੁਣ ਤੱਕ 129 ਤੋਂ ਵੱਧ ਸੇਵਾਮੁਕਤ ਪੁਲਿਸ ਅਧਿਕਾਰੀਆਂ ਨੂੰ ਅਦਾਲਤਾਂ ਵੱਲੋਂ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ।

ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ 2097 ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਵਿੱਚ ਲਗਭਗ 1800 ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਵੀ ਦਿੱਤਾ ਗਿਆ ਹੈ।

ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਅਦਾਲਤੀ ਸੁਣਵਾਈਆਂ ਅਤੇ ਸੀ.ਬੀ.ਆਈ. ਜਾਂਚ ਦੇ ਕਾਰਨ ਹੀ ਇਹ ਸੱਚ ਰਿਕਾਰਡ 'ਤੇ ਆ ਸਕਿਆ ਸੀ ਕਿ ਪੁਲਿਸ ਨੇ ਲੋਕਾਂ ਨੂੰ ਗ਼ੈਰ-ਕਾਨੂੰਨੀ ਹਿਰਾਸਤਾਂ ਵਿੱਚ ਰਖਿਆ ਸੀ ਅਤੇ ਅਣਮਨੁੱਖੀ ਤਸ਼ੱਦਦ ਦਾ ਦੌਰ ਚਲਾਇਆ ਸੀ। 'ਸਤਲੁਜ' ਵਰਗੀਆਂ ਫ਼ਿਲਮਾਂ ਭਾਵੇਂ ਉਨ੍ਹਾਂ ਦੇ ਜ਼ਖਮਾਂ ਨੂੰ ਹਰਾ ਕਰਦੀਆਂ ਹਨ, ਪਰ ਇਹ ਨਵੀਂ ਪੀੜ੍ਹੀ ਨੂੰ ਉਸ ਦੌਰ ਦੇ ਸੱਚ ਦੇ ਰੂਬਰੂ ਕਰਵਾਉਣ ਲਈ ਬੇਹੱਦ ਜ਼ਰੂਰੀ ਹਨ।

ਸ੍ਰ. ਗੁਰਤੇਜ ਸਿੰਘ ਆਈ.ਏ.ਐਸ. ਅਨੁਸਾਰ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਲਗਭਗ 1800 ਪੀੜਤ ਪਰਿਵਾਰਾਂ ਨੂੰ ਆਰਥਿਕ ਮੁਆਵਜ਼ਾ ਦਿੱਤਾ ਸੀ, ਜਿਸ ਨਾਲ ਘੱਟੋ-ਘੱਟ ਸਰਕਾਰੀ ਪੱਧਰ 'ਤੇ ਇਹ ਕਬੂਲਿਆ ਗਿਆ ਸੀ ਕਿ ਉਨ੍ਹਾਂ ਨਾਲ ਜ਼ਿਆਦਤੀ ਹੋਈ ਸੀ। ਉਨ੍ਹਾਂ ਕਿਹਾ ਕਿ ਬਾਬਾ ਚਰਨ ਸਿੰਘ ਕੇਸ ਵਰਗੇ ਮਾਮਲਿਆਂ ਵਿੱਚ ਫ਼ੈਸਲਾ ਆਉਣ ਨੂੰ 27 ਤੋਂ 30 ਸਾਲ ਲੱਗ ਗਏ ਸਨ। ਇਸ ਲੰਬੇ ਸਮੇਂ ਦੌਰਾਨ ਕਈ ਪੀੜਤ ਮਾਵਾਂ ਅਤੇ ਪਿਤਾ ਆਪਣੇ ਪੁੱਤਾਂ ਦੀਆਂ ਲਾਸ਼ਾਂ ਜਾਂ ਇਨਸਾਫ਼ ਦੀ ਉਡੀਕ ਕਰਦੇ-ਕਰਦੇ ਦੁਨੀਆ ਤੋਂ ਚੱਲ ਵਸੇ ਸਨ। ਕਈ ਮੁੱਖ ਮੁਲਜ਼ਮ (ਜਿਵੇਂ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਅਤੇ ਹੋਰ ਕਈ ਅਫ਼ਸਰ) ਅਦਾਲਤੀ ਫ਼ੈਸਲਾ ਆਉਣ ਤੋਂ ਪਹਿਲਾਂ ਹੀ ਮਰ ਗਏ ਜਾਂ ਉਨ੍ਹਾਂ ਨੇ ਖੁਦਕੁਸ਼ੀ ਕਰ ਲਈ। ਪਰਿਵਾਰਾਂ ਮੁਤਾਬਕ, ਜਿਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਸੀ, ਉਹ ਕਾਨੂੰਨ ਦੀ ਗ੍ਰਿਫ਼ਤ ਵਿੱਚ ਆਉਣ ਤੋਂ ਪਹਿਲਾਂ ਹੀ ਚਲੇ ਗਏ ਸਨ।

ਹਾਈਕੋਰਟ ਦੇ ਵਕੀਲ ਰਾਜਵਿੰਦਰ ਬੈਂਸ ਦਾ ਕਹਿਣਾ ਹੈ ਕਿ ਕਈ ਕੇਸਾਂ ਵਿੱਚ ਛੇ ਜਾਨਾਂ ਲੇਣ ਦੇ ਬਦਲੇ ਪੁਲਿਸ ਮੁਲਾਜ਼ਮਾਂ ਨੂੰ ਮਹਿਜ਼ 2 ਸਾਲ, 5 ਸਾਲ ਜਾਂ 10 ਸਾਲ ਦੀ ਸਜ਼ਾ ਮਿਲੀ ਸੀ।

ਪੀੜਤ ਧਿਰਾਂ ਦਾ ਮੰਨਣਾ ਹੈ ਕਿ ਬੇਗੁਨਾਹਾਂ ਦੇ ਕਤਲ ਦੇ ਮੁਕਾਬਲੇ ਇਹ ਸਜ਼ਾਵਾਂ ਬਹੁਤ ਘੱਟ ਸਨ, ਜਿਸ ਕਾਰਨ ਉਨ੍ਹਾਂ ਨੇ ਹਾਈ ਕੋਰਟਾਂ ਵਿੱਚ ਸਜ਼ਾਵਾਂ ਵਧਾਉਣ ਲਈ ਅਪੀਲਾਂ ਪਾਈਆਂ ਗਈਆਂ ਸਨ। ਬੈਂਸ ਦਾ ਕਹਿਣਾ ਹੈ ਕਿ ਅਦਾਲਤਾਂ ਦੋਸ਼ੀਆਂ ਨੂੰ ਸਜ਼ਾ ਤਾਂ ਦੇ ਸਕੀਆਂ, ਪਰ ਉਹ ਪਰਿਵਾਰਾਂ ਨੂੰ ਉਨ੍ਹਾਂ ਦੇ ਜੀਆਂ ਦੀਆਂ ਲਾਸ਼ਾਂ ਜਾਂ ਅੰਤਿਮ ਸਸਕਾਰ ਕਰਨ ਦਾ ਹੱਕ ਨਾ ਦਿਵਾ ਸਕੀਆਂ। ਅੱਜ ਵੀ ਹਜ਼ਾਰਾਂ ਪਰਿਵਾਰਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੇ ਬੱਚਿਆਂ ਦਾ ਅੰਤਿਮ ਸਸਕਾਰ ਕਿੱਥੇ ਅਤੇ ਕਿਸ ਹਾਲ ਵਿੱਚ ਕੀਤਾ ਗਿਆ। ਬੈਂਸ ਦਾ ਕਹਿਣੀ ਕਿ ਅਦਾਲਤਾਂ ਨੇ ਕਾਨੂੰਨੀ ਤੌਰ 'ਤੇ ਗੁਨਾਹਗਾਰਾਂ ਦੀ ਨਿਸ਼ਾਨਦੇਹੀ ਕਰਕੇ ਇੱਕ ਹੱਦ ਤੱਕ ਇਨਸਾਫ਼ ਜ਼ਰੂਰ ਦਿੱਤਾ ਹੈ, ਪਰ ਇਹ ਇਨਸਾਫ਼ ਇੰਨਾ ਦੇਰੀ ਨਾਲ ਅਤੇ ਅਧੂਰਾ ਮਿਲਿਆ ਕਿ ਇਸ ਨੇ ਪੀੜਤਾਂ ਦੇ ਜ਼ਖਮਾਂ ਨੂੰ ਭਰਨ ਦੀ ਬਜਾਏ, ਉਨ੍ਹਾਂ ਦੇ ਦਰਦ ਨੂੰ ਹੋਰ ਲੰਬਾ ਕਰ ਦਿੱਤਾ।

# ਆਗਾਮੀ ਚੋਣਾਂ ਤੋਂ ਪਹਿਲਾਂ 'ਸਤਲੁਜ' 'ਤੇ ਭਖੀ ਸਿਆਸਤ, ਫ਼ਿਰਕੂ ਲੀਡਰ ਖੇਡਣ ਲੱਗੇ ਧਰੁਵੀਕਰਨ ਦੀ ਸਿਆਸਤ

## ਕੇਂਦਰ ਦੀ ਉੱਚ ਪੱਧਰੀ ਕਮੇਟੀ ਵੱਲੋਂ ਪਾਬੰਦੀ ਬਰਕਰਾਰ

## ਪਾਬੰਦੀ ਦੇ ਬਾਵਜੂਦ ਸਤਲੁਜ ਨੂੰ ਪਿੰਡਾਂ ਤੇ ਗੁਰਦੁਆਰਿਆਂ ਨੇ ਦਿੱਤੀ ਨਵੀਂ ਜ਼ਿੰਦਗੀ



ਬਘੇਲ ਸਿੰਘ ਧਾਲੀਵਾਲ
99142-58142

ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਸਤਲੁਜ' (ਜਿਸ ਦਾ ਪਹਿਲਾ ਨਾਮ 'ਪੰਜਾਬ 95' ਸੀ) ਨੂੰ ਲੈ ਕੇ ਵਿਵਾਦ ਦਿਨੋਂ-ਦਿਨ ਗਹਿਰਾਉਂਦਾ ਜਾ ਰਿਹਾ ਹੈ। ਕਈ ਵਾਰ ਇੱਕ ਫ਼ਿਲਮ ਸਿਨੇਮਾ ਦੇ ਪਰਦੇ ਤੋਂ ਕਿਤੇ ਵੱਡੀ ਹੋ ਜਾਂਦੀ ਹੈ। ਉਹ ਸਿਰਫ਼ ਕਲਾ ਦਾ ਮਾਧਿਅਮ ਨਾ ਰਹਿ ਕੇ ਸਗੋਂ ਇਤਿਹਾਸ, ਰਾਜਨੀਤੀ, ਕਾਨੂੰਨ, ਮਨੁੱਖੀ ਅਧਿਕਾਰਾਂ ਤੇ ਲੋਕਤੰਤਰ ਦੇ ਵਿਚਕਾਰ ਚੱਲ ਰਹੀ ਬਹਿਸ ਦਾ ਕੇਂਦਰ ਬਣ ਜਾਂਦੀ ਹੈ। ਅਦਾਕਾਰ ਅਤੇ ਗਾਇਕ ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਅਤੇ ਹਨੀ ਤ੍ਰੇਹਨ ਦੁਆਰਾ ਨਿਰਦੇਸ਼ਿਤ ਫ਼ਿਲਮ 'ਸਤਲੁਜ' (ਪਹਿਲਾ ਨਾਮ 'ਪੰਜਾਬ 95') ਅਜਿਹੀ ਹੀ ਇੱਕ ਸਿਨੇਮਾਈ ਕੋਸ਼ਿਸ਼ ਹੈ। ਲੰਬੇ ਸਮੇਂ ਤੱਕ ਸੈਂਸਰ ਬੋਰਡ ਦੀ ਪ੍ਰਕਿਰਿਆ ਵਿਚੋਂ ਲੰਘਣ ਅਤੇ 120 ਤੋਂ ਵੱਧ ਕਟੌਤੀਆਂ ਦੇ ਸੁਝਾਵਾਂ ਦਾ ਸਾਹਮਣਾ ਕਰਨ ਤੋਂ ਬਾਅਦ, ਜਦੋਂ ਇਹ ਫ਼ਿਲਮ ਓ.ਟੀ.ਟੀ. ਪਲੇਟਫ਼ਾਰਮ 'ਜ਼ੀ5' 'ਤੇ ਰਿਲੀਜ਼ ਹੋਈ, ਤਾਂ ਮਹਿਜ਼ 48 ਘੰਟਿਆਂ ਦੇ ਅੰਦਰ ਹੀ ਇਸ ਨੂੰ ਭਾਰਤ ਵਿੱਚ ਦੇਖਣ ਉੱਪਰ ਪਾਬੰਦੀ ਲਗਾ ਦਿੱਤੀ ਗਈ ਸੀ। ਓ.ਟੀ.ਟੀ. ਪਲੇਟਫ਼ਾਰਮ 'ਜ਼ੀ5' ਤੋਂ ਰਿਲੀਜ਼ ਦੇ ਮਹਿਜ਼ ਦੋ ਦਿਨਾਂ ਬਾਅਦ ਹਟਾਈ ਗਈ ਸੀ। ਹੁਣ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੁਆਰਾ ਗਠਿਤ ਕੀਤੀ ਗਈ ਇੱਕ ਉੱਚ ਪੱਧਰੀ ਅੰਤਰ-ਵਿਭਾਗੀ ਕਮੇਟੀ (ਜਿਸ ਵਿੱਚ ਗ੍ਰਹਿ, ਰੱਖਿਆ, ਵਿਦੇਸ਼ ਅਤੇ ਕਾਨੂੰਨ ਮੰਤਰਾਲੇ ਦੇ ਪ੍ਰਤੀਨਿਧੀ ਸ਼ਾਮਲ ਹਨ) ਨੇ ਫ਼ਿਲਮ 'ਸਤਲੁਜ' ਦੀ ਸਮੱਗਰੀ ਦੀ ਜਾਂਚ ਤੋਂ ਬਾਅਦ ਆਈ.ਟੀ. ਐਕਟ ਦੀ ਧਾਰਾ 69 ਏ ਤਹਿਤ ਇਸ 'ਤੇ ਲੱਗੀ ਪਾਬੰਦੀ ਨੂੰ ਜਾਇਜ਼ ਠਹਿਰਾਇਆ ਹੈ।

ਕਮੇਟੀ ਦਾ ਮੰਨਣਾ ਹੈ ਕਿ ਇਹ ਫ਼ਿਲਮ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਖ਼ਿਲਾਫ਼ ਹੈ। ਸਰਕਾਰੀ ਸੂਤਰਾਂ ਅਨੁਸਾਰ ਫ਼ਿਲਮ ਵਿੱਚ ਖਾੜਕੂਆਂ ਦੀਆਂ ਗਤੀਵਿਧੀਆਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਨੂੰ ਇੱਕਪਾਸੜ ਤਰੀਕੇ ਨਾਲ ਦਿਖਾਇਆ ਗਿਆ ਹੈ, ਜਿਸ ਨਾਲ




ਜਨਤਕ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਹੈ।

ਦੂਜੇ ਪਾਸੇ ਪੰਜਾਬ ਦੇ ਬੁੱਧੀਜੀਵੀਆਂ ਅਤੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਸ ਫ਼ਿਲਮ ਉੱਪਰ ਪਾਬੰਦੀ ਲਗਾ ਕੇ ਪੰਜਾਬ ਦੀ ਸ਼ਾਂਤ ਫ਼ਿਜ਼ਾ ਵਿੱਚ ਅਤੀਤ ਦੇ ਦਰਦ ਨੂੰ ਉਭਾਰ ਕੇ ਸਿਆਸੀ ਰੋਟੀਆਂ ਸੇਕਣਾ ਚਾਹੁੰਦੀ ਹੈ। ਇੱਕ ਖ਼ਾਸ ਹਿੱਸੇ ਦੀਆਂ ਵੋਟਾਂ ਦੇ ਧਰੁਵੀਕਰਨ ਲਈ ਇਸ ਸੰਵੇਦਨਸ਼ੀਲ ਮੁੱਦੇ ਦੀ ਵਰਤੋਂ ਕੀਤੀ ਜਾ ਰਹੀ ਹੈ।

ਅਸਲ ਕਹਾਣੀ ਦਾ ਸੱਚ ਕੀ ਹੈ ?

ਇਸ ਫ਼ਿਲਮ ਦੇ ਕੇਂਦਰ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਦਾ ਜੀਵਨ ਅਤੇ ਉਨ੍ਹਾਂ ਦਾ ਸੰਘਰਸ਼ ਹੈ। 1980 ਅਤੇ 1990 ਦੇ ਦਹਾਕੇ ਦੇ ਉਸ ਦਰਦਨਾਕ ਅਤੇ ਸੰਵੇਦਨਸ਼ੀਲ ਦੌਰ ਦੌਰਾਨ, ਭਾਈ ਖਾਲੜਾ ਨੇ ਸਰਕਾਰੀ ਰਿਕਾਰਡਾਂ ਦੇ ਆਧਾਰ 'ਤੇ ਪੰਜਾਬ ਵਿੱਚ ਹਜ਼ਾਰਾਂ ਅਣਪਛਾਤੀਆਂ ਅਤੇ ਲਾਵਾਰਿਸ ਲਾਸ਼ਾਂ ਦੇ ਗ਼ੈਰ-ਕਾਨੂੰਨੀ ਸਸਕਾਰ ਦੇ ਮਾਮਲੇ ਨੂੰ ਦੇਸ਼ ਅਤੇ ਦੁਨੀਆ ਦੇ ਸਾਹਮਣੇ ਲਿਆਂਦਾ ਸੀ। ਇਸੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਨੂੰ ਬੁਲੰਦ ਕਰਨ ਦੇ ਬਦਲੇ 1995 ਵਿੱਚ ਪੁਲਿਸ ਹਿਰਾਸਤ ਦੌਰਾਨ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸੀ। ਇਹ ਇੱਕ ਅਜਿਹਾ ਇਤਿਹਾਸਕ ਸੱਚ ਜਿਸ ਦੀ ਪੁਸ਼ਟੀ ਭਾਰਤ ਦੀਆਂ ਅਦਾਲਤਾਂ ਸੈਸ਼ਨ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਨੇ ਦੋਸ਼ੀ ਪੁਲੀਸ ਅਧਿਕਾਰੀਆਂ ਨੂੰ ਸਜ਼ਾਵਾਂ ਦੇ ਕੇ ਕੀਤੀ ਸੀ। ਖਾਲੜਾ ਦੀ ਇਹ ਦਲੀਲ ਬਿਲਕੁਲ ਸਪੱਸ਼ਟ ਸੀ ਕਿ ਕੀ ਲਾਵਾਰਿਸ ਲਾਸ਼ਾਂ ਦੇ ਵਾਰਸਾਂ ਨੂੰ ਆਪਣਿਆਂ ਦਾ ਸਸਕਾਰ ਕਰਨ ਅਤੇ ਉਨ੍ਹਾਂ ਬਾਰੇ ਜਾਣਨ ਦਾ ਕਾਨੂੰਨੀ ਤੇ ਮਨੁੱਖੀ ਅਧਿਕਾਰ ਨਹੀਂ ਹੈ ? ਅਜਿਹੇ ਵਿੱਚ ਇਸ ਫ਼ਿਲਮ ਦੀ ਕਹਾਣੀ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਵਿਰੁੱਧ ਪ੍ਰਚਾਰ ਮੰਨਣਾ ਸੰਵਿਧਾਨਕ ਅਤੇ ਮਨੁੱਖੀ ਅਧਿਕਾਰਾਂ ਉਪਰ ਕਈ ਸਵਾਲ ਖੜ੍ਹੇ ਕਰਦਾ ਹੈ।

ਪ੍ਰਸਿੱਧ ਚਿੰਤਕ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 19(1)(ੳ) ਹਰ ਨਾਗਰਿਕ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੰਦੀ ਹੈ, ਅਤੇ ਇਸ ਮਾਮਲੇ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ। ਜੇਕਰ ਫ਼ਿਲਮ ਵਿੱਚ ਕਿਸੇ ਤੱਥ 'ਤੇ ਇਤਰਾਜ਼ ਹੈ, ਤਾਂ ਉਸ ਦਾ ਸਾਹਮਣਾ ਸੱਚਾਈ ਨਾਲ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਪੀੜਤ ਧਿਰ ਨੂੰ ਹੀ ਦੋਸ਼ੀ ਬਣਾ ਕੇ। ਉਨ੍ਹਾਂ ਕਿਹਾ ਕਿ ਗੋਦੀ ਮੀਡੀਆ ਨੇ ਕਦੇ ਵੀ ਇਹ ਦਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਦੇਸ਼ ਦੀਆਂ ਸਰਵਉੱਚ ਅਦਾਲਤਾਂ (ਸੁਪਰੀਮ ਕੋਰਟ ਤੱਕ) ਨੇ ਭਾਈ ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਵਿੱਚ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਮੰਨਿਆ ਸੀ। ਅਦਾਲਤੀ ਸੱਚ ਨੂੰ ਛੁਪਾ ਕੇ, ਇਹ ਮੀਡੀਆ ਕੇਂਦਰ ਸਰਕਾਰ ਦੁਆਰਾ ਲਗਾਈ ਗਈ ਪਾਬੰਦੀ ਨੂੰ ਜਾਇਜ਼ ਠਹਿਰਾਉਣ ਲਈ ਦਿਨ-ਰਾਤ ਇੱਕ ਕਰ ਰਿਹਾ ਹੈ।

(ਬਾਕੀ ਸਫ਼ਾ 26 'ਤੇ)

# ਫ਼ਿਲਮ 'ਸਤਲੁਜ' 'ਤੇ ਰੋਕ ਲਾਏ ਜਾਣ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਵੱਲੋਂ ਰੋਸ ਮਾਰਚ

ਅੰਮ੍ਰਿਤਸਰ/ਏ.ਟੀ.ਨਿਊਜ਼: ਫ਼ਿਲਮ ਸਤਲੁਜ 'ਤੇ ਰੋਕ ਲਾਏ ਜਾਣ ਦੇ ਖ਼ਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਦਿਨੀਂ ਇੱਥੇ ਸ੍ਰੀ ਦਰਬਾਰ ਸਾਹਿਬ ਤੋਂ ਲੈ ਕੇ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਰੋਸ ਮਾਰਚ ਕੀਤਾ ਗਿਆ ਹੈ ਅਤੇ ਮੰਗ ਪੱਤਰ ਦੇ ਕੇ ਇਸ ਫ਼ਿਲਮ 'ਤੇ ਲੱਗੀ ਰੋਕ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ।ਇਸ ਰੋਸ ਮਾਰਚ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ। ਰੋਸ ਮਾਰਚ ਵਿੱਚ ਸ਼ਾਮਿਲ ਸ਼੍ਰੋਮਣੀ ਕਮੇਟੀ ਦੇ ਮੈਂਬਰ, ਕਰਮਚਾਰੀ ਅਤੇ ਅਧਿਕਾਰੀ ਸਤਿਨਾਮ- ਵਾਹਿਗੁਰੂ ਦਾ ਜਾਪ ਕਰਦੇ ਹੋਏ ਚੱਲ ਰਹੇ ਸਨ। ਉਹਨਾਂ ਨੇ ਫ਼ਿਲਮ 'ਤੇ ਰੋਕ ਖ਼ਿਲਾਫ਼ ਹੱਥਾਂ ਵਿੱਚ ਤਖ਼ਤੀਆਂ ਫ਼ੜੀਆਂ ਹੋਈਆਂ ਸਨ।



ਇਹ ਰੋਸ ਮਾਰਚ ਸ੍ਰੀ ਹਰਿਮੰਦਰ ਸਾਹਿਬ ਪਲਾਜ਼ਾ ਤੋਂ ਆਰੰਭ ਹੋਇਆ ਅਤੇ ਵੱਖ ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਪੁੱਜਿਆ  ਇਸ ਸੰਬੰਧ ਵਿੱਚ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨੂੰ ਆਖਿਆ ਕਿ ਸਿੱਖ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ। ਉਨ੍ਹਾਂ ਆਖਿਆ ਕਿ ਇਸ ਫ਼ਿਲਮ ਵਿੱਚ ਉਹੀ ਕੁਝ ਦਿਖਾਇਆ ਗਿਆ ਹੈ ਜੋ ਕੁਝ ਵਾਪਰਿਆ ਸੀ। ਇਸ ਦੇ ਬਾਵਜੂਦ ਇਸ ਤੇ ਕਈ ਇਤਰਾਜ਼ ਲਾਏ ਗਏ ਅਤੇ ਹੁਣ ਜਦੋਂ ਫ਼ਿਲਮ ਕੁਝ ਮੰਚਾਂ 'ਤੇ ਦਿਖਾਈ ਗਈ ਹੈ ਤਾਂ ਇਸ ਨੂੰ ਤੁਰੰਤ ਹਟਾ ਦਿੱਤਾ ਗਿਆ ਅਤੇ ਇਸ ਦੇ ਪ੍ਰਦਰਸ਼ਨ 'ਤੇ ਰੋਕ ਲਾ ਦਿੱਤੀ ਗਈ ਹੈ।

ਜੇ ਫ਼ਿਲਮ ਤੋਂ ਰੋਕ ਨਹੀਂ ਹਟਾਈ ਗਈ ਤਾਂ ਇਹ ਸਵਾਲ ਦੇ ਜਵਾਬ ਵਿੱਚ ਉਹਨਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 15 ਜੁਲਾਈ ਨੂੰ ਅੰਤਰਿੰਗ ਕਮੇਟੀ ਦੀ ਮੀਟਿੰਗ ਰੱਖੀ ਗਈ ਹੈ ਜਿਸ ਵਿੱਚ ਇਸ ਮਾਮਲੇ ਨੂੰ ਵਿਚਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਕੋਲ ਕਈ ਸੁਝਾਅ ਵੀ ਪੁੱਜ ਰਹੇ ਹਨ।ਜ਼ਿਕਰਯੋਗ ਹੈ ਕਿ ਜਸਵੰਤ ਸਿੰਘ ਖਾਲੜਾ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਲਗਪਗ 25 ਹਜ਼ਾਰ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਵੱਖ-ਵੱਖ ਸ਼ਮਸ਼ਾਨ ਘਾਟਾਂ ਵਿੱਚ ਲਵਾਰਸ ਦੱਸ ਕੇ ਸਸਕਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦਾ ਖੋਜ ਖੁਰਾ ਖਤਮ ਕਰ ਦਿੱਤਾ ਗਿਆ ਹੈ। ਅਜਿਹੇ ਨੌਜਵਾਨ ਪੁਲਿਸ ਵੱਲੋਂ ਕਥਿਤ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਸਨ।

## ਪੰਜਾਬ ਦੇ ਸੰਤਾਪ ਦੀਆਂ ਘਟਨਾਵਾਂ ਦੀ ਜਾਂਚ ਲਈ ਕਮਿਸ਼ਨ ਬਣਾਏ ਸਰਕਾਰ: ਗਿ. ਹਰਪ੍ਰੀਤ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਪੰਜਾਬ ਵਿੱਚ ਕਾਲੇ ਦੌਰ ਦੌਰਾਨ ਵਾਪਰੀਆਂ ਘਟਨਾਵਾਂ ਦੀ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਟਰੁੱਥ ਕਮਿਸ਼ਨ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਕੇਂਦਰੀ ਗ੍ਰਹਿ ਮੰਤਰੀ ਨੂੰ ਇੱਕ ਪੱਤਰ ਵੀ ਭੇਜਿਆ ਜਾ ਰਿਹਾ। ਇਹ ਖੁਲਾਸਾ ਉਨ੍ਹਾਂ ਇੱਕ ਵੀਡੀਓ ਬਿਆਨ ਰਾਹੀਂ ਕੀਤਾ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜੇਕਰ ਕੇਂਦਰ ਸਰਕਾਰ ਸਿੱਖ ਮਾਮਲਿਆਂ ਬਾਰੇ ਸੁਹਿਰਦ ਹੈ ਤਾਂ ਉਸ ਨੂੰ ਇਹ ਟਰੁੱਥ ਕਮਿਸ਼ਨ ਬਣਾ ਕੇ ਸੱਚਾਈ ਸਭ ਦੇ ਸਾਹਮਣੇ ਲਿਆਉਣੀ ਚਾਹੀਦੀ ਹੈ। ਇਸ ਸਬੰਧ ਵਿੱਚ ਉਹ ਜਲਦੀ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਪੱਤਰ ਵੀ ਭੇਜ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਟਰੁੱਥ ਕਮਿਸ਼ਨ ਸੂਬੇ ਦੀ 'ਆਪ' ਸਰਕਾਰ ਵੀ ਬਣਾ ਸਕਦੀ ਹੈ ਉਨ੍ਹਾਂ ਕਿਹਾ ਕਿ 1997 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲੋਕਾਂ ਨਾਲ ਇਹ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਕਿ ਪੰਜਾਬ ਵਿੱਚ ਸਿੱਖਾਂ ਨਾਲ ਹੋਈਆਂ ਵਧੀਕੀਆਂ ਦੇ ਮਾਮਲੇ ਵਿੱਚ ਟਰੁੱਥ ਕਮਿਸ਼ਨ ਬਣਾਇਆ ਜਾਵੇਗਾ ਪਰ ਅਜਿਹਾ ਕੁਝ ਵੀ ਨਹੀਂ ਹੋਇਆ ਸਗੋਂ ਵਧੀਕੀਆਂ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਤਰੱਕੀਆਂ ਦਿੱਤੀਆਂ ਗਈਆਂ।



## ਪੰਜਾਬ ਦੇ ਕਾਲੇ ਦੌਰ 'ਤੇ 'ਵ੍ਹਾਈਟ ਪੇਪਰ' ਜਾਰੀ ਕੀਤਾ ਜਾਵੇ: ਸਰਨਾ

ਅੰਮ੍ਰਿਤਸਰ/ਏ.ਟੀ.ਨਿਊਜ਼: ਫ਼ਿਲਮ ਸਤਲੁਜ 'ਤੇ ਲੱਗੀ ਰੋਕ ਤੋਂ ਬਾਅਦ ਇਹ ਚਰਚਾ ਜ਼ੋਰ ਫੜਨ ਲੱਗ ਪਈ ਹੈ ਕਿ ਪੰਜਾਬ ਦੇ ਕਾਲੇ ਦੌਰ ਦੌਰਾਨ ਵਾਪਰੀਆਂ ਘਟਨਾਵਾਂ ਬਾਰੇ ਜਾਂਚ ਹੋਣੀ ਚਾਹੀਦੀ ਹੈ। ਇਸ ਬਾਰੇ ਵਾਈਟ ਪੇਪਰ ਜਾਰੀ ਹੋਣਾ ਚਾਹੀਦਾ ਹੈ ਅਤੇ ਸੱਚ ਲੋਕਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ।ਜਸਵੰਤ ਸਿੰਘ ਖਾਲੜਾ ਦੀ ਜੀਵਨੀ 'ਤੇ ਬਣੀ ਫ਼ਿਲਮ ਸਤਲੁਜ ਨੇ ਇੱਕ ਵਾਰ ਮੁੜ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਦੀਆਂ ਯਾਦਾਂ ਨੂੰ ਸੱਜਰਾ ਕਰ ਦਿੱਤਾ ਹੈ, ਜਿਨ੍ਹਾਂ ਦੀ ਪੀੜ ਲੋਕ ਅੱਜ ਵੀ ਭੁਲਾ ਨਹੀਂ ਸਕੇ ਹਨ।ਜਸਵੰਤ ਸਿੰਘ ਖਾਲੜਾ ਉਸ ਵੇਲੇ 25 ਹਜ਼ਾਰ ਲਾਸ਼ਾਂ, ਜਿਨ੍ਹਾਂ ਨੂੰ ਲਵਾਰਸ ਆਖ ਕੇ ਵੱਖ ਵੱਖ ਸ਼ਮਸ਼ਾਨ ਘਾਟਾਂ ਵਿੱਚ ਸਾੜ ਦਿੱਤਾ ਗਿਆ ਸੀ, ਦੇ ਮਾਮਲੇ ਦੀ ਜਾਂਚ ਦੀ ਮੰਗ ਕਰ ਰਹੇ ਸਨ। ਇਹ ਲਾਵਾਰਸ ਲਾਸ਼ਾਂ ਪੰਜਾਬ ਦੇ ਨੌਜਵਾਨਾਂ ਦੀਆਂ ਸਨ, ਕਈ ਮਾਵਾਂ ਦੇ ਪੁੱਤਰਾਂ ਦੀਆਂ ਸਨ, ਕਈ ਭੈਣਾਂ ਦੇ ਭਰਾਵਾਂ ਅਤੇ ਕਈਆਂ ਦੇ ਸਿਰ ਦੇ ਸਾਈਆਂ ਦੀਆਂ ਸਨ।ਹੁਣ ਜਦੋਂ ਇਸ ਫ਼ਿਲਮ ਦੇ ਰਾਹੀਂ ਪੰਜਾਬ ਵਿੱਚ ਵਾਪਰੀਆਂ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਅਤਿਵਾਦੀ ਘਟਨਾਵਾਂ ਦੀ ਚਰਚਾ ਸ਼ੁਰੂ ਹੋਈ ਹੈ ਤਾਂ ਕਈ ਆਵਾਜ਼ਾਂ ਇਹ ਵੀ ਉਠ ਰਹੀਆਂ ਹਨ ਕਿ ਉਸ ਵੇਲੇ ਦੇ ਕਾਲੇ ਦੌਰ ਦੀ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਜਾਂਚ ਕਮਿਸ਼ਨ ਸਥਾਪਿਤ ਕੀਤਾ ਜਾਵੇ।ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਕੇਂਦਰ ਸਰਕਾਰ ਨੂੰ ਪੰਜਾਬ ਵਿੱਚ ਅਤਿਵਾਦ ਅਤੇ ਅਤਿਵਾਦ ਵਿਰੋਧੀ ਲਗਪਗ 15 ਸਾਲਾਂ ਦੇ ਸਮੇਂ ਦੌਰਾਨ ਕੀਤੇ ਗਏ ਪੁਲਿਸ ਅੱਤਿਆਚਾਰਾਂ 'ਤੇ ਵਾਈਟ ਪੇਪਰ ਪ੍ਰਕਾਸ਼ਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਨਸਾਫ਼ ਯਕੀਨੀ ਬਣਾਉਣ ਅਤੇ ਇਤਿਹਾਸ ਨੂੰ ਭੁੱਲਣ ਤੋਂ ਰੋਕਣ ਲਈ ਸੱਚਾਈ ਨੂੰ ਅਧਿਕਾਰਤ ਤੌਰ 'ਤੇ ਦਸਤਾਵੇਜ਼ੀ ਰੂਪ ਦਿੱਤਾ ਜਾਣਾ ਚਾਹੀਦਾ ਹੈ।ਸਰਨਾ ਨੇ ਇਹ ਮੰਗ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਵੱਲੋਂ ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਕਾਰਜ 'ਤੇ ਆਧਾਰਿਤ ਫ਼ਿਲਮ ਸਤਲੁਜ ਦੀ ਇੱਕ ਵਿਸ਼ੇਸ਼ ਸਕ੍ਰੀਨਿੰਗ ਦੇ ਆਯੋਜਨ ਤੋਂ ਬਾਅਦ ਕੀਤੀ। ਸਕ੍ਰੀਨਿੰਗ ਨੇ ਸਿੱਖ ਅਤੇ ਗੈਰ-ਸਿੱਖ ਦਰਸ਼ਕਾਂ ਦਾ ਇੱਕ ਵੱਡਾ ਇਕੱਠ ਕੀਤਾ ਉਨ੍ਹਾਂ ਕਿਹਾ ਕਿ ਭਾਈ ਖਾਲੜਾ ਦਾ ਜ਼ਬਰਦਸਤੀ ਲਾਪਤਾ ਕੀਤੇ ਜਾਣ ਅਤੇ ਕਥਿਤ ਗ਼ੈਰ-ਕਾਨੂੰਨੀ ਸਸਕਾਰ ਨੂੰ ਦਸਤਾਵੇਜ਼ੀ ਰੂਪ ਦੇਣ ਦਾ ਕੰਮ ਪੰਜਾਬ ਵਿੱਚ ਸੱਚਾਈ ਅਤੇ ਜਵਾਬਦੇਹੀ ਦੇ ਸੰਘਰਸ਼ ਵਿੱਚ ਸਭ ਤੋਂ ਮਹੱਤਵਪੂਰਨ ਅਧਿਆਏ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪੰਜਾਬ ਵਿੱਚ ਅਸ਼ਾਂਤੀ ਦੇ ਲੰਬੇ ਸਮੇਂ ਦੌਰਾਨ ਹੋਏ ਪੁਲੀਸ ਅੱਤਿਆਚਾਰਾਂ ਦਾ ਵੇਰਵਾ ਦੇਣ ਵਾਲਾ ਇੱਕ ਵ੍ਹਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ। ਹਜ਼ਾਰਾਂ ਪਰਿਵਾਰਾਂ ਦੇ ਦੁੱਖਾਂ ਨੂੰ ਸਵੀਕਾਰ ਕਰਨ ਅਤੇ ਕਾਨੂੰਨ ਦੇ ਰਾਜ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ ਇੱਕ ਪਾਰਦਰਸ਼ੀ ਅਤੇ ਦਸਤਾਵੇਜ਼ੀ ਸੱਚ ਜ਼ਰੂਰੀ ਹੈ।



ਸੀਨੀਅਰ ਅਕਾਲੀ ਆਗੂ ਮਨਜੀਤ ਸਿੰਘ ਜੀ.ਕੇ. ਵੀ ਸਕ੍ਰੀਨਿੰਗ 'ਤੇ ਮੌਜੂਦ ਸਨ ਅਤੇ ਭਾਈ ਖਾਲੜਾ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਸਮਾਗਮ ਦਾ ਪਾਰਟੀ ਵੱਲੋਂ ਪੰਜਾਬ ਸੰਘਰਸ਼ ਦੇ ਪੀੜਤਾਂ ਲਈ ਨਿਆਂ ਪ੍ਰਾਪਤ ਕਰਨ ਅਤੇ ਸੱਚਾਈ ਨੂੰ ਉਜਾਗਰ ਕਰਨ ਲਈ ਲੜਨ ਵਾਲਿਆਂ ਦੀ ਯਾਦ ਨੂੰ ਸੁਰੱਖਿਅਤ ਰੱਖਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕੀਤਾ ਗਿਆ।

# ਦਿੱਲੀ ਦਰਬਾਰ ਦੇ ਗੈਂਗਸਟਰ ਨੈੱਟਵਰਕਾਂ ਨੂੰ ਵਰਤਣ ਦਾ ਪਰਦਾਫ਼ਾਸ਼ ਹੋਇਆ: ਦਲ ਖ਼ਾਲਸਾ

ਅੰਮ੍ਰਿਤਸਰ/ਏ.ਟੀ.ਨਿਊਜ਼: ਜੂਨ 2023 ਵਿੱਚ ਖ਼ਾਲਿਸਤਾਨ ਪੱਖੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਸਬੰਧ ਵਿੱਚ ਗੁਜਰਾਤ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਭਗੌੜੇ ਗੋਲਡੀ ਬਰਾੜ 'ਤੇ ਅਮਰੀਕਾ ਵੱਲੋਂ ਦੋਸ਼ ਲਗਾਉਣ ਤੇ ਸਿੱਖ ਭਾਈਚਾਰੇ ਦੇ ਦਾਅਵਿਆਂ ਨੂੰ ਮਜ਼ਬੂਤ ਕੀਤਾ ਹੈ ਕਿ ਭਾਰਤੀ ਖ਼ੁਫ਼ੀਆ ਏਜੰਸੀਆਂ ਨੇ ਅਪਰਾਧਿਕ ਨੈੱਟਵਰਕਾਂ ਅਤੇ ਅਖੌਤੀ ਰਾਸ਼ਟਰਵਾਦੀ ਗੈਂਗਸਟਰਾਂ ਰਾਹੀਂ ਭਾਈ ਨਿੱਝਰ ਦੇ ਕਤਲ ਦੀ ਸਾਜ਼ਿਸ਼ ਰਚੀ ਸੀ।

ਭਾਈ ਨਿੱਝਰ ਦੇ ਮਾਮਲੇ ਵਿੱਚ 'ਸਵੈ-ਕਲੀਨ ਚਿੱਟ' ਦੇਣ ਦੇ ਭਾਰਤ ਸਰਕਾਰ ਅਤੇ ਇਸ ਦੇ ਮੀਡੀਆ ਦੇ ਦਾਅਵਿਆਂ ਨੂੰ ਨਕਾਰਦੇ ਹੋਏ, ਦਲ ਖ਼ਾਲਸਾ ਲੀਡਰਸ਼ਿਪ ਨੇ ਕਿਹਾ ਕਿ ਖ਼ੁਫ਼ੀਆ ਏਜੰਸੀਆਂ ਦੇ ਗੁਪਤ ਕੰਮਕਾਜ ਤੋਂ ਜਾਣੂ ਕੋਈ ਵੀ ਅਕਲਮੰਦ ਵਿਅਕਤੀ ਸਹਿਜੇ ਹੀ ਇਹ ਸਮਝ ਸਕਦਾ ਹੈ ਕਿ ਸਰਕਾਰਾਂ ਅਧਿਕਾਰਤ ਤੌਰ 'ਤੇ ਵਰਦੀ ਵਿੱਚ ਤਾਇਨਾਤ ਅਧਿਕਾਰੀਆਂ ਨੂੰ ਗੈਰ-ਨਿਆਂਇਕ ਅਤੇ ਸਰਹੱਦਾਂ ਤੋਂ ਬਾਹਰ ਕਾਰਵਾਈਆਂ ਵਿੱਚ ਨਹੀਂ ਸ਼ਾਮਲ ਕਰਦੀਆਂ ਹਨ। ਅਜਿਹੇ ਗੁਪਤ ਅਪਰੇਸ਼ਨ ਆਮ ਤੌਰ 'ਤੇ ਹਿੱਟ ਮੈਨ, ਅਪਰਾਧਿਕ ਸਿੰਡੀਕੇਟਾਂ ਅਤੇ ਗੈਰ-ਸਟੇਟ ਕਾਰਕੁਨਾਂ ਦੁਆਰਾ ਕੀਤੇ ਜਾਂਦੇ ਹਨ।




ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ, ਦਲ ਖ਼ਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ, ਜੋ ਹਾਲ ਹੀ ਵਿੱਚ ਕੈਨੇਡਾ ਟੂਰ ਲਗਾ ਕੇ ਵਾਪਸ ਪਰਤੇ ਹਨ, ਨੇ ਕਿਹਾ ਕਿ ਅਪਰੇਸ਼ਨ ਹਾਰਡ ਬਾਲ ਤੋਂ ਉੱਭਰ ਰਹੇ ਤੱਥਾਂ ਨੇ ਹੋਰ ਸਪੱਸ਼ਟ ਕਰ ਦਿੱਤਾ ਹੈ ਕਿ ਕਿਵੇਂ ਭਾਰਤ ਦਾ 'ਡੀਪ ਸਟੇਟ' ਕਥਿਤ ਤੌਰ 'ਤੇ ਅੰਤਰ-ਰਾਸ਼ਟਰੀ ਅਪਰਾਧਿਕ ਨੈੱਟਵਰਕਾਂ ਦੀ ਵਰਤੋਂ ਕਰਕੇ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਜਿਨ੍ਹਾਂ ਨੂੰ ਉਹ ਆਪਣੇ ਰਾਸ਼ਟਰੀ ਹਿੱਤਾਂ ਲਈ ਖ਼ਤਰਾ ਸਮਝਦਾ ਹੈ।

ਮੰਡ ਨੇ ਕਿਹਾ ਕਿ 'ਲਾਰੈਂਸ ਬਿਸ਼ਨੋਈ ਸਖ਼ਤ ਪਹਿਰੇ ਵਾਲੀ ਜੇਲ੍ਹ ਵਿੱਚ ਕੈਦ ਹੋਣ ਦੇ ਬਾਵਜੂਦ  ਉਸਦਾ ਅਪਰਾਧਿਕ ਨੈੱਟਵਰਕ ਭਾਰਤ ਅਤੇ ਕਈ ਵਿਦੇਸ਼ੀ ਦੇਸ਼ਾਂ ਵਿੱਚ ਫ਼ੈਲ ਚੁੱਕਾ ਹੈ। ਇਹ ਸਭ ਸਪੱਸ਼ਟ ਸੰਕੇਤ ਹੈ ਕਿ ਅਜਿਹਾ ਨੈਟਵਰਕ ਡੀਪ ਸਟੇਟ ਤੋਂ ਸੁਰੱਖਿਆ, ਸਹੂਲਤ ਜਾਂ ਸਰਪ੍ਰਸਤੀ ਤੋਂ ਬਿਨਾਂ ਇਸ ਹੱਦ ਤੱਕ ਨਹੀਂ ਫ਼ੈਲ ਸਕਦਾ।'

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਅਤੇ ਭਾਰਤੀ ਮੀਡੀਆ ਦੇ ਹਿੱਸੇ ਲੋਕਾਂ ਤੋਂ ਇਹ ਉਮੀਦ ਨਾ ਰੱਖਣ ਕਿ ਉਹ ਇਹ ਵਿਸ਼ਵਾਸ ਕਰਨ ਕਿ ਇੱਕ ਜੇਲ੍ਹ ਵਿੱਚ ਬੰਦ ਗੈਂਗਸਟਰ ਵੱਡੇ ਪੱਧਰ 'ਤੇ ਫ਼ੈਲ ਰਹੇ ਅੰਤਰਰਾਸ਼ਟਰੀ ਸਿੰਡੀਕੇਟ ਨੂੰ ਪੂਰੀ ਤਰ੍ਹਾਂ ਆਪਣੇ ਆਪ, ਰਾਜਨੀਤਿਕ ਸਹਾਇਤਾ ਜਾਂ ਏਜੰਸੀਆਂ ਦੀ ਮਿਲੀਭੁਗਤ ਤੋਂ ਬਿਨਾਂ ਨਿਰਦੇਸ਼ਤ ਕਰ ਰਿਹਾ ਹੈ।

ਮੰਡ ਨੇ ਟਿੱਪਣੀ ਕਰਦਿਆਂ ਪੁੱਛਿਆ ਕਿ ਲਾਰੈਂਸ ਬਿਸ਼ਨੋਈ ਦੀ ਹਰਦੀਪ ਸਿੰਘ ਨਿੱਝਰ ਨਾਲ ਭਲਾ ਕੀ ਨਿੱਜੀ ਦੁਸ਼ਮਣੀ ਹੋ ਸਕਦੀ ਸੀ? ਉਨ੍ਹਾਂ ਅੱਗੇ ਕਿਹਾ ਕਿ ਮੁਮਕਿਨ ਹੈ ਕਿ ਸਟੇਟ ਦੀਆਂ ਏਜੰਸੀਆਂ ਬਿਸ਼ਨੋਈ ਦੇ ਨੈੱਟਵਰਕ ਨੂੰ ਉਸਦੀ ਮਨਜ਼ੂਰੀ ਤੋਂ ਬਿਨਾ ਵੀ ਆਪਣੇ ਉਦੇਸ਼ਾਂ ਲਈ ਵਰਤ ਰਹੀਆਂ ਹੋ ਸਕਦੀਆਂ ਹਨ।

ਅਪਰਾਧਿਕ ਸਿੰਡੀਕੇਟਾਂ ਨੂੰ ਖਤਮ ਕਰਨ ਅਤੇ ਗੈਂਗਸਟਰਾਂ ਦੇ ਖਤਰੇ ਦਾ ਮੁਕਾਬਲਾ ਕਰਨ ਦੀ ਬਜਾਏ, ਸਟੇਟ ਤੰਤਰ ਦੇ ਕੁਝ ਹਿੱਸੇ ਰਣਨੀਤਕ ਅਤੇ ਰਾਜਨੀਤਿਕ ਉਦੇਸ਼ਾਂ ਲਈ ਗ਼ੈਰ-ਸਟੇਟ ਐਕਟਰਾਂ ਦੀ ਵਰਤੋਂ ਕਰਦੇ ਆ ਰਹੇ ਹਨ।

ਦਲ ਖ਼ਾਲਸਾ ਨੇ ਨਿੱਝਰ ਦੇ ਕਤਲ ਪਿੱਛੇ ਕਮਾਂਡ, ਵਿੱਤ, ਸਹੂਲਤ ਅਤੇ ਸੰਚਾਲਨ ਸਹਾਇਤਾ ਦੀ ਪੂਰੀ ਲੜੀ ਦੀ ਪੰਜ ਅੱਖਾਂ ਵਾਲੇ ਦੇਸ਼ਾਂ ਕੋਲੋਂ ਪਾਰਦਰਸ਼ੀ ਅੰਤਰਰਾਸ਼ਟਰੀ ਜਾਂਚ ਦੀ ਮੰਗ ਕੀਤੀ। ਜਥੇਬੰਦੀ ਨੇ ਕਿਹਾ ਕਿ ਜਾਂਚ ਕਥਿਤ ਬੰਦੂਕ ਚੁੱਕ ਕੇ ਮਾਰਨ ਵਾਲੇ ਹੱਥਾਂ ਅਤੇ ਗੈਂਗਸਟਰਾਂ ਤੋਂ ਅੱਗੇ ਸਾਜ਼ਿਸ਼ ਅਤੇ ਸਪੋਰਟ ਦੇਣ ਵਾਲੇ ਹਰ ਅਧਿਕਾਰੀ, ਵਿਚੋਲੇ ਅਤੇ ਏਜੰਸੀ ਤੱਕ ਹੋਣੀ ਚਾਹੀਦੀ ਹੈ।

## 'ਗੁਰਦੁਆਰਾ ਟੁੱਟੀ ਗੰਢੀ ਸਾਹਿਬ' 'ਚ ਜਲ ਸੰਕਟ ਦੇ ਸਥਾਈ ਹੱਲ ਲਈ ਕੀਤੇ ਗਏ ਵਿਸ਼ੇਸ਼ ਉਪਰਾਲੇ

### ਫਰਸ਼ ਧੁਆਈ ਅਤੇ ਬਰਸਾਤ ਦਾ ਪਾਣੀ ਧਰਤੀ 'ਚ ਕੀਤਾ ਜਾ ਰਿਹੈ ਰੀਚਾਰਜ

ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼: ਧਰਤੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਅਤੇ ਜਲ ਸੰਕਟ ਦੇ ਸਥਾਈ ਹੱਲ ਲਈ ਇਤਿਹਾਸਕ ਨਗਰ ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਸ਼ਲਾਘਾਯੋਗ ਅਤੇ ਵਿਗਿਆਨਕ ਕਦਮ ਚੁੱਕਿਆ ਗਿਆ ਹੈ। ਪਰਿਕਰਮਾ ਦੀ ਧੁਆਈ ਅਤੇ ਬਾਰਿਸ਼ ਦੇ ਕੀਮਤੀ ਪਾਣੀ ਨੂੰ ਸੀਵਰੇਜ ਵਿੱਚ ਵਹਾਅ ਕੇ ਬਰਬਾਦ ਕਰਨ ਦੀ ਬਜਾਏ, ਹੁਣ ਹਾਈਡ੍ਰੋਲੋਜੀਕਲ ਮਾਹਿਰਾਂ ਦੀ ਦੇਖ-ਰੇਖ ਹੇਠ ਚਾਰ ਵੱਡੇ 'ਡੀਪ ਇਕੁਈਫਰ ਰੀਚਾਰਜ ਪ੍ਰਾਜੈਕਟ' ਸਫ਼ਲਤਾਪੂਰਵਕ ਸਥਾਪਤ ਕੀਤੇ ਗਏ ਹਨ। ਇਹ ਪ੍ਰਾਜੈਕਟ ਆਲੇ-ਦੁਆਲੇ ਦੇ ਖੇਤਰਾਂ ਲਈ ਪਾਣੀ ਬਚਾਉਣ ਅਤੇ ਜ਼ਮੀਨੀ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਮਾਡਲ ਵਜੋਂ ਉੱਭਰਿਆ ਹੈ।



ਪ੍ਰਾਜੈਕਟ ਨੂੰ ਪੂਰੀ ਤਰ੍ਹਾਂ ਵਿਗਿਆਨਕ ਅਤੇ ਜਿਓ-ਹਾਈਡ੍ਰੋਲੋਜੀਕਲ ਨਿਯਮਾਂ ਅਨੁਸਾਰ ਤਿਆਰ ਕੀਤਾ ਗਿਆ ਹੈ ਤਾਂ ਜੋ ਬਿਨਾਂ ਕਿਸੇ ਪ੍ਰਦੂਸ਼ਣ ਦੇ ਸ਼ੁੱਧ ਪਾਣੀ ਸਿੱਧਾ ਧਰਤੀ ਦੇ ਡੂੰਘੇ ਜਲ-ਭੰਡਾਰਾਂ ਤੱਕ ਪਹੁੰਚ ਸਕੇ। ਦਰਬਾਰ ਸਾਹਿਬ ਦੇ ਮੈਨੇਜਰ ਨਿਰਮਲ ਸਿੰਘ ਅਤੇ ਵਾਤਾਵਰਣ ਪ੍ਰੇਮੀ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪਹਿਲਾਂ ਦਰਬਾਰ ਸਾਹਿਬ ਦਾ ਸਾਰਾ ਪਾਣੀ ਸੀਵਰੇਜ ਵਿੱਚ ਜਾਂਦਾ ਸੀ ਅਤੇ ਅਕਸਰ ਸੀਵਰੇਜ ਬੰਦ ਰਹਿਣ ਕਰਕੇ ਬਜ਼ਾਰ ਵਿੱਚ ਪਾਣੀ ਭਰ ਜਾਂਦਾ ਸੀ। ਕੈਨੇਡਾ ਦੇ ਵਾਤਾਵਰਣ ਪ੍ਰੇਮੀ ਹਰਮਿੰਦਰ ਸਿੰਘ ਦੇ ਪਰਿਵਾਰ ਨੇ ਆਪਣੀ ਮਾਤਾ ਦੀ ਯਾਦ ਵਿੱਚ ਪਰਿਕਰਮਾ ਅੰਦਰ ਚਾਰ ਵੱਡੇ ਬੋਰ ਕੀਤੇ ਹਨ, ਜਿਨ੍ਹਾਂ ਵਿੱਚ ਰੇਤਾ, ਰੋੜੀ ਅਤੇ ਗਟਕਾ ਪਾਇਆ। ਉਪਰ ਜਾਲੀ ਲਾਈ ਗਈ ਹੈ।ਇਸ ਤਰ੍ਹਾਂ ਕੂੜਾ ਉਪਰ ਰਹਿ ਜਾਂਦਾ ਹੈ ਅਤੇ ਸਾਫ ਪਾਣੀ ਧਰਤੀ 'ਚ ਚਲਾ ਜਾਂਦਾ ਹੈ। ਵਾਤਾਵਰਣ ਪ੍ਰੇਮੀ ਅੰਮ੍ਰਿਤਪਾਲ ਸਿੰਘ, ਡਾ. ਸੀਮਾ ਗੋਇਲ ਹੋਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਹੈ ਕਿ ਇਹ ਪ੍ਰਾਜੈਕਟ ਹਰ ਸਰਕਾਰੀ ਇਮਾਰਤ ਅਤੇ ਧਾਰਮਿਕ ਅਦਾਰਿਆਂ 'ਚ ਲਾਗੂ ਕੀਤਾ ਜਾਵੇ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਗਲੋਬਲ ਆਰਥਿਕ ਮੰਦੀ ਦੀ ਆਹਟ

ਵਿਸ਼ਵ ਦੇ ਆਰਥਿਕ ਮਾਹਿਰਾਂ ਵੱਲੋਂ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਇੱਕ ਵਾਰ ਫ਼ੇਰ ਗਲੋਬਲ ਆਰਥਿਕ ਮੰਦੀ ਦੀ ਆਹਟ ਸੁਣਾਈ ਦੇ ਰਹੀ ਹੈ। ਇਸ ਮੰਦੀ ਦੇ ਸੰਕੇਤ ਉਸ ਸਮੇਂ ਵੀ ਮਿਲਣੇ ਸ਼ੁਰੂ ਹੋਏ, ਜਦੋਂ ਲੰਘੇ ਦਿਨੀਂ ਅੰਤਰਰਾਸ਼ਟਰੀ ਕੰਪਨੀ 'ਮਾਈਕਰੋਸਾਫ਼ਟ' ਵੱਲੋਂ ਆਪਣੀ ਵਿਸ਼ਵਵਿਆਪੀ ਕਰਮਚਾਰੀ ਗਿਣਤੀ ਦੇ ਲਗਪਗ 2.1 ਪ੍ਰਤੀਸ਼ਤ ਯਾਨੀ 4,800 ਨੌਕਰੀਆਂ ਵਿੱਚ ਕਟੌਤੀ ਕਰਨ ਦਾ ਐਲਾਨ ਕਰ ਦਿੱਤਾ ਗਿਆ। ਇਸ ਵਿੱਚ ਇਸਦੇ 'ਐਕਸਬਾਕਸ' ਵੀਡੀਓ ਗੇਮ ਕਾਰੋਬਾਰ ਦੇ ਕਰਮਚਾਰੀਆਂ ਦੀ ਇੱਕ ਵੱਡੀ ਗਿਣਤੀ ਵੀ ਸ਼ਾਮਲ ਹੈ। ਇਹ ਛਾਂਟੀ ਉਨ੍ਹਾਂ ਸਵੈ-ਇੱਛਤ 'ਬਾਇਆਊਟਸ' ਤੋਂ ਬਾਅਦ ਹੋਈ ਹੈ, ਜੋ 'ਮਾਈਕਰੋਸਾਫ਼ਟ' ਨੇ ਮਈ ਮਹੀਨੇ ਵਿੱਚ ਲਗਪਗ 8,750 ਲੋਕਾਂ ਨੂੰ ਦੇਣੇ ਸ਼ੁਰੂ ਕੀਤੇ ਸਨ। ਕੰਪਨੀ ਦੇ ਬੁਲਾਰੇ ਅਨੁਸਾਰ ਯੋਗ ਕਰਮਚਾਰੀਆਂ ਵਿੱਚੋਂ 30 ਫ਼ੀਸਦੀ ਤੋਂ ਵੱਧ ਨੇ ਸਵੈ-ਇੱਛਤ ਸੇਵਾਮੁਕਤੀ ਦੀਆਂ ਪੇਸ਼ਕਸ਼ਾਂ ਨੂੰ ਸਵੀਕਾਰ ਕਰ ਲਿਆ ਹੈ।

ਇਸ ਤੋਂ ਕੁਝ ਸਮਾਂ ਪਹਿਲਾਂ ਅਮਰੀਕਾ ਦੀਆਂ ਵੱਖ- ਵੱਖ ਕੰਪਨੀਆਂ ਵੱਲੋਂ ਵੀ ਆਪਣੇ ਵੱਡੀ ਗਿਣਤੀ ਵਰਕਰਾਂ ਦੀ ਛਾਂਟੀ ਕਰ ਦਿੱਤੀ ਗਈ ਸੀ, ਜਦੋਂਕਿ ਕੁਝ ਮਹੀਨੇ ਪਹਿਲਾਂ ਇਹੋ ਕੰਪਨੀਆਂ ਨਵੇਂ ਵਰਕਰਾਂ ਦੀ ਭਰਤੀ ਕਰ ਰਹੀਆਂ ਸਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖ਼ਰ ਉਹ ਕਿਹੜੇ ਕਾਰਨ ਹਨ ? ਜਿਨ੍ਹਾਂ ਕਾਰਨ ਅਮਰੀਕਾ ਦੀਆਂ ਅੰਤਰਰਾਸ਼ਟਰੀ ਕੰਪਨੀਆਂ ਨੂੰ ਨਵੇਂ ਵਰਕਰ ਭਰਤੀ ਕਰਨ ਦੀ ਥਾਂ ਪੁਰਾਣੇ ਵਰਕਰਾਂ ਦੀ ਛਾਂਟੀ ਕਰਨ ਲਈ ਮਜਬੂਰ ਹੋਣਾ ਪਿਆ। ਆਰਥਿਕ ਮਾਹਿਰ ਇਸ ਦਾ ਇੱਕ ਵੱਡਾ ਕਾਰਨ ਅਮਰੀਕਾ ਅਤੇ ਇਰਾਨ ਜੰਗ ਕਾਰਨ ਅਮਰੀਕਾ ਦੀ ਵਿੱਤੀ ਹਾਲਤ ਦਾ ਡਾਵਾਂਡੋਲ ਹੋਣਾ ਮੰਨ ਰਹੇ ਹਨ। ਇਹਨਾਂ ਮਾਹਿਰਾਂ ਅਨੁਸਾਰ ਇਰਾਨ ਜੰਗ ਵਿੱਚ ਅਮਰੀਕਾ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ, ਜਿਸ ਕਾਰਨ ਅਮਰੀਕਾ ਦੀ ਆਰਥਿਕਤਾ ਲੜਖੜਾ ਰਹੀ ਹੈ, ਜਿਸ ਦਾ ਅਸਰ ਅਮਰੀਕੀ ਵਪਾਰ ਅਤੇ ਕੰਪਨੀਆਂ ਦੇ ਕਾਰੋਬਾਰ 'ਤੇ ਵੀ ਲਗਾਤਾਰ ਹੋ ਰਿਹਾ ਹੈ। ਇਸ ਕਾਰਨ ਅਮਰੀਕਾ ਦੀਆਂ ਵੱਖ- ਵੱਖ ਅੰਤਰਰਾਸ਼ਟਰੀ ਅਤੇ ਵੱਡੀਆਂ ਕੰਪਨੀਆਂ ਨੂੰ ਆਪਣੇ ਵਰਕਰਾਂ ਦੀ ਛਾਂਟੀ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਵਰਕਰਾਂ ਦੀ ਛਾਂਟੀ ਹੋਣ ਕਾਰਨ ਬੇਰੁਜ਼ਗਾਰੀ ਵਿੱਚ ਵਾਧਾ ਹੋ ਰਿਹਾ ਹੈ। ਅਮਰੀਕਾ ਵਿੱਚ ਅਨੇਕਾਂ ਕੰਪਨੀਆਂ ਦੇ ਘਾਟੇ ਵਿੱਚ ਜਾਣ ਅਤੇ ਮਹਿੰਗਾਈ ਵਿੱਚ ਵਾਧਾ ਹੋਣ ਨਾਲ ਪੂਰੇ ਵਿਸ਼ਵ 'ਤੇ ਇਸ ਦਾ ਅਸਰ ਹੋ ਰਿਹਾ ਹੈ। ਅੰਤਰਰਾਸ਼ਟਰੀ ਕੰਪਨੀਆਂ ਅਮਰੀਕਾ ਦੇ ਨਾਲ -ਨਾਲ ਹੋਰਨਾਂ ਮੁਲਕਾਂ ਵਿੱਚ ਵੀ ਕੰਮ ਕਰ ਰਹੀਆਂ ਹਨ ਅਤੇ ਅਮਰੀਕਾ 'ਚ ਇਹਨਾਂ ਕੰਪਨੀਆਂ 'ਚ ਪਰਵਾਸੀ ਵਰਕਰ ਕੰਮ ਕਰ ਰਹੇ ਹਨ, ਜਿਸ ਕਾਰਨ ਇਹਨਾਂ ਕੰਪਨੀਆਂ ਦੀ ਕਾਰਗੁਜਾਰੀ ਦਾ ਗਲੋਬਲ ਪ੍ਰਭਾਵ ਪੈਣਾ ਸੁਭਾਵਿਕ ਹੈ।

ਵੱਖ- ਵੱਖ ਕੰਪਨੀਆਂ ਆਪਣੇ ਘਾਟੇ ਨੂੰ ਪੂਰਾ ਕਰਨ ਲਈ ਆਪਣੇ ਸਮਾਨ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੰਦੀਆਂ ਹਨ, ਜਿਸ ਦਾ ਸਾਰਾ ਬੋਝ ਆਮ ਆਦਮੀ ਦੀ ਜੇਬ 'ਤੇ ਪੈਂਦਾ ਹੈ। ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਵਿਸ਼ਵ ਵਿੱਚ ਆਰਥਿਕ ਮੰਦੀ ਆਉਣ ਦੀ ਆਹਟ ਸੁਣਾਈ ਦੇ ਰਹੀ ਹੈ। ਇਸ ਤੋਂ ਪਹਿਲਾਂ 1930 ਵਿੱਚ ਪੂਰੀ ਦੁਨੀਆ ਵਿੱਚ ਗਲੋਬਲ ਆਰਥਿਕ ਮੰਦੀ ਆਈ ਸੀ। ਉਸ ਸਮੇਂ ਵਰਗੇ ਹਾਲਾਤ ਹੁਣ ਮੁੜ ਬਣਦੇ ਜਾ ਰਹੇ ਹਨ। ਉਸ ਸਮੇਂ ਵੀ ਆਰਥਿਕ ਮੰਦੀ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਸੀ, ਹੁਣ ਵੀ ਅਮਰੀਕਾ ਤੋਂ ਹੀ ਗਲੋਬਲ ਆਰਥਿਕ ਮੰਦੀ ਸ਼ੁਰੂ ਹੋਣ ਦਾ ਖਤਰਾ ਬਣ ਗਿਆ ਹੈ।

ਸਾਲ 2008 ਵਿੱਚ ਵੀ ਗਲੋਬਲ ਪੱਧਰ 'ਤੇ ਆਈ ਆਰਥਿਕ ਮੰਦੀ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਸੀ। ਸਾਲ 2008 ਵਿੱਚ ਅਮਰੀਕਾ ਦੀ ਪ੍ਰਸਿੱਧ ਵਿੱਤੀ ਕੰਪਨੀ ਲੇਹਮਨ ਬ੍ਰਦਰਜ਼ ਦਿਵਾਲੀਆ ਹੋ ਗਈ ਸੀ ਤਾਂ ਦੁਨੀਆ ਵਿੱਚ ਉਥਲ ਪੁਥਲ ਮੱਚ ਗਈ ਸੀ। ਉਸ ਸਮੇਂ ਨਿਵੇਸ਼ਕਾਂ ਨੂੰ ਜਿੰਨਾ ਨੁਕਸਾਨ ਹੋਇਆ, ਉਹ ਰਾਸ਼ੀ ਭਾਰਤ ਦੇ ਸਕਲ ਘਰੇਲੂ ਉਤਪਾਦਨ ਦੇ ਬਰਾਬਰ ਸੀ।

ਸਾਲ 2008 ਵਿੱਚ ਗਲੋਬਲ ਪੱਧਰ 'ਤੇ ਆਈ ਆਰਥਿਕ ਮੰਦੀ ਦਾ ਅਸਰ ਭਾਰਤ 'ਤੇ ਵੀ ਪਿਆ ਸੀ, ਪਰ ਭਾਰਤ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਬਚਤ ਦੀ ਆਦਤ ਹੋਣ ਅਤੇ ਭਾਰਤ ਦੀਆਂ ਘਰੇਲੂ ਔਰਤਾਂ ਵੱਲੋਂ ਰਸੋਈ ਦੇ ਕਿਸੇ ਡੱਬੇ ਵਿੱਚ ਪੈਸੇ ਸਾਂਭ ਕੇ ਰੱਖਣ ਦੀ ਆਦਤ ਕਾਰਨ ਵੱਡੀ ਗਿਣਤੀ ਲੋਕ ਇਸ ਆਰਥਿਕ ਮੰਦੀ ਦੌਰਾਨ ਵੀ ਆਪਣੇ ਲਈ ਦਾਲ- ਰੋਟੀ ਦਾ ਜੁਗਾੜ ਕਰਨ ਵਿੱਚ ਸਫ਼ਲ ਰਹੇ ਸਨ।

ਭਾਰਤ ਦੇ ਲੋਕਾਂ ਨੂੰ ਅੱਜ ਦੇ ਸਮੇਂ ਵਿੱਚ ਵੀ ਬਚਤ ਕਰਨ ਦੀ ਆਦਤ ਹੈ ਅਤੇ ਭਾਰਤ ਦੀਆਂ ਘਰੇਲੂ ਔਰਤਾਂ ਪਹਿਲਾਂ ਵਾਂਗ ਹੀ ਰਸੋਈ ਦੇ ਕਿਸੇ ਬਰਤਨ ਵਿੱਚ ਕੁਝ ਪੈਸੇ ਸਾਂਭ ਕੇ ਰਖਦੀਆਂ ਹਨ ਪਰ ਭਾਰਤ ਸਮੇਤ ਦੁਨੀਆ ਦੇ ਵੱਡੀ ਗਿਣਤੀ ਲੋਕਾਂ ਵਿੱਚ ਕਰਜ਼ਾ ਲੈ ਕੇ ਸੁੱਖ ਸੁਵਿਧਾਵਾਂ ਅਤੇ ਵਾਹਨ ਖਰੀਦਣ ਦੀ ਪ੍ਰਵਿਰਤੀ ਵਿੱਚ ਵਾਧਾ ਹੋਇਆ ਹੈ। ਭਾਰਤ ਵਿੱਚ ਵੀ ਹੁਣ ਵੱਡੀ ਗਿਣਤੀ ਲੋਕ ਕਰਜ਼ਾ ਲੈ ਕੇ ਸੁੱਖ ਸੁਵਿਧਾਵਾਂ ਅਤੇ ਵਾਹਨ ਖਰੀਦ ਰਹੇ ਹਨ। ਇਸ ਤਰ੍ਹਾਂ ਦੁਨੀਆ ਵਿੱਤੀ ਸੰਸਥਾਵਾਂ ਦੇ ਕਰਜ਼ੇ ਦੇ ਜਾਲ ਵਿੱਚ ਫ਼ਸਦੀ ਜਾ ਰਹੀ ਹੈ। ਹੁਣ ਜੇ ਅਮਰੀਕਾ ਦੀਆਂ ਵਿੱਤੀ ਸੰਸਥਾਵਾਂ, ਉਦਯੋਗਾਂ ਅਤੇ ਵਪਾਰਕ ਕੰਪਨੀਆਂ ਦੇ ਘਾਟੇ ਵਿੱਚ ਜਾਣ ਨਾਲ ਗਲੋਬਲ ਪੱਧਰ 'ਤੇ ਆਰਥਿਕ ਮੰਦੀ ਆਉਂਦੀ ਹੈ ਤਾਂ ਇਸਦਾ ਭਾਰਤ 'ਤੇ ਵੀ ਕੁਝ ਨਾ ਕੁਝ ਪ੍ਰਭਾਵ ਜ਼ਰੂਰ ਪਵੇਗਾ।

ਅਮਰੀਕਾ ਸਮੇਤ ਵਿਸ਼ਵ ਦੇ ਵੱਖ- ਵੱਖ ਵਿਕਸਤ ਤੇ ਵਿਕਾਸਸੀਲ ਮੁਲਕਾਂ ਦੀਆਂ ਸਰਕਾਰਾਂ ਨੂੰ ਆਰਥਿਕ ਮੰਦੀ ਆਉਣ ਤੋਂ ਰੋਕਣ ਲਈ ਸਾਂਝੇ ਰੂਪ ਵਿੱਚ ਜ਼ਰੂਰੀ ਉਪਰਾਲੇ ਕਰਨੇ ਚਾਹੀਦੇ ਹਨ।

# ਕੀ ਹੋਵੇਗੀ ਪੰਜਾਬ ਦੀ ਦਿਸ਼ਾ ?

**ਜਗਤਾਰ ਸਿੰਘ**



**ਸਵਾਲ ਇਹ ਹੈ ਕਿ ਵਰਤਮਾਨ ਵਿੱਚ ਇਸ ਸੰਸਥਾ ਦੀ ਪ੍ਰਭੂਸੱਤਾ ਸਿੱਖ ਦਾਇਰੇ (ਡੋਮੇਨ) ਵਿੱਚ ਹੀ ਹੈ ਜਾਂ ਇਸ ਤੋਂ ਬਾਹਰ ਵੀ ਹੈ ? ਵਿਧਾਇਕਾਂ ਅਤੇ ਮੰਤਰੀਆਂ ਦੀ ਪੇਸ਼ੀ ਤੋਂ ਇਹ ਅਰਥ ਲਿਆ ਜਾ ਸਕਦਾ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਸਟੇਟ ਤੋਂ ਉੱਪਰ ਹੈ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਨ੍ਹਾਂ ਵਿਧਾਇਕਾਂ ਰਾਹੀਂ ਮਾਨ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ ਸਤਿਕਾਰ ਐਕਟ ਵਿੱਚ ਇੱਕ ਮਹੀਨੇ ਦੇ ਅੰਦਰ-ਅੰਦਰ ਸੋਧ ਕੀਤੀ ਜਾਵੇ।**

ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਭਗਵੰਤ ਮਾਨ ਸਰਕਾਰ ਦੀ ਜਵਾਬਦੇਹੀ ਪੰਜਾਬ ਦੇ ਵਿਕਾਸ ਸਬੰਧੀ ਕਾਰਗੁਜ਼ਾਰੀ ਬਾਰੇ ਹੋਣੀ ਚਾਹੀਦੀ ਸੀ, ਪਰ ਸੂਬਾ ਇੱਕ ਵਾਰ ਫਿਰ ਧਰਮ ਦੀ ਸਿਆਸਤ 'ਚ ਉਲਝ ਗਿਆ ਹੈ। ਉਂਝ, ਪੰਜਾਬ ਦੇ ਵਿਕਾਸ ਸਬੰਧੀ ਕਾਰਗੁਜ਼ਾਰੀ ਦਾ ਬਿਰਤਾਂਤ ਕਿਸੇ ਵੀ ਧਿਰ ਨੂੰ ਭਾਉਂਦਾ ਨਹੀਂ ਜਾਪਦਾ। ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਛੱਡ ਕੇ ਪੰਜਾਬ ਦੇ ਸਾਰੇ ਸਿੱਖ ਵਿਧਾਇਕ ਅਤੇ ਮੰਤਰੀ ਸਿੱਖ ਧਰਮ ਦੀ ਸਰਬਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ। ਇਹ ਮਸਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਣਾਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਦਾ ਸੀ। ਪੰਜਾਬ ਨੂੰ ਪਹਿਲੀ ਵਾਰ ਇਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਦੇ ਪੱਧਰ ਦਾ ਪਤਾ ਲੱਗਾ, ਹਾਲਾਂਕਿ ਇਨ੍ਹਾਂ ਨੂੰ ਵਿਧਾਨ ਸਭਾ ਵਿੱਚ ਰੌਲਾ ਪਾਉਂਦਿਆਂ ਅਕਸਰ ਦੇਖਿਆ-ਸੁਣਿਆ ਜਾਂਦਾ ਹੈ। ਇਹ ਦ੍ਰਿਸ਼ ਇੱਕ ਵਾਰ ਫਿਰ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਦੇ ਪ੍ਰਗਟਾਵੇ ਦਾ ਸੀ। ਇਸ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਸਿੱਖ ਧਰਮ ਵਿੱਚ ਰੁਤਬੇ ਦਾ ਪ੍ਰਗਟਾਵਾ ਕਈ ਦਹਾਕਿਆਂ ਬਾਅਦ 2 ਦਸੰਬਰ 2024 ਨੂੰ ਹੋਇਆ ਸੀ, ਪਰ ਉਸ ਤੋਂ ਪਿੱਛੋਂ ਇਸ ਦੇ ਰੁਤਬੇ ਨੂੰ ਲਗਾਤਾਰ ਢਾਹ ਲੱਗੀ ਹੈ। ਪੰਜਾਬ ਵਿੱਚ ਵਿਧਾਨ ਸਭਾ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪਹਿਲੀ ਵਾਰ ਇਸ ਦੇ ਮੈਂਬਰਾਂ ਨੂੰ ਪੇਸ਼ ਹੋਣ ਦਾ ਹੁਕਮ ਦੇਣਾ ਅਤੇ ਇਸ ਦੀ ਤਾਮੀਲ ਹੋਣ ਦਾ ਇਹ ਅਜਬ ਵਰਤਾਰਾ ਹੈ, ਜਿਸ ਨੇ ਕਈ ਸਵਾਲ ਖੜ੍ਹੇ ਕੀਤੇ ਹਨ।

ਪਹਿਲਾ ਸਵਾਲ ਅਕਾਲ ਤਖ਼ਤ ਸਾਹਿਬ ਅਤੇ ਸਟੇਟ ਦੇ ਆਪਸੀ ਸਬੰਧਾਂ ਦਾ ਹੈ। ਇਸ ਦੀ ਤਹਿ ਤੱਕ ਜਾਣ ਲਈ ਅਕਾਲ ਤਖ਼ਤ ਸਾਹਿਬ ਬਾਰੇ ਮੁੱਢਲੀ ਜਾਣਕਾਰੀ ਹੋਣੀ ਜ਼ਰੂਰੀ ਹੈ। ਇਸ ਤਖ਼ਤ ਦੀ ਸਿਰਜਣਾ ਸਿੱਖਾਂ ਦੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤੀ ਅਤੇ ਉਨ੍ਹਾਂ ਦਾ ਸਿੱਖਾਂ ਨੂੰ ਪਹਿਲਾ ਆਦੇਸ਼ ਘੋੜੇ ਤੇ ਸ਼ਸਤਰ ਲਿਆਉਣ ਦਾ ਸੀ। ਇਸ ਤਰ੍ਹਾਂ ਇਹ ਸਿੱਖਾਂ ਦੀ ਰਾਜਸੱਤਾ ਦਾ ਕੇਂਦਰ ਬਿੰਦੂ ਬਣਿਆ। ਸਿੱਖ ਧਰਮ ਮੀਰੀ ਅਤੇ ਪੀਰੀ ਦਾ ਸੁਮੇਲ ਹੈ। ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਿਰਫ਼ ਇਮਾਰਤਾਂ ਨਹੀਂ ਹਨ ਸਗੋਂ ਮਿਸਲਾਂ ਸਮੇਂ ਇਸ ਸੰਸਥਾ ਦਾ ਵਿਕਾਸ ਸਿੱਖ ਜਮਹੂਰੀਅਤ ਦੇ ਕੇਂਦਰ ਵਜੋਂ ਹੋਇਆ, ਜਿੱਥੇ ਆਮ ਰਾਏ ਨਾਲ ਲਏ ਗਏ ਫ਼ੈਸਲੇ ਸਿੱਖਾਂ ਲਈ ਸਰਬ-ਪ੍ਰਵਾਨਿਤ ਹੁੰਦੇ ਸਨ। ਸਿੱਖ ਜਮਹੂਰੀਅਤ ਦੀ ਜੜ੍ਹ ਪੰਜ ਪਿਆਰਿਆਂ ਦੀ ਸੰਸਥਾ ਵਿੱਚ ਹੈ। ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਨਹੀਂ, ਤਖ਼ਤ ਹੈ ਅਤੇ ਇਸ ਲਈ ਇਹ ਸਟੇਟ ਨਾਲ ਵਾਰ-ਵਾਰ ਟਕਰਾਇਆ ਹੈ। ਆਪਣੇ ਖ਼ਾਸੇ ਕਾਰਨ ਇਹ ਸਿੱਖ ਪ੍ਰਭੂਸੱਤਾ ਦਾ ਪ੍ਰਤੀਕ ਹੈ ਅਤੇ ਇਸ ਸੰਸਥਾ ਦਾ ਦਾਇਰਾ ਆਲਮੀ ਹੈ।

ਸਵਾਲ ਇਹ ਹੈ ਕਿ ਵਰਤਮਾਨ ਵਿੱਚ ਇਸ ਸੰਸਥਾ ਦੀ ਪ੍ਰਭੂਸੱਤਾ ਸਿੱਖ ਦਾਇਰੇ (ਡੋਮੇਨ) ਵਿੱਚ ਹੀ ਹੈ ਜਾਂ ਇਸ ਤੋਂ ਬਾਹਰ ਵੀ ਹੈ ? ਵਿਧਾਇਕਾਂ ਅਤੇ ਮੰਤਰੀਆਂ ਦੀ ਪੇਸ਼ੀ ਤੋਂ ਇਹ ਅਰਥ ਲਿਆ ਜਾ ਸਕਦਾ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਸਟੇਟ ਤੋਂ ਉੱਪਰ ਹੈ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਨ੍ਹਾਂ ਵਿਧਾਇਕਾਂ ਰਾਹੀਂ ਮਾਨ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ ਸਤਿਕਾਰ ਐਕਟ ਵਿੱਚ ਇੱਕ ਮਹੀਨੇ ਦੇ ਅੰਦਰ-ਅੰਦਰ ਸੋਧ ਕੀਤੀ ਜਾਵੇ। ਸੋਧ ਲਈ ਸੁਝਾਅ ਜਥੇਦਾਰ ਵੱਲੋਂ ਦਿੱਤੇ ਜਾਣਗੇ। ਇਹ ਮਾਮਲਾ ਜਮਹੂਰੀ ਨਿਜ਼ਾਮ ਵਿੱਚ ਸਟੇਟ ਅਤੇ ਅਕਾਲ ਤਖ਼ਤ ਸਾਹਿਬ ਦੇ ਸਬੰਧਾਂ ਦਾ ਹੈ। ਉਦਾਹਰਣ ਵਜੋਂ ਮਹਾਰਾਜਾ ਰਣਜੀਤ ਸਿੰਘ ਤੋਂ ਲੈ ਕੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਮੁੱਖ ਮੰਤਰੀਆਂ ਵਿੱਚ ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਕੈਪਟਨ ਅਮਰਿੰਦਰ ਸਿੰਘ ਅਤੇ ਵਰਤਮਾਨ ਵਿੱਚ ਭਗਵੰਤ ਸਿੰਘ ਮਾਨ ਨੂੰ ਵੀ ਤਲਬ ਕੀਤਾ ਗਿਆ, ਪਰ ਸਰਕਾਰ ਨੂੰ ਇਸ ਤਰ੍ਹਾਂ ਦਾ ਆਦੇਸ਼ ਪਹਿਲੀ ਵਾਰ ਦਿੱਤਾ ਗਿਆ ਹੈ। ਇਸੇ ਕਾਰਨ ਅਕਾਲ ਤਖ਼ਤ ਸਾਹਿਬ ਅਤੇ ਸਟੇਟ ਦੇ ਸਬੰਧਾਂ ਦਾ ਮਸਲਾ ਉੱਠਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ, ਸਰਕਾਰ-ਏ-ਖ਼ਾਲਸਾ ਸੀ, ਜੋ ਇੱਕ ਅਹਿਮ ਪਹਿਲੂ ਹੈ। ਜ਼ਿਕਰਯੋਗ ਹੈ ਕਿ ਸਿੱਖ ਸਾਮਰਾਜ ਦਰਿਆ ਸਤਲੁਜ ਤੋਂ ਦੱਰਾ ਖ਼ੈਬਰ ਤੱਕ ਫੈਲਿਆ ਹੋਇਆ ਸੀ, ਜਿਸ ਵਿੱਚ ਸਿੱਖਾਂ ਦੀ ਗਿਣਤੀ ਸਿਰਫ਼ ਅੱਠ ਫ਼ੀਸਦੀ (ਪੰਜਾਬ ਵਿੱਚ 13 ਫ਼ੀਸਦੀ) ਸੀ, ਪਰ ਕਦੇ ਵੀ ਬੇਅਦਬੀ ਜਿਹੀ ਘਟਨਾ ਨਹੀਂ ਸੀ ਵਾਪਰੀ।

ਇਸ ਵਰਤਾਰੇ ਦਾ ਦੂਜਾ ਅਹਿਮ ਪਹਿਲੂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਨਾਲ ਸਬੰਧਿਤ ਹੈ। ਰਿਕਾਰਡ ਅਨੁਸਾਰ ਤਾਂ ਇਹ ਨਿਯੁਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੀ ਜਾਂਦੀ ਹੈ, ਪਰ ਇਸ ਦਾ ਕੋਈ ਵਿਧੀ-ਵਿਧਾਨ ਨਹੀਂ। ਕਈ ਜਥੇਦਾਰਾਂ ਨੇ ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਵੀ ਦਿੱਤੇ ਹਨ ਅਤੇ ਕਮੇਟੀਆਂ ਵੀ ਬਣੀਆਂ, ਪਰ ਨਤੀਜਾ ਕੁਝ ਨਹੀਂ ਨਿਕਲਿਆ। ਜਿਸ ਜਥੇਦਾਰ ਕੋਲ ਸਰਕਾਰ ਤਲਬ ਕਰਨ ਦੀ ਤਾਕਤ ਹੈ, ਉਸ ਦੀ ਅਚਾਨਕ ਹੀ ਛੁੱਟੀ ਕਰ ਦਿੱਤੀ ਜਾਂਦੀ ਹੈ ਅਤੇ ਇਹ ਵਾਰ-ਵਾਰ ਵਾਪਰਿਆ ਹੈ। ਦੋ ਦਸੰਬਰ 2024 ਦਾ ਹੁਕਮਨਾਮਾ ਜਾਰੀ ਕਰਨ ਵਾਲੇ ਜਥੇਦਾਰਾਂ ਦਾ ਹਾਲ ਸਭ ਦੇ ਸਾਹਮਣੇ ਹੈ। ਇਹ ਆਪਣੇ ਆਪ ਵਿੱਚ ਇੱਕ ਬਹੁਤ ਡੂੰਘਾ ਵਿਰੋਧਾਭਾਸ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਈ ਵਾਰ ਕਿਹਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦਾ ਸਿਪਾਹੀ ਹੈ ਜਦੋਂਕਿ ਪਹਿਲੇ ਪ੍ਰਧਾਨ ਖ਼ੁਦ ਨੂੰ ਪੰਥ ਦੇ ਸੇਵਕ ਕਹਾਉਂਦੇ ਸਨ। ਇਸੇ ਵਿੱਚ ਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਬਰਖ਼ਾਸਤਗੀ ਫਸੀ ਹੋਈ ਹੈ। ਇੱਕ ਪਾਸੇ ਸਰਬਸ਼ਕਤੀ ਮਾਨਤਾ ਅਤੇ ਦੂਜੇ ਪਾਸੇ ਅਚਾਨਕ ਬਰਖ਼ਾਸਤਗੀ। ਇਹ ਸਾਰਾ ਬਿਰਤਾਂਤ ਆਗਾਮੀ ਵਿਧਾਨ ਸਭਾ ਚੋਣਾਂ ਨਾਲ ਵੀ ਅਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ।

ਇਸ ਸਬੰਧੀ ਅਕਾਲ ਤਖ਼ਤ ਸਾਹਿਬ ਤੋਂ ਸਿੱਖ ਸੰਗਤ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੂੰਹ ਨਾ ਲਾਉਣ ਦੇ ਆਦੇਸ਼ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਹਰ ਦਿਨ ਇਹ ਸਾਹਮਣੇ ਆ ਰਿਹਾ ਹੈ ਕਿ ਜ਼ਮੀਨੀ ਪੱਧਰ 'ਤੇ ਇਸ ਦਾ ਅਸਰ ਦੇਖਣ ਨੂੰ ਨਹੀਂ ਮਿਲ ਰਿਹਾ। ਉਦਾਹਰਣ ਵਜੋਂ, ਜੇ ਆਗਾਮੀ ਚੋਣਾਂ ਮਗਰੋਂ ਮਾਨ ਸਰਕਾਰ ਫਿਰ ਸੱਤਾ ਵਿੱਚ ਆ ਜਾਂਦੀ ਹੈ ਤਾਂ ਇਸ ਆਦੇਸ਼ ਨੂੰ ਕਿਵੇਂ ਸਮਝਿਆ ਜਾਵੇਗਾ ? ਪੰਜਾਬ ਦਾ ਸਾਰਾ ਸਿਆਸੀ ਮਾਹੌਲ ਇਨ੍ਹਾਂ ਮਸਲਿਆਂ 'ਤੇ ਕੇਂਦਰਿਤ ਹੈ, ਨਾ ਕਿ ਸਰਕਾਰ ਦੀ ਕਾਰਗੁਜ਼ਾਰੀ 'ਤੇ। ਸਿਰਫ਼ ਸੱਤਾਧਾਰੀ ਧਿਰ ਲਈ ਹੀ ਇਹ ਵਰਤਾਰਾ ਕਾਰਗਰ ਨਹੀਂ ਹੁੰਦਾ, ਇਹ ਵਿਰੋਧੀ ਧਿਰਾਂ ਨੂੰ ਵੀ ਬਹੁਤ ਰਾਸ ਆਉਂਦਾਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਨੇ ਹੀ ਇੱਥੇ ਸਮੇਂ-ਸਮੇਂ 'ਤੇ ਰਾਜ ਕੀਤਾ ਹੈ। 1980 ਦੇ ਆਸ-ਪਾਸ ਪ੍ਰਤੀ ਜੀਅ ਆਮਦਨ ਵਿੱਚ ਪੰਜਾਬ ਦੇਸ਼ 'ਚੋਂ ਮੋਹਰੀ ਸੀ, ਪਰ ਹੁਣ ਸਭ ਤੋਂ ਪੱਛੜ ਗਿਆ ਹੈ। ਪੰਜਾਬ ਦਾ ਗਰਾਫ਼ ਹੇਠਾਂ ਲਿਜਾਣ ਵਿੱਚ ਸਮੇਂ ਸਮੇਂ ਦੇ ਸੱਤਾਧਾਰੀਆਂ ਦੀ ਭੂਮਿਕਾ ਹੈ। ਜਦੋਂ ਗੱਲ ਸੱਤਾਧਾਰੀਆਂ ਦੀ ਆਉਂਦੀਹੈ ਤਾਂ ਇਸ ਵਿੱਚ ਸਿਆਸੀ ਧਿਰਾਂ ਅਤੇ ਅਫਸਰਸ਼ਾਹੀ ਦੋਵੇਂ ਹੀ ਸ਼ਾਮਿਲ ਹਨ।

ਸੂਬੇ 'ਚ ਲਗਾਤਾਰ ਆ ਰਹੇ ਨਿਘਾਰ ਬਾਰੇ 1997 ਤੋਂ ਲੈ ਕੇ ਅੱਜ ਤੱਕ ਕਦੇ ਵੀ ਵਿਧਾਨ ਸਭਾ ਵਿੱਚ ਨਿੱਠ ਕੇ ਘੰਟਾ-ਦੋ ਘੰਟੇ ਬਹਿਸ ਨਹੀਂ ਹੋਈ। ਉਧਰ, ਇਸ ਖੇਤੀ ਪ੍ਰਧਾਨ ਸੂਬੇ ਲਈ ਅੱਜ ਤੱਕ ਖੇਤੀ ਨੀਤੀ ਹੀ ਨਹੀਂ ਬਣੀ। ਮਾਨ ਸਰਕਾਰ ਨੇ ਇਸ ਮਾਮਲੇ 'ਤੇ ਪਹਿਲ ਕਰਕੇ ਇਹ ਨੀਤੀ ਬਣਾਈ, ਪਰ ਇਹ ਕਈ ਹੋਰ ਉਲਝਣਾਂ ਦਾ ਸ਼ਿਕਾਰ ਹੋ ਗਈ। ਪੰਜਾਬ ਫ਼ਸਲੀ ਵਿਭਿੰਨਤਾ ਦੇ ਪਹਿਲੇ ਪੜਾਅ ਦੇ ਬਿਰਤਾਂਤ ਵਿੱਚ ਫਸ ਗਿਆ ਹੈ। ਸੂਬੇ ਦੇ ਆਰਥਿਕ ਵਿਕਾਸ ਦੀ ਕਾਰਗਰ ਨੀਤੀ ਤੋਂ ਬਗ਼ੈਰ ਫ਼ਸਲੀ ਵਿਭਿੰਨਤਾ ਨਹੀਂ ਲਿਆਂਦੀ ਜਾ ਸਕਦੀ। ਜਿਹੜੀਆਂ ਨੀਤੀਆਂ ਬਣੀਆਂ ਉਨ੍ਹਾਂ ਨੇ ਪੰਜਾਬੀਆਂ ਨੂੰ ਮੰਗਤੇ ਬਣਾਉਣ ਦੇ ਰਾਹ ਪਾ ਦਿੱਤਾ। ਪੰਜਾਬ ਦੁਨੀਆ ਵਿੱਚ ਜਾਗਦੀ ਜ਼ਮੀਰ ਲਈ ਜਾਣਿਆ ਜਾਂਦਾ ਸੀ। ਸੋਸ਼ਲ ਸਿਕਿਉਰਿਟੀ ਅਤੇ ਮੁਫ਼ਤਖੋਰੀ ਵਿੱਚ ਫ਼ਰਕ ਹੁੰਦਾ ਹੈ। ਜ਼ਮੀਰ ਕਦੇ ਵੀ ਬੰਦੂਕ ਦੀ ਗੋਲੀ ਨਾਲ ਨਹੀਂ ਮਰਦੀ। ਪਿੱਛੇ ਜਿਹੇ ਤਾਮਿਲਨਾਡੂ ਵਿੱਚ ਵਿਧਾਨ ਸਭਾ ਚੋਣਾਂ ਹੋਈਆਂ। ਮੁਫ਼ਤ ਦੀਆਂ ਸੌਗਤਾਂ ਦੀ ਸਿਆਸਤ ਵਿੱਚ ਤਾਮਿਲਨਾਡੂ, ਮੁਲਕ ਵਿੱਚ ਮੋਹਰੀ ਸੀ ਅਤੇ ਰਾਜ ਵੀ ਵਾਰੋ-ਵਾਰੀ ਦੋ ਦ੍ਰਾਵਿੜ ਸਿਆਸੀ ਪਾਰਟੀਆਂ ਨੇ ਕੀਤਾ, ਪਰ ਐਤਕੀਂ ਲੋਕਾਂ ਨੇ ਇਸ ਸਿਆਸਤ ਨੂੰ ਹਰਾ ਕੇ ਇਤਿਹਾਸ ਸਿਰਜ ਦਿੱਤਾ। ਆਮਦਨ ਦੇ ਵੱਧ ਸਰੋਤ ਹੋਣ ਦੇ ਬਾਵਜੂਦ ਇਹ ਸੂਬਾ ਵੀ ਕਰਜ਼ਈ ਹੋ ਚੁੱਕਾ ਹੈ। ਮੁਫ਼ਤ ਦੀਆਂ ਸੌਗਾਤਾਂ ਦੀ ਸਿਆਸਤ ਜਨਤਾ ਨੇ ਨਕਾਰ ਦਿੱਤੀ ਹੈ। ਪੰਜਾਬ ਦੇ ਕਰਜ਼ੇ ਵਿੱਚ ਲਗਾਤਾਰ ਵਾਧਾ, ਨਸ਼ੇ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਬਿਮਾਰੀ ਦੇ ਲੱਛਣ ਹਨ। ਮਸਲਾ ਇਨ੍ਹਾਂ ਬਿਮਾਰੀਆਂ ਦੀ ਜੜ੍ਹ ਤੱਕ ਜਾਣ ਦਾ ਹੈ। ਪੰਜਾਬ ਦੀ ਨੁਹਾਰ ਬਦਲਣ ਤੇ ਨਵੀਂ ਸੋਚ ਅਪਣਾਉਣ ਦੀ ਲੋੜ ਹੈ, ਨਾ ਕਿ ਦੂਸ਼ਣਬਾਜ਼ੀ ਦੀ ਸਿਆਸਤ ਦੀ। ਇਨ੍ਹਾਂ ਬਿਮਾਰੀਆਂ ਤੋਂ ਪੀੜਤ ਤਾਂ ਲੋਕਾਈ ਹੈ, ਪਰ ਸੱਤਾਧਾਰੀ ਧਿਰਾਂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ। ਦਰਅਸਲ, ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਬਾਰੇ ਬਣੇ ਕਾਨੂੰਨ ਨੂੰ ਲੈ ਕੇ ਜਥੇਦਾਰ ਅਕਾਲ ਤਖ਼ਤ ਸਾਹਿਬ ਦੁਆਰਾ ਸੂਬੇ ਦੇ ਵਿਧਾਇਕਾਂ ਨੂੰ ਤਲਬ ਕਰ ਕੇ ਇਤਿਹਾਸ ਸਿਰਜਣ ਤੋਂ ਸ਼ੁਰੂ ਹੋਈ ਸੀ। ਇਤਿਹਾਸ ਸਿਰਜਣ ਦੀ ਇਹ ਕਵਾਇਦ ਕਿਹੜੀਆਂ ਨਵੀਆਂ ਪਿਰਤਾਂ ਪਾਵੇਗੀ ?ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ ਕਿਸ ਦਿਸ਼ਾ ਵੱਲ ਜਾ ਰਿਹਾ ਹੈ, ਦਸ਼ਾ ਦਾ ਤਾਂ ਖ਼ੈਰ ਪਤਾ ਹੀ ਹੈ।

*** ਲੇਖਕ ਸੀਨੀਅਰ ਪੱਤਰਕਾਰ ਹੈ।**

# ਕੀ ਖ਼ਾਲਿਸਤਾਨੀ ਲਹਿਰ ਕੇ.ਪੀ.ਐਸ. ਗਿੱਲ ਕਾਰਨ ਖ਼ਤਮ ਹੋਈ ?

ਡਾ. ਪਰਮਿੰਦਰ ਸਿੰਘ ਸ਼ੌਂਕੀ

ਹਾਲਾਂਕਿ ਖ਼ਾਲਿਸਤਾਨੀ ਲਹਿਰ ਦੇ ਖ਼ਤਮ ਹੋਣ ਦਾ ਤਰਕ ਆਪਣੇ-ਆਪ ਵਿੱਚ ਬੇਹੂਦਾ ਹੈ, ਪਰ ਸਾਧਾਰਨ ਤੌਰ 'ਤੇ ਇਹ ਆਖਿਆ ਜਾਂਦਾ ਹੈ, ਖ਼ਾਸ ਕਰਕੇ ਹਿੰਦੂਤਵੀ ਭੀੜ ਵੱਲੋਂ ਕਿ ਪੰਜਾਬ ਅੰਦਰ ਸ਼ਾਂਤੀ ਇਸ ਕਾਰਨ ਆਈ ਕਿ ਕੇ.ਪੀ.ਐੱਸ. ਗਿੱਲ ਤੋਂ ਖਾੜਕੂ/ਖ਼ਾਲਿਸਤਨੀ ਡਰਨ ਲੱਗ ਪਏ ਸੀ. ਉਨ੍ਹਾਂ ਨੇ ਡਰਦਿਆਂ ਹੀ ਆਤਮ-ਸਮਰਪਣ ਕਰ ਦਿੱਤੇ, ਗਿੱਲ ਨੇ ਜੇਕਰ ਖ਼ਾਲਿਸਤਾਨੀ ਨਾ ਮਾਰੇ ਹੁੰਦੇ ਤਾਂ ਪੰਜਾਬ ਵਿੱਚ ਸ਼ਾਂਤੀ ਨਹੀਂ ਸੀ ਆਉਣੀ - ਵਗੈਰਾ-ਵਗੈਰਾ.

ਪਹਿਲੀ ਗੱਲ ਤਾਂ ਇਸ ਪੱਖ ਤੋਂ ਸਾਨੂੰ ਇਹ ਸਮਝਣੀ ਪਏਗੀ ਕਿ 90ਵਿਆਂ ਦੇ ਦੌਰ ਵਿੱਚ ਪੰਜਾਬ ਅੰਦਰ ਜੋ ਕੁਝ ਵਾਪਰ ਰਿਹਾ ਸੀ, ਉਹ ਸਪਸ਼ਟ ਰੂਪ ਵਿੱਚ ਸੱਤਾ ਦੀ ਅਰਾਜਕਤਾ ਸੀ. ਜਿਸ ਕਾਰਨ ਖਾੜਕੂ ਧਿਰਾਂ ਜਿਆਦਾਤਰ ਉਨ੍ਹਾਂ ਪੁਲਿਸ ਵਾਲਿਆਂ ਤੋਂ ਬਦਲਾ ਲੈਣ ਤੁਰ ਪਈਆਂ ਸਨ, ਜਿਨ੍ਹਾਂ ਨੇ ਨੌਕਰੀ ਦੀ ਮਰਯਾਦਾ ਭੁੱਲ ਕੇ ਇਸ ਦੌਰ ਨੂੰ ਤਰੱਕੀਆਂ ਅਤੇ ਪੈਸੇ ਕਮਾਉਣ ਦਾ ਸਾਧਨ ਸਮਝ ਲਿਆ ਸੀ. ਪੰਜਾਬ ਪੁਲਿਸ ਅੰਦਰ ਵੀ ਉਹ ਲੋਕ ਖਾੜਕੂਆਂ ਦਾ ਵਧੇਰੇ ਨਿਸ਼ਾਨਾ ਬਣੇ, ਜਿਨ੍ਹਾਂ ਨੇ ਆਮ ਪਰਿਵਾਰਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਸੀ. ਹਾਲਾਂਕਿ ਇਸ ਦੌਰ ਵਿੱਚ ਲੋਕਾਂ ਨੇ ਆਪਣੀਆਂ ਜ਼ਮੀਨਾਂ ਤਕ ਵੇਚ ਕੇ ਪੁਲਿਸ ਵਾਲਿਆਂ ਨੂੰ ਰਿਸ਼ਵਤਾਂ ਦਿੱਤੀਆਂ, ਪਰ ਬਦਲੇ ਵਿੱਚ ਉਨ੍ਹਾਂ ਨੂੰ ਆਪਣੇ ਪੁੱਤਰਾਂ ਦੀਆਂ ਲਾਸ਼ਾਂ ਵੀ ਨਾ ਮਿਲੀਆਂ. ਉਸ ਦੌਰ ਵਿੱਚ ਪੁਲਿਸ ਨਾ ਕਿਸੇ ਮੰਤਰੀ ਦੀ ਸੁਣਦੀ ਸੀ, ਨਾ ਨੇਤਾ ਦੀ। ਆਮ ਚਰਚਾ ਇਹ ਹੁੰਦੀ ਸੀ ਕਿ ਸ਼ਾਇਦ ਪੁਲਿਸ ਦੇ ਉੱਚ ਅਧਿਕਾਰੀ ਕੋਈ ਬਚਾਅ ਕਰ ਸਕਦੇ ਹਨ, ਪਰ ਉੱਚ ਅਧਿਕਾਰੀਆਂ ਦੇ ਮੁੰਡੇ ਵੀ ਪੁਲਿਸ ਨੇ ਨਜਾਇਜ਼ ਕੇਸਾਂ ਵਿੱਚ ਫ਼ਸਾ ਕੇ ਮਾਰ ਛੱਡੇ ਸੀ। ਫ਼ੌਜ ਤੋਂ ਲੈ ਕੇ ਪੁਲਿਸ ਪਰਿਵਾਰਾਂ ਨਾਲ ਸੰਬੰਧ ਰੱਖਣ ਵਾਲਿਆਂ ਨੂੰ ਪੁਲਿਸ ਨੇ ਸ਼ਰੇਆਮ ਨਿਸ਼ਾਨਾ ਬਣਾਇਆ ਤੇ ਕਿਤੇ ਵੀ ਕਿਸੇ ਦੀ ਕੋਈ ਸੁਣਵਾਈ ਨਾ ਹੋਈ. ਇਸ ਅਰਾਜਕਤਾ ਭਰੇ ਦੌਰ ਅੰਦਰ ਖਾੜਕੂਆਂ ਨੇ ਜੋ ਪੁਲਿਸ ਵਾਲੇ ਮਾਰੇ, ਉਨ੍ਹਾਂ ਵਿੱਚੋਂ ਇੱਕ ਵੀ ਬੇਦੋਸ਼ਾ ਜਾਂ ਇਮਾਨਦਾਰ ਨਹੀਂ ਸੀ. ਇਹ ਗੱਲ ਰਿਕਾਰਡ ਵਿੱਚ ਦਰਜ ਹੈ।



ਪੰਜਾਬ ਪੁਲਿਸ ਦੇ ਅਮਾਨਵੀ ਕਾਰਨਾਮਿਆਂ ਦੀ ਰਿਪੋਰਟ ਸ. ਇੰਦਰਜੀਤ ਸਿੰਘ ਜੇਜੀ ਨੇ ਯੂ.ਐੱਨ.ਓ. ਨੂੰ ਭੇਜੀ ਸੀ, ਜਿਸ ਦਾ ਪੰਜਾਬੀ ਅਤੇ ਅੰਗਰੇਜ਼ੀ ਸੰਸਕਰਨ ਗੀਥਿੰਕ ਬੁਕਸ ਨੇ ਪ੍ਰਕਾਸ਼ਿਤ ਕੀਤਾ ਹੈ, ਉਹ ਇਸ ਸੰਬੰਧੀ ਇੱਕ ਮਹੱਤਵਪੂਰਨ ਦਸਤਾਵੇਜ ਹੈ। ਇਸ ਬਾਰੇ ਸਿਟੀਜਨ ਫ਼ਾਰ ਡੈਮੋਕਰੇਸੀ ਦੀ ਰਿਪੋਰਟ ਪੰਜਾਬ 'ਚ ਜ਼ੁਲਮ ਵੀ ਧਿਆਨ ਮੰਗਦੀ ਹੈ, ਜਿਸ ਦਾ ਪੰਜਾਬੀ ਅਨੁਵਾਦ ਮੈਂ ਕੀਤਾ ਹੈ ਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਗੀਥਿੰਕ ਬੁਕਸ ਨੇ ਹੀ ਪ੍ਰਕਾਸ਼ਿਤ ਕੀਤੀ ਹੈ. ਇਹ ਰਿਪੋਰਟਾਂ ਸਾਨੂੰ ਸਾਫ਼ ਕਰਦੀਆਂ ਹਨ ਕਿ ਉਸ ਦੌਰ ਅੰਦਰ, ਜਦੋਂ ਕੇ.ਪੀ.ਐੱਸ. ਗਿੱਲ ਪੰਜਾਬ ਦਾ ਡੀ.ਜੀ.ਪੀ. ਬਣਾਇਆ ਜਾਂਦਾ ਹੈ, ਉਸ ਵਕਤ ਪੰਜਾਬ ਪੁਲਿਸ ਅਤੇ ਸੀ.ਆਰ.ਪੀ.ਐੱਫ. ਕਿਸੇ ਵੀ ਅੱਗੇ ਜੁਆਬਦੇਹ ਨਹੀਂ ਸਨ. ਇਸ ਲਈ ਗਿੱਲ ਨੇ ਪੰਜਾਬ ਪੁਲਿਸ ਵਿੱਚ ਜੋ ਬਦਲਾਅ ਲਿਆਂਦਾ ਸੀ, ਉਹ ਇਹ ਸੀ ਕਿ ਉਸ ਨੇ ਪੁਲਿਸ ਨੂੰ ਬੇਲਗ਼ਾਮੀ ਦੇ ਨਾਲ-ਨਾਲ ਪਸ਼ੂ-ਬਿਰਤੀ ਧਾਰਨ ਕਰਨ ਦੀ ਖੁੱਲ੍ਹ ਦਿੱਤੀ। ਬੀਕੋ ਤੋਂ ਲੈ ਕੇ ਮਾਲ ਮੰਡੀ ਅਤੇ ਲੱਡਾ ਕੋਠੀ ਦੇ ਤਸੀਹਾ ਕੇਂਦਰ ਇਸ ਗੱਲ ਦੇ ਅੱਜ ਵੀ ਗਵਾਹ ਹਨ ਕਿ ਪੰਜਾਬ ਪੁਲਿਸ ਖਾੜਕੂਵਾਦ ਖ਼ਤਮ ਨਹੀਂ ਕਰ ਰਹੀ ਸੀ, ਬਲਕਿ ਖਾੜਕੂਵਾਦ ਦੇ ਨਾਮ 'ਤੇ ਆਪਣਾ ਭਵਿੱਖ ਸਿਰਜ ਰਹੀ ਸੀ. ਜਿਸ ਕਾਰਨ ਪੁਲਿਸ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਕਿੰਨੇ ਹੀ ਆਮ ਘਰਾਂ ਦੇ ਮੁੰਡੇ ਹਥਿਆਰਬੰਦ ਲਹਿਰ ਵਿੱਚ ਕੁੱਦ ਪਏ, ਸਨ ਜਿਨ੍ਹਾਂ ਵਿੱਚੋਂ ਕਈ ਬਾਅਦ ਵਿੱਚ ਆਤਮ-ਸਮਰਪਣ ਕਰ ਗਏ।ਜਿੱਥੋਂ ਤਕ ਇਸ ਦੌਰ ਵਿੱਚ ਕੇ.ਪੀ.ਐੱਸ. ਗਿੱਲ ਨੂੰ ਸਮਝਣ ਦਾ ਸਵਾਲ ਹੈ ਤਾਂ ਉਸ ਪੱਖ ਤੋਂ ਇਹ ਧਿਆਨ ਵਿੱਚ ਰੱਖਣਾ ਬੇਹੱਦ ਜ਼ਰੂਰੀ ਹੈ ਕਿ ਗਿੱਲ ਪੰਜਾਬ ਤੋਂ ਸੰਚਾਲਿਤ ਨਹੀਂ ਸੀ ਹੋ ਰਿਹਾ, ਹਾਲਾਂਕਿ ਬੇਅੰਤ ਸਿੰਘ ਸਰਕਾਰ ਦਾ ਉਸ ਨੂੰ ਥਾਪੜਾ ਸੀ, ਪਰ ਉਸ ਉੱਪਰ ਦਿੱਲੀ ਹਕੂਮਤ ਦਾ ਸਿੱਧਾ ਹੱਥ ਸੀ. ਜੋ ਜੱਟ ਬਨਾਮ ਜੱਟ ਬਣਾ ਕੇ ਇਸ ਲਹਿਰ ਨੂੰ ਮਹਿਜ ਪੰਜਾਬ ਦੀ ਸਮੱਸਿਆ ਬਣਾਉਣਾ ਚਾਹੁੰਦੀ ਸੀ, ਨਾ ਕਿ ਭਾਰਤ ਦੀ। ਇਹ ਭਾਰਤੀ ਹਕੂਮਤ ਦੇ ਇਸ ਨੀਤੀਗਤ ਪੈਂਤੜੇ ਦਾ ਹੀ ਕਮਾਲ ਹੈ ਕਿ ਸਮੁੱਚੀ ਪੰਜਾਬੀ ਬੌਧਿਕਤਾ ਅੰਦਰ ਅੱਜ ਇਸ ਦੌਰ ਨੂੰ ਸਿਰਫ਼ ਪੰਜਾਬ ਸੰਕਟ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ, ਜਦਕਿ ਇਹ ਭਾਰਤੀ ਹਕੂਮਤ ਨਾਲ ਪੰਜਾਬ ਦੇ ਸੰਘਰਸ਼ ਦਾ ਦੌਰ ਸੀ। ਜਿਸ ਵਿੱਚ ਗਿੱਲ ਨੇ ਨਾ ਸਿਰਫ਼ ਖਾੜਕੂਆਂ ਨੂੰ ਮਾਰਿਆ, ਬਲਕਿ ਉਨ੍ਹਾਂ ਦੇ ਬੇਕਸੂਰ ਪਰਿਵਾਰਾਂ ਦਾ ਕਤਲ ਵੀ ਕੀਤਾ। ਅਜਿਹਾ ਕਰਕੇ ਉਹ ਖਾੜਕੂਆਂ ਨੂੰ ਖਤਮ ਕਰਨ ਦਾ ਕਾਰਜ ਸੰਪੂਰਨ ਕਰਨਾ ਚਾਹੁੰਦਾ ਸੀ, ਪਰ ਖਾੜਕੂ ਲਹਿਰ ਉਸ ਦੇ ਕਾਰਨ ਖ਼ਤਮ ਨਹੀਂ ਹੋਈ, ਸਗੋਂ ਇਸ ਦੇ ਉਸ ਰੂਪ ਵਿੱਚ ਮੌਜੂਦ ਨਾ ਰਹਿਣ ਦਾ ਵੱਡਾ ਕਾਰਨ ਖਾੜਕੂਆਂ ਵੱਲੋਂ ਬੇਅੰਤ ਸਿੰਘ ਦਾ ਕਤਲ ਸੀ। ਸਾਲ 1995 ਵਿੱਚ ਜੇਕਰ ਬੇਅੰਤ ਸਿੰਘ ਨੂੰ ਨਾ ਮਾਰਿਆ ਜਾਂਦਾ ਤਾਂ ਯਕੀਨਨ ਇਹ ਲਹਿਰ ਇਸੇ ਰੂਪ ਵਿੱਚ ਹੋਰ ਲੰਮਾ ਸਮਾਂ ਚੱਲਣੀ ਸੀ, ਪਰ ਬੇਅੰਤ ਸਿੰਘ ਸਰਕਾਰ ਤੋਂ ਬਾਅਦ ਸ. ਹਰਚਰਨ ਸਿੰਘ ਨੇ ਕੇਂਦਰ ਸਰਕਾਰ ਅੱਗੇ ਨਾ ਝੁਕਣ ਦੀ ਆਪਣੀ ਨੀਤੀ 'ਤੇ ਚੱਲਦਿਆਂ ਪੁਲਿਸ ਨੂੰ ਕਾਬੂ ਕਰਨਾ ਸ਼ੁਰੂ ਕਰ ਦਿੱਤਾ ਤੇ ਇਸ ਪ੍ਰਕਾਰ ਖਾੜਕੂਆਂ ਦੀਆਂ ਕਾਰਵਾਈਆਂ ਵੀ ਹੌਲੀ-ਹੌਲੀ ਘਟਣ ਲੱਗੀਆਂ ਸਨ, ਹਾਲਾਂਕਿ ਉਨ੍ਹਾਂ ਦੇ ਮਨ 'ਚ ਪੁਲਿਸ ਪ੍ਰਤੀ ਗੁੱਸਾ ਉਸੇ ਮਾਤਰਾ 'ਚ ਸਰਗਰਮ ਸੀ।

ਅੱਜ ਹਾਲਾਂਕਿ ਕੇ.ਪੀ.ਐੱਸ. ਗਿੱਲ ਨੂੰ ਹਿੰਦੂਤਵੀ ਭੀੜ ਅਤੇ ਹੋਰਨਾਂ ਦੁਆਰਾ ਸ਼ਾਂਤੀ ਦੇ ਮਸੀਹਾ ਦੇ ਰੂਪ ਵਿੱਚ ਪੂਜਿਆ ਜਾ ਰਿਹਾ ਹੈ, ਪਰ ਉਹ ਕੋਈ ਮਸੀਹਾ ਨਹੀਂ ਸੀ ਤੇ ਨਾ ਹੀ ਉਸ ਦੀ ਬਦੌਲਤ ਪੰਜਾਬ ਅੰਦਰ ਸ਼ਾਂਤੀ ਆਈ ਸੀ। ਗਿੱਲ ਇੱਕ ਬੁਜਦਿਲ ਪੁਲਿਸ ਅਧਿਕਾਰੀ ਸੀ, ਜੋ ਆਪਣੇ ਅਧੀਨ ਪੁਲਿਸ ਵਾਲਿਆਂ ਨੂੰ ਕਾਰਵਾਈਆਂ ਕਰਨ ਦੀ ਖੁੱਲ੍ਹ ਦਿੰਦਾ ਸੀ, ਆਪ ਬਹੁਤ ਘੱਟ ਸਿੱਧੇ ਰੂਪ ਵਿੱਚ ਕਿਸੇ ਕਾਰਵਾਈ ਅੰਦਰ ਸ਼ਾਮਲ ਹੁੰਦਾ ਸੀ, ਕਿਉਂਕਿ ਉਸ ਨੂੰ ਅਜਿਹੀ ਕਿਸੇ ਕਾਰਵਾਈ ਵਿੱਚ ਮਾਰੇ ਜਾਣ ਦਾ ਬਹੁਤ ਡਰ ਰਹਿੰਦਾ ਸੀ। ਇੱਕ ਸਾਬਕਾ ਖਾੜਕੂ ਅਨੁਸਾਰ ਗਿੱਲ ਖੁਦ ਵੀ ਖਾੜਕੂਆਂ ਨੂੰ ਬਹੁਤ ਘੱਟ ਤਸੀਹੇ ਦਿੰਦਾ ਸੀ। ਇਸ ਕੰਮ ਲਈ ਉਹ ਅਜੀਤ ਸਿੰਘ ਸੰਧੂ ਵਰਗੇ ਅਧਿਕਾਰੀਆਂ ਨੂੰ ਰੱਖਦਾ ਸੀ, ਜਿਸ ਦੀ ਮੌਤ ਤੋਂ ਬਾਅਦ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਉਸ ਦੇ ਡਰ ਨੂੰ ਸਾਬਤ ਕਰਦੀ ਹੈ।

ਅਜੀਤ ਸਿੰਘ ਸੰਧੂ ਦੀ ਮੌਤ ਤੋਂ ਬਾਅਦ ਡਰੇ ਹੋਏ ਗਿੱਲ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਪੂਰੇ ਭਾਰਤ ਤੋਂ ਪੰਜਾਬ ਪੁਲਿਸ ਦੇ ਹੱਕ ਵਿੱਚ ਖੜਨ ਲਈ ਲਗਭਗ ਰੋਣਹਾਕੀ ਅਪੀਲ ਕੀਤੀ ਸੀ, ਜਿਸ ਤੋਂ ਬਾਅਦ ਤਵਲੀਨ ਸਿੰਘ ਵਰਗੀਆਂ ਪੱਤਰਕਾਰ ਬੀਬੀਆਂ ਨੇ ਪੰਜਾਬ ਪੁਲਿਸ ਦੇ ਵਹਿਸ਼ੀ ਰੂਪ ਨੂੰ ਭਾਰਤ ਦੀ ਅਖੰਡਤਾ ਲਈ ਜ਼ਰੂਰੀ ਲਿਖਿਆ ਸੀ।

(ਬਾਕੀ ਸਫ਼ਾ 27 'ਤੇ)

# ਅਦਾਲਤਾਂ 'ਚ ਇਨਸਾਫ਼: ਡਿਜੀਟਲ ਹੋਇਆ ਸਿਸਟਮ

## ਹਾਲੇ ਵੀ ਲੱਖਾਂ ਕੇਸ 'ਪੈਂਡਿੰਗ' !

## 63 ਲੱਖ ਮੁਕੱਦਮਿਆਂ ਦਾ ਬੋਝ: ਕੀ ਸਿਰਫ਼ ਤਕਨਾਲੋਜੀ ਨਾਲ ਮਿਲੇਗਾ ਆਮ ਆਦਮੀ ਨੂੰ ਨਿਆਂ ?

ਨਰਪਿੰਦਰ ਸਿੰਘ ਧਾਲੀਵਾਲ

ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਜਾਰੀ ਇੱਕ ਸਰਕਾਰੀ ਦਸਤਾਵੇਜ਼ਾਂ ਨੇ ਦੇਸ਼ ਦੀਆਂ ਅਦਾਲਤਾਂ, ਖ਼ਾਸ ਕਰਕੇ ਹਾਈ ਕੋਰਟਾਂ ਵਿੱਚ ਬਕਾਇਆ ਮਾਮਲਿਆਂ ਦੀ ਇੱਕ ਬਹੁਤ ਹੀ ਚਿੰਤਾਜਨਕ ਤਸਵੀਰ ਪੇਸ਼ ਕੀਤੀ ਹੈ। ਅੰਕੜਿਆਂ ਅਨੁਸਾਰ ਦੇਸ਼ ਭਰ ਦੀਆਂ 25 ਹਾਈ ਕੋਰਟਾਂ ਵਿੱਚ 63 ਲੱਖ ਤੋਂ ਵੱਧ ਮਾਮਲੇ ਲੰਬਿਤ ਪਏ ਹਨ।

ਨੈਸ਼ਨਲ ਜੁਡੀਸ਼ੀਅਲ ਡਾਟਾ ਗਰਿੱਡ 'ਤੇ ਉਪਲਬਧ ਜਾਣਕਾਰੀ ਅਨੁਸਾਰ 25 ਮਾਰਚ, 2026 ਤੱਕ ਦੇਸ਼ ਦੀਆਂ ਹਾਈ ਕੋਰਟਾਂ ਵਿੱਚ ਕੁੱਲ 63,96,737 ਮਾਮਲੇ ਪੈਂਡਿੰਗ ਹਨ। ਅੰਕੜਿਆਂ ਦਾ ਗਹਿਰਾਈ ਨਾਲ ਅਧਿਐਨ ਕਰਨ 'ਤੇ ਪਤਾ ਲੱਗਦਾ ਹੈ ਕਿ ਇਲਾਹਾਬਾਦ ਹਾਈ ਕੋਰਟ ਵਿੱਚ ਸਭ ਤੋਂ ਵੱਧ 12,26,425 ਮਾਮਲੇ ਲਟਕ ਰਹੇ ਹਨ। ਇਸ ਤੋਂ ਬਾਅਦ ਰਾਜਸਥਾਨ ਹਾਈ ਕੋਰਟ ਵਿੱਚ 6,76,609 ਮਾਮਲੇ, ਬੰਬੇ ਹਾਈ ਕੋਰਟ ਵਿੱਚ 6,61,062 ਮਾਮਲੇ ਅਤੇ ਮਦਰਾਸ ਹਾਈ ਕੋਰਟ ਵਿੱਚ 5,55,758 ਮਾਮਲੇ ਨਿਆਂ ਦੀ ਉਡੀਕ ਵਿੱਚ ਹਨ। ਕੇਰਲ ਹਾਈ ਕੋਰਟ ਵਿੱਚ 2,47,553 ਅਤੇ ਪਟਨਾ ਹਾਈ ਕੋਰਟ ਵਿੱਚ 2,18,963 ਕੇਸ ਬਕਾਇਆ ਹਨ। ਇਹ ਸਥਿਤੀ ਦਰਸਾਉਂਦੀ ਹੈ ਕਿ ਦੇਸ਼ ਦਾ ਕੋਈ ਵੀ ਹਿੱਸਾ ਨਿਆਂ ਪ੍ਰਣਾਲੀ ਦੇ ਇਸ ਸੰਕਟ ਤੋਂ ਅਛੂਤਾ ਨਹੀਂ ਹੈ।

ਪੰਜਾਬ ਦੇ ਸੰਦਰਭ ਵਿੱਚ ਸਥਿਤੀ ਬਹੁਤ ਹੀ ਗੰਭੀਰ ਹੈ। ਸਰਕਾਰੀ ਦਸਤਾਵੇਜ਼ਾਂ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੁੱਲ 4,18,735 ਮਾਮਲੇ ਪੈਂਡਿੰਗ ਪਏ ਹਨ। ਪੰਜਾਬ ਦੇ ਲੋਕਾਂ, ਖ਼ਾਸ ਕਰਕੇ ਕਿਸਾਨਾਂ ਦੇ ਜ਼ਮੀਨੀ ਵਿਵਾਦ, ਮੁਲਾਜ਼ਮਾਂ ਦੇ ਸੇਵਾ ਨਿਯਮਾਂ ਨਾਲ ਸੰਬੰਧਿਤ ਮਾਮਲੇ ਅਤੇ ਆਮ ਖਪਤਕਾਰਾਂ ਦੇ ਹੱਕਾਂ ਦੇ ਕੇਸ ਸਾਲਾਂ ਬੱਧੀ ਹਾਈ ਕੋਰਟ ਦੇ ਗਲਿਆਰਿਆਂ ਵਿੱਚ ਗੁੰਮ ਰਹਿੰਦੇ ਹਨ। ਇਹ ਪੈਂਡੈਂਸੀ ਸਿੱਧੇ ਤੌਰ 'ਤੇ ਸੂਬੇ ਦੇ ਆਰਥਿਕ ਅਤੇ ਸਮਾਜਿਕ ਢਾਂਚੇ ਨੂੰ ਪ੍ਰਭਾਵਿਤ ਕਰਦੀ ਹੈ। ਜਦੋਂ ਕਿਸੇ ਕਿਸਾਨ ਦੀ ਜ਼ਮੀਨ ਦਾ ਫ਼ੈਸਲਾ ਜਾਂ ਕਿਸੇ ਮੁਲਾਜ਼ਮ ਦੀ ਪੈਨਸ਼ਨ ਦਾ ਮਾਮਲਾ ਦਹਾਕਿਆਂ ਤੱਕ ਲਟਕਦਾ ਹੈ, ਤਾਂ ਉਸ ਦਾ ਪੂਰਾ ਪਰਿਵਾਰ ਮਾਨਸਿਕ ਅਤੇ ਵਿੱਤੀ ਤੌਰ 'ਤੇ ਟੁੱਟ ਜਾਂਦਾ ਹੈ।

ਹਾਲਾਂਕਿ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਕੇਸਾਂ ਦਾ ਨਿਪਟਾਰਾ ਕਰਨਾ ਵਿਸ਼ੇਸ਼ ਤੌਰ 'ਤੇ ਨਿਆਂਪਾਲਿਕਾ ਦਾ ਅਧਿਕਾਰ ਖੇਤਰ ਹੈ, ਪਰ ਨਾਲ ਹੀ ਸਰਕਾਰ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਸੰਵਿਧਾਨ ਦੀ ਧਾਰਾ 21 ਦੇ ਤਹਿਤ ਉਹ ਕੇਸਾਂ ਦੇ ਜਲਦੀ ਨਿਪਟਾਰੇ ਲਈ ਵਚਨਬੱਧ ਹੈ। ਸਰਕਾਰ ਨੇ ਈ-ਕੋਰਟਸ ਮਿਸ਼ਨ ਮੋਡ ਪ੍ਰੋਜੈਕਟ ਤਹਿਤ ਨਿਆਂ ਤੱਕ ਪਹੁੰਚ ਅਤੇ ਪਾਰਦਰਸ਼ਤਾ ਵਧਾਉਣ ਲਈ ਨਵੀਨਤਮ ਤਕਨਾਲੋਜੀਆਂ ਨੂੰ ਸ਼ਾਮਿਲ ਕਰਨ ਦੀ ਗੱਲ ਕਹੀ ਹੈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਦੁਆਰਾ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਜ਼ਿਲ੍ਹਾ ਅਤੇ ਹੇਠਲੀ ਨਿਆਂਪਾਲਿਕਾ ਲਈ ਢੁਕਵੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਫ਼ੰਡ ਦਿੱਤੇ ਜਾ ਰਹੇ ਹਨ। ਪੰਜ



ਸਾਲ ਤੋਂ ਵੱਧ ਸਮੇਂ ਤੋਂ ਲਟਕ ਰਹੇ ਕੇਸਾਂ ਨੂੰ ਨਿਪਟਾਉਣ ਲਈ ਸਾਰੀਆਂ 25 ਹਾਈ ਕੋਰਟਾਂ ਅਤੇ ਜ਼ਿਲ੍ਹਾ ਅਦਾਲਤਾਂ ਵਿੱਚ ਬਕਾਇਆ ਕਮੇਟੀਆਂ ਕਾਇਮ ਕੀਤੀਆਂ ਗਈਆਂ ਹਨ। ਪਰ ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਸਾਰੀਆਂ ਕਮੇਟੀਆਂ ਅਤੇ ਤਕਨੀਕੀ ਅਪਗਰੇਡੇਸ਼ਨ ਦੇ ਬਾਵਜੂਦ ਹਾਈ ਕੋਰਟਾਂ ਦਾ ਪੈਂਡਿੰਗ ਡਾਟਾ 63 ਲੱਖ ਦੇ ਪਾਰ ਕਿਵੇਂ ਪਹੁੰਚ ਗਿਆ ?

ਨੈਸ਼ਨਲ ਈ-ਗਵਰਨੈਂਸ ਪਲਾਨ ਦੇ ਤਹਿਤ ਈ-ਕੋਰਟਸ ਮਿਸ਼ਨ ਮੋਡ ਪ੍ਰੋਜੈਕਟ ਭਾਰਤੀ ਨਿਆਂਪਾਲਿਕਾ ਨੂੰ ਤਕਨਾਲੋਜੀ ਰਾਹੀਂ ਆਧੁਨਿਕ ਬਣਾਉਣ ਦੀ ਸਭ ਤੋਂ ਵੱਡੀ ਪਹਿਲਕਦਮੀ ਹੈ। ਸਰਕਾਰ ਨੇ ਨਿਆਂਪਾਲਿਕਾ ਨੂੰ ਆਧੁਨਿਕ ਡਿਜੀਟਲ ਬੁਨਿਆਦੀ ਢਾਂਚੇ ਨਾਲ ਲੈਸ ਕਰਨ ਲਈ ਈ-ਕੋਰਟਸ ਪ੍ਰੋਜੈਕਟ ਦੇ ਤੀਜੇ ਪੜਾਅ (2023-2027) ਦਾ ਬਜਟ ਵਧਾ ਕੇ 7,210 ਕਰੋੜ ਰੁਪਏ ਕਰ ਦਿੱਤਾ ਹੈ। ਇਸ ਪੜਾਅ ਦਾ ਉਦੇਸ਼ ਭਾਰਤੀ ਅਦਾਲਤਾਂ ਨੂੰ ਡਿਜੀਟਲ ਅਤੇ ਕਾਗਜ਼ ਰਹਿਤ ਅਦਾਲਤਾਂ ਵਿੱਚ ਬਦਲਣਾ, ਪੁਰਾਣੇ ਅਤੇ ਮੌਜੂਦਾ ਕੇਸ ਰਿਕਾਰਡਾਂ ਨੂੰ ਡਿਜੀਟਾਈਜ਼ ਕਰਨਾ ਅਤੇ ਵੀਡੀਓ ਕਾਨਫਰੰਸਿੰਗ ਨੂੰ ਸਾਰੀਆਂ ਅਦਾਲਤਾਂ, ਜੇਲ੍ਹਾਂ ਅਤੇ ਹਸਪਤਾਲਾਂ ਤੱਕ ਫੈਲਾਉਣਾ ਹੈ। ਵਰਤਮਾਨ ਵਿੱਚ ਅਦਾਲਤੀ ਰਿਕਾਰਡਾਂ ਦੇ 660.36 ਕਰੋੜ ਤੋਂ ਵੱਧ ਪੰਨਿਆਂ ਨੂੰ ਡਿਜੀਟਾਈਜ਼ ਕੀਤਾ ਜਾ ਚੁੱਕਾ ਹੈ ਅਤੇ ਨਾਗਰਿਕ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ 2,444 ਈ-ਸੇਵਾ ਕੇਂਦਰ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਈ-ਫਾਈਲਿੰਗ ਪਲੇਟਫਾਰਮ ਰਾਹੀਂ ਲਗਭਗ 1.07 ਕਰੋੜ ਕੇਸ ਇਲੈਕਟ੍ਰਾਨਿਕ ਤਰੀਕੇ ਨਾਲ ਦਾਇਰ ਕੀਤੇ ਗਏ ਹਨ ਅਤੇ ਵੀਡੀਓ ਕਾਨਫਰੰਸਿੰਗ ਰਾਹੀਂ 3.97 ਕਰੋੜ ਤੋਂ ਵੱਧ ਸੁਣਵਾਈਆਂ ਹੋ ਚੁੱਕੀਆਂ ਹਨ, ਪਰ ਇਹ ਵਿਸ਼ਾਲ ਅੰਕੜੇ ਦਰਸਾਉਂਦੇ ਹਨ ਕਿ ਤਕਨੀਕੀ ਵਿਕਾਸ ਜ਼ਰੂਰ ਹੋਇਆ ਹੈ, ਪਰ ਇਹ ਵਿਕਾਸ ਅੰਤਿਮ ਫ਼ੈਸਲਿਆਂ ਦੀ ਗਿਣਤੀ ਵਧਾਉਣ ਵਿੱਚ ਅਜੇ ਤੱਕ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਇਆ।

ਜਬਰ ਜਨਾਹ ਅਤੇ ਪੋਕਸੋ ਐਕਟ ਦੇ ਲੰਬਿਤ ਮਾਮਲਿਆਂ ਦੇ ਜਲਦੀ ਨਿਪਟਾਰੇ ਲਈ ਕੇਂਦਰ ਸਰਕਾਰ ਵੱਲੋਂ ਸਪਾਂਸਰਡ ਯੋਜਨਾ ਦੇ ਤਹਿਤ 29 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 774 ਫਾਸਟ ਟ੍ਰੈਕ ਸਪੈਸ਼ਲ ਕੋਰਟਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਵਿੱਚ 398 ਵਿਸ਼ੇਸ਼ ਪੋਕਸੋ ਅਦਾਲਤਾਂ ਵੀ ਸ਼ਾਮਿਲ ਹਨ। ਸਰਕਾਰੀ ਰਿਕਾਰਡ ਮੁਤਾਬਿਕ ਇਨ੍ਹਾਂ ਅਦਾਲਤਾਂ ਨੇ 31.01.2026 ਤੱਕ ਸਮੂਹਿਕ ਤੌਰ 'ਤੇ 3,71,849 ਕੇਸਾਂ ਦਾ ਨਿਪਟਾਰਾ ਕੀਤਾ ਹੈ। ਇਸ ਯੋਜਨਾ ਦੇ ਤਹਿਤ ਕੁਲ ਵਿੱਤੀ ਖਰਚਾ 1952.23 ਕਰੋੜ ਰੁਪਏ ਹੈ, ਜਿਸ ਵਿਚੋਂ 1207.24 ਕਰੋੜ ਰੁਪਏ ਕੇਂਦਰੀ ਹਿੱਸੇ ਵਜੋਂ ਨਿਰਭਯਾ ਫ਼ੰਡ ਵਿਚੋਂ ਖਰਚ ਕੀਤੇ ਜਾਣੇ ਹਨ। ਕੇਂਦਰ ਸਰਕਾਰ ਨੇ 2019 ਵਿੱਚ ਯੋਜਨਾ ਦੀ ਸ਼ੁਰੂਆਤ ਤੋਂ ਲੈ ਕੇ 27.03.2026 ਤੱਕ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 1,234.55 ਕਰੋੜ ਰੁਪਏ ਦੀ ਕੁੱਲ ਰਕਮ ਜਾਰੀ ਕੀਤੀ ਹੈ। ਹਾਲਾਂਕਿ ਇਨ੍ਹਾਂ ਅਦਾਲਤਾਂ ਨੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਕੁਝ ਰਾਹਤ ਦਿੱਤੀ ਹੈ, ਪਰ ਵਿਆਪਕ ਨਿਆਂ ਪ੍ਰਣਾਲੀ ਦਾ ਬੋਝ ਅਜੇ ਵੀ ਬਰਕਰਾਰ ਹੈ।

ਲੰਬਿਤ ਪਏ ਕੇਸਾਂ ਨੂੰ ਘਟਾਉਣ ਦੇ ਉਦੇਸ਼ ਨਾਲ ਸਰਕਾਰ ਨੇ ਕਈ ਅਹਿਮ ਕਾਨੂੰਨਾਂ ਵਿੱਚ ਸੋਧਾਂ ਕੀਤੀਆਂ ਹਨ। ਲੀਗਲ ਸਰਵਿਸਿਜ਼ ਅਥਾਰਟੀਜ਼ ਐਕਟ 1987 ਦੇ ਤਹਿਤ ਲੋਕ ਅਦਾਲਤ ਦੁਆਰਾ ਦਿੱਤੇ ਗਏ ਫ਼ੈਸਲੇ ਨੂੰ ਸਿਵਲ ਅਦਾਲਤ ਦਾ ਹੁਕਮ ਮੰਨਿਆ ਜਾਂਦਾ ਹੈ ਅਤੇ ਇਹ ਅੰਤਿਮ ਅਤੇ ਸਾਰੀਆਂ ਪਾਰਟੀਆਂ ਲਈ ਮੰਨਣਯੋਗ ਹੁੰਦਾ ਹੈ, ਜਿਸ ਵਿਰੁੱਧ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਕੀਤੀ ਜਾ ਸਕਦੀ।

ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਕਾਨੂੰਨ ਅਤੇ ਨਿਆਂ ਮੰਤਰਾਲੇ ਦੇ ਕਾਨੂੰਨੀ ਮਾਮਲਿਆਂ ਦੇ ਵਿਭਾਗ ਨੇ ਭਾਰਤ ਸਰਕਾਰ ਦੁਆਰਾ ਮੁਕੱਦਮੇਬਾਜ਼ੀ ਦੇ ਕੁਸ਼ਲ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਨਿਰਦੇਸ਼ ਤਿਆਰ ਕੀਤੇ ਹਨ। ਇਸ ਨਿਰਦੇਸ਼ ਦਾ ਮਕਸਦ ਕਾਨੂੰਨੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣਾ, ਬੇਲੋੜੀ ਮੁਕੱਦਮੇਬਾਜ਼ੀ ਨੂੰ ਰੋਕਣਾ, ਨੋਟੀਫਿਕੇਸ਼ਨਾਂ ਅਤੇ ਆਦੇਸ਼ਾਂ ਵਿੱਚ ਅਸੰਗਤਤਾਵਾਂ ਨੂੰ ਹੱਲ ਕਰਨਾ ਅਤੇ ਗੈਰ-ਜ਼ਰੂਰੀ ਅਪੀਲਾਂ ਨੂੰ ਘੱਟ ਕਰਨਾ ਹੈ। ਵਿਭਾਗ ਨੇ ਲੀਗਲ ਇਨਫਰਮੇਸ਼ਨ ਮੈਨੇਜਮੈਂਟ ਐਂਡ ਬ੍ਰੀਫਿੰਗ ਸਿਸਟਮ ਵੀ ਵਿਕਸਿਤ ਕੀਤਾ ਹੈ, ਜੋ ਕਿ ਇੱਕ ਵੈੱਬ-ਆਧਾਰਿਤ ਪੋਰਟਲ ਹੈ, ਜਿਸ ਨੂੰ ਭਾਰਤ ਸਰਕਾਰ ਨਾਲ ਸੰਬੰਧਿਤ ਅਦਾਲਤੀ ਕੇਸਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਪ੍ਰਸ਼ਾਸਨਿਕ ਕਦਮ ਦਰਸਾਉਂਦੇ ਹਨ ਕਿ ਸਰਕਾਰ ਖ਼ੁਦ ਮੰਨਦੀ ਹੈ ਕਿ ਸਰਕਾਰੀ ਵਿਭਾਗਾਂ ਦੀ ਆਪਸੀ ਖਿੱਚੋਤਾਣ ਅਤੇ ਬੇਲੋੜੀਆਂ ਅਪੀਲਾਂ ਅਦਾਲਤਾਂ ਦਾ ਕੀਮਤੀ ਸਮਾਂ ਬਰਬਾਦ ਕਰਦੀਆਂ ਹਨ।

ਸਰਕਾਰ ਦੇ ਦਾਅਵੇ ਅਨੁਸਾਰ ਕੇਸ ਇਨਫਾਰਮੇਸ਼ਨ ਸਿਸਟਮ ਨੂੰ ਵਰਜਨ 4.0 ਵਿੱਚ ਅਪਗ੍ਰੇਡ ਕੀਤਾ ਗਿਆ ਹੈ, ਜੋ ਕੇਸ ਪ੍ਰਬੰਧਨ ਵਿੱਚ ਪਾਰਦਰਸ਼ਤਾ ਅਤੇ ਗਤੀ ਲਿਆ ਰਿਹਾ ਹੈ।

(ਬਾਕੀ ਸਫ਼ਾ 27 'ਤੇ)

# ਪੰਜਾਬੀ ਸੂਬੇ ਵਿੱਚ ਹੀ ਹਾਸ਼ੀਏ ’ਤੇ ਮਾਂ ਬੋਲੀ

## ਸਰਕਾਰਾਂ ਦੀ ਬੇਰੁਖ਼ੀ ਅਤੇ ਭਾਸ਼ਾ ਵਿਭਾਗ ਦੇ ਵਜੂਦ ਦਾ ਸੰਕਟ





ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਪੰਜਾਬੀ ਸੂਬੇ ਦੀ ਸਥਾਪਨਾ ਲਈ ਚੱਲੇ ਲੰਬੇ ਸੰਘਰਸ਼ ਤੋਂ ਬਾਅਦ 1 ਨਵੰਬਰ, 1966 ਨੂੰ ਪੰਜਾਬੀ ਸੂਬੇ ਦੀ ਸਥਾਪਨਾ ਇਸ ਮਕਸਦ ਲਈ ਕਰਵਾਈ ਗਈ ਸੀ ਕਿ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਆਪਣੀਆਂ ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਭਾਸ਼ਾਈ ਖਾਹਿਸ਼ਾਂ ਤੇ ਉਮੰਗਾਂ ਨੂੰ ਪੂਰਾ ਕਰਨ ਲਈ ਖੁੱਲ੍ਹੇ ਅਵਸਰ ਮਿਲ ਸਕਣਗੇ। ਭਾਵੇਂ ਉਸ ਸਮੇਂ ਦੀ ਕੇਂਦਰੀ ਸਰਕਾਰ ਨੇ ਸਾਰੇ ਪੰਜਾਬੀ ਬੋਲਦੇ ਇਲਾਕੇ ਇਸ ਵਿੱਚ ਸ਼ਾਮਿਲ ਨਹੀਂ ਕੀਤੇ ਸਨ ਅਤੇ ਨਾ ਹੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਿਲ ਕੀਤਾ ਗਿਆ ਸੀ। ਦਰਿਆਈ ਪਾਣੀਆਂ ਦਾ ਕੰਟਰੋਲ ਵੀ ਪੰਜਾਬ ਪੁਨਰਗਠਨ ਐਕਟ ਵਿੱਚ 78, 79 ਤੇ 80 ਆਦਿ ਧਾਰਾਵਾਂ ਸ਼ਾਮਿਲ ਕਰਕੇ ਆਪਣੇ ਹੱਥ ਲੈ ਲਿਆ ਸੀ। ਪੰਜਾਬ ਦੀਆਂ ਉਪਰੋਕਤ ਮੰਗਾਂ ਮੰਨਵਾ ਕੇ ਪੰਜਾਬੀ ਸੂਬੇ ਨੂੰ ਸੰਪੂਰਨ ਕਰਵਾਉਣ ਲਈ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਸਮੇਂ-ਸਮੇਂ ’ਤੇ ਆਵਾਜ਼ ਬੁਲੰਦ ਕਰਦੀਆਂ ਰਹੀਆਂ ਹਨ ਅਤੇ ਪੰਜਾਬ ਦੇ ਲੇਖਕ, ਪੱਤਰਕਾਰ ਅਤੇ ਬੁੱਧੀਜੀਵੀ ਵੀ ਇਸ ਮਕਸਦ ਲਈ ਅਵਾਜ਼ ਉਠਾਉਂਦੇ ਰਹੇ ਹਨ। ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਵਾਉਣ ਅਤੇ ਕੁੱਝ ਹੋਰ ਮੰਗਾਂ ਲਈ ਦਰਸ਼ਨ ਸਿੰਘ ਫੇਰੂਮਾਨ 74 ਦਿਨਾਂ ਤੱਕ ਮਰਨ ਵਰਤ ਰੱਖ ਕੇ ਸ਼ਹੀਦ ਵੀ ਹੋ ਗਏ ਸਨ। ਪਰ ਇਹ ਮੁੱਦੇ ਅਜੇ ਤੱਕ ਵੀ ਲਟਕਦੇ ਆ ਹਨ, ਇਹ ਇਕ ਵੱਖਰੀ ਗੱਲ ਹੈ। ਸਾਡੇ ਇਸ ਲੇਖ ਦਾ ਮੁੱਖ ਵਿਸ਼ਾ ਇਹ ਹੈ ਕਿ 1 ਨਵੰਬਰ, 1966 ਤੋਂ ਬਾਅਦ ਬਣੇ ਪੰਜਾਬੀ ਸੂਬੇ ਵਿੱਚ ਸਰਕਾਰਾਂ ਨੇ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਨੂੰ ਮਾਣ, ਸਨਮਾਨ ਦੇਣ ਅਤੇ ਸਿੱਖਿਆ ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿੱਚ ਉਸ ਨੂੰ ਲਾਗੂ ਕਰਨ ਲਈ ਕਿੰਨੀ ਕੁ ਪ੍ਰਤੀਬੱਧਤਾ ਨਾਲ ਕੰਮ ਕੀਤਾ ਹੈ? ਇਸ ਸੰਦਰਭ ਵਿੱਚ ਜਦੋਂ ਪਿਛੋਕੜ ਵੱਲ ਝਾਤ ਮਾਰਦੇ ਹਾਂ ਤਾਂ ਮਰਹੂਮ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਦਾ ਨਾਂਅ ਹੀ ਉੱਭਰ ਕੇ ਸਾਹਮਣੇ ਆਉਂਦਾ ਹੈ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਰਾਜ ਦੀ ਸਰਕਾਰੀ ਭਾਸ਼ਾ ਐਲਾਨ ਕੇ ਪ੍ਰਸ਼ਾਸਨ ਦਾ ਕੰਮਕਾਜ ਪੰਜਾਬੀ ਵਿੱਚ ਸ਼ੁਰੂ ਕਰਵਾਇਆ ਸੀ ਅਤੇ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵੀ ਯਤਨ ਕੀਤੇ ਸਨ। ਇਸ ਤੋਂ ਬਾਅਦ ਆਉਣ ਵਾਲੇ ਮੁੱਖ ਮੰਤਰੀਆਂ ਨੇ ਪੰਜਾਬੀ ਲੇਖਕਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਵੱਲੋਂ ਵਾਰ-ਵਾਰ ਮੰਗਾਂ ਉਠਾਉਣ ਦੇ ਬਾਵਜੂਦ ਵੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਅਤੇ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰਾਂ ਵਿੱਚ ਇਸ ਨੂੰ ਲਾਗੂ ਕਰਨ ਲਈ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ। 2007 ਵਿੱਚ ਬਣੀ ਅਕਾਲੀ-ਭਾਜਪਾ ਸਰਕਾਰ ਨੂੰ ਇਸ ਗੱਲ ਦਾ ਸਿਹਰਾ ਜ਼ਰੂਰ ਜਾਂਦਾ ਹੈ ਕਿ ਉਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਪੜ੍ਹਾਈ ਸੰਬੰਧੀ ਇੱਕ ਐਕਟ ਪਾਸ ਕਰਕੇ ਰਾਜ ਦੇ ਸਾਰੇ ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਦਸਵੀਂ ਤੱਕ ਲਾਜ਼ਮੀ ਪੜ੍ਹਾਉਣ ਦੀ ਵਿਵਸਥਾ ਕੀਤੀ ਸੀ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਰਾਜ ਭਾਸ਼ਾ ਐਕਟ ਵਿੱਚ ਕੁਝ ਸੋਧਾਂ ਕਰਕੇ ਉਸ ਨੂੰ ਹੋਰ ਪ੍ਰਭਾਵੀ ਬਣਾਉਣ ਦਾ ਯਤਨ ਵੀ ਕੀਤਾ ਸੀ। ਪਰ ਇਸ ਕਾਨੂੰਨੀ ਕਵਾਇਦ ਦੇ ਬਾਵਜੂਦ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿੱਚ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਸਥਾਨ ਨਹੀਂ ਮਿਲਿਆ। ਭਾਵੇਂ ਪਹਿਲਾਂ ਦੇ ਮੁਕਾਬਲੇ ਗੈਰ ਸਰਕਾਰੀ ਸਕੂਲਾਂ ਵਿਚ ਹੁਣ ਪੰਜਾਬੀ ਵਧੇਰੇ ਪੜ੍ਹਾਈ ਜਾਂਦੀ ਹੈ ਪਰ ਫਿਰ ਵੀ 10ਵੀਂ ਤੱਕ ਸਾਰੇ ਗੈਰ ਸਰਕਾਰੀ ਸਕੂਲ ਪੰਜਾਬੀ ਨਹੀਂ ਪੜ੍ਹਾਉਂਦੇ। ਅੱਠਵੀਂ ਤੱਕ ਪਹੁੰਚਦਿਆਂ ਵਿਦਿਆਰਥੀਆਂ ਨੂੰ ਹੋਰ ਭਾਸ਼ਾਵਾਂ ਜਾਂ ਵਿਸ਼ਿਆਂ ਦੀ ਚੋਣ ਕਰਨ ਲਈ ਕਹਿ ਦਿੱਤਾ ਜਾਂਦਾ ਹੈ। ਸੀ.ਬੀ.ਐਸ.ਈ. ਵੱਲੋਂ ਨਿਰਧਾਰਤ ਸਿਲੇਬਸ ਅਤੇ ਇਮਤਿਹਾਨਾਂ ਦੀ ਵਿਵਸਥਾ ਵੀ ਦਸਵੀਂ ਤੱਕ ਪੰਜਾਬੀ ਵਿਸ਼ਾ ਪੜ੍ਹਾਉਣ ਦੇ ਰਾਹ ਵਿੱਚ ਮੁਸ਼ਕਿਲਾਂ ਖੜ੍ਹੀਆਂ ਕਰਦੀ ਹੈ। ਰਾਜ ਵਿੱਚ ਆਰਮੀ ਵੈੱਲਫੇਅਰ ਸੁਸਾਇਟੀ ਵਲੋਂ ਚਲਾਏ ਜਾ ਰਹੇ ਸਕੂਲਾਂ ਵਿੱਚ ਵੀ ਪੰਜਾਬੀ ਪੜ੍ਹਾਉਣ ’ਤੇ ਵਾਰ-ਵਾਰ ਰੋਕਾਂ ਲਗਾਈਆਂ ਜਾਂਦੀਆਂ ਹਨ। ਕੁੱਝ ਸਮਾਂ ਪਹਿਲਾਂ ਤਾਂ ਆਰਮੀ ਪਬਲਿਕ ਸਕੂਲਾਂ ਵਿੱਚ ਛੇਵੀਂ ਤੋਂ ਪੰਜਾਬੀ ਦੀ ਥਾਂ ’ਤੇ ਵਿਦਿਆਰਥੀਆਂ ਨੂੰ ਸੰਸਕ੍ਰਿਤ ਪੜ੍ਹਾਉਣ ’ਤੇ ਜ਼ੋਰ ਦਿੱਤਾ ਗਿਆ ਸੀ ਅਤੇ ਇਸ ਮਕਸਦ ਲਈ ਆਰਮੀ ਪਬਲਿਕ ਸਕੂਲਾਂ ਨੂੰ ਵਿਦਿਆਰਥੀਆਂ ਦੇ ਮਾਪਿਆਂ ਤੋਂ ਦਸਤਖ਼ਤ ਕਰਵਾ ਕੇ ਸਹਿਮਤੀ ਲੈਣ ਲਈ ਵੀ ਦਬਾਅ ਪਾਇਆ ਗਿਆ ਸੀ।

ਉਧਰ ਕੌਮੀ ਪੱਧਰ ’ਤੇ ਵੀ ਦੇਸ਼ ਦਾ ਸ਼ਾਸਨ ਚਲਾ ਰਹੀ ਭਾਰਤੀ ਜਨਤਾ ਪਾਰਟੀ ਦਾ ਲਗਾਤਾਰ ਇਹ ਯਤਨ ਹੈ ਕਿ ਦੇਸ਼ ਦੀਆਂ ਰਾਜਨੀਤਕ, ਧਾਰਮਿਕ, ਸੱਭਿਆਚਾਰਕ ਅਤੇ ਭਾਸ਼ਾਈ ਵਿਲੱਖਣਤਾਵਾਂ ਨੂੰ ਖ਼ਤਮ ਕਰਕੇ ਇੱਕ ਧਰਮ, ਇੱਕ ਭਾਸ਼ਾ, ਇੱਕ ਤਰ੍ਹਾਂ ਦੀ ਸਿੱਖਿਆ ਅਤੇ ਇੱਕ ਤਰ੍ਹਾਂ ਦੀ ਰਾਜਨੀਤੀ ਨੂੰ ਦੇਸ਼ ਵਿੱਚ ਸਥਾਪਿਤ ਕੀਤਾ ਜਾਵੇ। ਇਸ ਨੂੰ ਮੁੱਖ ਰੱਖਦਿਆਂ ਸਕੂਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ, ਸੰਬੰਧਿਤ ਨਿਯਮਾਂ, ਕਾਨੂੰਨਾਂ ਅਤੇ ਸਿਲੇਬਸਾਂ ਵਿਚ ਅਨੇਕਾਂ ਤਰ੍ਹਾਂ ਦੀਆਂ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਰਾਜਾਂ ਦੇ ਸਰੋਕਾਰਾਂ ਨੂੰ ਏਜੰਡੇ ’ਤੇ ਆਉਣ ਤੋਂ ਰੋਕਣ ਲਈ ਇੱਕ ਦੇਸ਼, ਇੱਕ ਚੋਣ ਨਾਂਅ ਦਾ ਕਾਨੂੰਨ ਵੀ ਛੇਤੀ ਹੀ ਪਾਸ ਕੀਤਾ ਜਾ ਰਿਹਾ ਹੈ, ਜਿਸ ਨਾਲ ਕੌਮੀ ਪੱਧਰ ’ਤੇ ਲੋਕ ਸਭਾ ਦੀਆਂ ਚੋਣਾਂ ਦੇ ਨਾਲ ਹੀ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣਗੀਆਂ। ਅਜਿਹੀਆਂ ਚੋਣਾਂ ਵਿੱਚ ਕੌਮੀ ਪਾਰਟੀਆਂ ਹੀ ਭਾਰੂ ਰਹਿਣਗੀਆਂ। ਖੇਤਰੀ ਪਾਰਟੀਆਂ ਹਾਸ਼ੀਏ ’ਤੇ ਧੱਕੀਆਂ ਜਾਣਗੀਆਂ। ਰਾਜਾਂ ਦੇ ਮੁੱਦੇ ਚੋਣਾਂ ਵਿੱਚ ਉੱਭਰ ਕੇ ਸਾਹਮਣੇ ਹੀ ਨਹੀਂ ਆ ਸਕਣਗੇ।ਇਸ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬ ਵਰਗੇ ਰਾਜਨੀਤਕ, ਧਾਰਮਿਕ ਅਤੇ ਭਾਸ਼ਾਈ ਤੌਰ ’ਤੇ ਵਿਭਿੰਨਤਾਵਾਂ ਰੱਖਣ ਵਾਲੇ ਸੂਬੇ ਵਿੱਚ ਪੰਜਾਬੀ ਜ਼ੁਬਾਨ ਦੇ ਪ੍ਰਚਾਰ ਪ੍ਰਸਾਰ ਅਤੇ ਇਸ ਦੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਸਮੇਂ ਦੀਆਂ ਰਾਜ ਸਰਕਾਰਾਂ ਵੱਲੋਂ ਢੁੱਕਵੇਂ ਕਦਮ ਉਠਾਏ ਜਾਣ ਪਰ ਪੰਜਾਬ ਵਿੱਚ ਪਿਛਲੇ ਲੰਮੇ ਸਮੇਂ ਤੋਂ ਬਣਦੀਆਂ ਆ ਰਹੀਆਂ ਸਰਕਾਰਾਂ ਇਨ੍ਹਾਂ ਸਰੋਕਾਰਾਂ ਨੂੰ ਵਧੇਰੇ ਕਰਕੇ ਨਜ਼ਰਅੰਦਾਜ਼ ਹੀ ਕਰਦੀਆਂ ਆ ਰਹੀਆਂ ਹਨ। ਕਿਸੇ ਵੀ ਰਾਜ ਸਰਕਾਰ ਨੇ ਭਾਸ਼ਾ ਵਿਭਾਗ, ਪੰਜਾਬ ਕਲਾ ਪ੍ਰੀਸ਼ਦ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਦੀਆਂ ਆ ਰਹੀਆਂ ਕੇਂਦਰੀ ਲੇਖਕ ਸਭਾਵਾਂ ਅਤੇ ਹੋਰ ਸੰਗਠਨਾਂ ਨੂੰ ਬਣਦੀਆਂ ਗਰਾਂਟਾਂ ਦੇ ਕੇ ਉਨ੍ਹਾਂ ਦੀ ਸਰਪ੍ਰਸਤੀ ਨਹੀਂ ਕੀਤੀ। ਕਿਸੇ ਸਮੇਂ ਭਾਸ਼ਾ ਵਿਭਾਗ ਪੰਜਾਬ ਵਿੱਚ ਪੰਜਾਬੀ ਭਾਸ਼ਾ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਬੇਹੱਦ ਅਹਿਮ ਸਰਕਾਰੀ ਅਦਾਰਾ ਮੰਨਿਆ ਜਾਂਦਾ ਸੀ। ਇਸ ਵਲੋਂ ਸਲਾਨਾ ਲੇਖਕਾਂ ਦਾ ਮਾਣ ਸਨਮਾਨ ਵਧਾਉਣ ਲਈ ਐਵਾਰਡ ਦਿੱਤੇ ਜਾਂਦੇ ਸਨ। ਨਵੇਂ ਲੇਖਕਾਂ ਦੀਆਂ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਇਸ ਦੇ ਨਾਲ ਹੀ ਦੇਸ਼-ਵਿਦੇਸ਼ ਦਾ ਪ੍ਰਸਿੱਧ ਸਾਹਿਤ ਵੀ ਪੰਜਾਬੀ ਜ਼ੁਬਾਨ ਵਿੱਚ ਛਪਵਾ ਕੇ ਸਸਤੀਆਂ ਦਰਾਂ ’ਤੇ ਪਾਠਕਾਂ ਨੂੰ ਮੁਹੱਈਆ ਕੀਤਾ ਜਾਂਦਾ ਸੀ। ਬਹੁਤ ਸਾਰੀਆਂ ਇਤਿਹਾਸਕ ਮਹੱਤਵ ਦੀਆਂ ਕਿਤਾਬਾਂ ਵੀ ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਲਗਾਤਾਰ ਆਪਣੇ ਮਾਸਿਕ ਮੈਗਜ਼ੀਨ ‘ਪੰਜਾਬੀ ਦੁਨੀਆ’ ਅਤੇ ‘ਜਨ ਸਾਹਿਤ’ ਪ੍ਰਕਾਸ਼ਿਤ ਕੀਤੇ ਜਾਂਦੇ ਸਨ। ਇਹ ਮੈਗਜ਼ੀਨ ਨਾ ਕੇਵਲ ਮਿਆਰੀ ਸਾਹਿਤ ਪ੍ਰਕਾਸ਼ਿਤ ਕਰਦੇ ਸਨ, ਸਗੋਂ ਨਵੇਂ ਬਣਨ ਵਾਲੇ ਲੇਖਕਾਂ ਨੂੰ ਵੀ ਸਾਹਿਤ ਸਿਰਜਣਾ ਲਈ ਉਤਸ਼ਾਹਿਤ ਕਰਦੇ ਸਨ ਇਸ ਦੇ ਨਾਲ-ਨਾਲ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਦਫ਼ਤਰ ਆਪਣੇ ਜ਼ਿਲ੍ਹੇ ਵਿੱਚ ਪੰਜਾਬੀ ਜ਼ੁਬਾਨ ਦੇ ਪ੍ਰਚਾਰ-ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਸਨ। ਜ਼ਿਲ੍ਹਾ ਪੱਧਰ ’ਤੇ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਅਤੇ ਉਨ੍ਹਾਂ ਨੂੰ ਸਾਹਿਤ ਪੜ੍ਹਨ ਅਤੇ ਚੰਗਾ ਲਿਖਣ ਦੀ ਪ੍ਰੇਰਨਾ ਦੇਣ ਵਾਸਤੇ ਮੁਕਾਬਲੇ ਵੀ ਕਰਵਾਏ ਜਾਂਦੇ ਸਨ।

(ਬਾਕੀ ਸਫ਼ਾ 27 ’ਤੇ)

# ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਅਤੇ ਭਵਿੱਖ

ਡਾ. ਸਰਬਜੀਤ ਸਿੰਘ

ਪੰਜਾਬੀ ਭਾਸ਼ਾ ਸਿਰਫ਼ ਇੱਕ ਸੰਚਾਰ ਦਾ ਸਾਧਨ ਨਹੀਂ ਸਗੋਂ ਪੰਜਾਬ ਦੀ ਸੱਭਿਆਚਾਰਕ, ਇਤਿਹਾਸਕ ਅਤੇ ਸਮਾਜਿਕ ਪਛਾਣ ਦਾ ਆਧਾਰ ਹੈ। ਪੰਜਾਬ ਰਾਜ ਦੀ ਸਰਕਾਰੀ ਭਾਸ਼ਾ ਹੋਣ ਦੇ ਨਾਤੇ ਪੰਜਾਬੀ ਨੂੰ ਸਿੱਖਿਆ, ਪ੍ਰਸ਼ਾਸਨ ਅਤੇ ਸਰਕਾਰੀ ਕੰਮ ਕਾਜ ਵਿੱਚ ਪਹਿਲਾ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ। ਪਿਛਲੇ ਕੁਝ ਸਾਲਾਂ ਤੋਂ ਇਹ ਚਿੰਤਾ ਲਗਾਤਾਰ ਵਧ ਰਹੀ ਹੈ ਕਿ ਪੰਜਾਬ ਦੇ ਕਈ ਪ੍ਰਾਈਵੇਟ, ਖ਼ਾਸ ਕਰਕੇ ਸੀ.ਬੀ.ਐੱਸ.ਈ. ਨਾਲ ਸਬੰਧਿਤ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਠੀਕ ਨਹੀਂ ਹੈ। ਮਾਪੇ, ਸਿੱਖਿਆ ਸ਼ਾਸਤਰੀ ਅਤੇ ਭਾਸ਼ਾ ਮਾਹਿਰ ਇਹ ਸਵਾਲ ਉਠਾ ਰਹੇ ਹਨ ਕਿ ਜਦੋਂ ਪੰਜਾਬੀ ਰਾਜ ਦੀ ਸਰਕਾਰੀ ਭਾਸ਼ਾ ਹੈ ਤਾਂ ਫਿਰ ਸੈਕੰਡਰੀ ਕਲਾਸਾਂ ਵਿੱਚ ਇਸ ਨੂੰ ਲਾਜ਼ਮੀ ਵਿਸ਼ੇ ਦੀ ਥਾਂ ਇੱਕ ਚੋਣਵੇਂ ਵਿਸ਼ੇ ਵਜੋਂ ਕਿਉਂ ਪੜ੍ਹਾਇਆ ਜਾ ਰਿਹਾ ਹੈ?

ਇਹ ਬਹੁਤ ਗੰਭੀਰ ਮਸਲਾ ਹੈ ਕਿ ਸੂਬਾ ਜਿਸ ਦੀ ਬੁਨਿਆਦ ਹੀ ਉਸ ਦੀ ਭਾਸ਼ਾ ਉੱਤੇ ਟਿਕੀ ਹੁੰਦੀ ਹੈ ਤੇ ਉਸ ਸੂਬੇ ਵਿੱਚ ਕਿਸ ਤਰ੍ਹਾਂ ਸਰਕਾਰੀ ਪ੍ਰਬੰਧ ਦੇ ਬਦਲ ਵਜੋਂ ਪ੍ਰਾਈਵੇਟ ਸਿੱਖਿਆ ਪ੍ਰਬੰਧ ਵਿੱਚ ਰਾਜ ਦੀ ਸਰਕਾਰੀ ਭਾਸ਼ਾ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਇਸ ਮਸਲੇ ਨੂੰ ਸਮਝਣ ਲਈ ਤੱਥਾਂ, ਕਾਨੂੰਨੀ ਪ੍ਰਬੰਧ ਅਤੇ ਸਿੱਖਿਆ ਨੀਤੀਆਂ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਸਿੱਖਿਆ ਨੂੰ ਲੈ ਕੇ ਸਭ ਤੋਂ ਮਹੱਤਵਪੂਰਨ ਕਾਨੂੰਨੀ ਪ੍ਰਬੰਧ ‘ਭਾਸ਼ਾ ਐਕਟ 2008’ ਹੈ। ਇਸ ਕਾਨੂੰਨ ਦਾ ਉਦੇਸ਼ ਰਾਜ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਦੀ ਸਿੱਖਿਆ ਯਕੀਨੀ ਬਣਾਉਣਾ ਹੈ। ਇਸ ਦੇ ਅਨੁਸਾਰ ਪੰਜਾਬ ਵਿੱਚ ਚੱਲ ਰਹੇ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾਣੀ ਜ਼ਰੂਰੀ ਹੈ। ਇਹ ਧਾਰਨਾ ਹੈ ਕਿ ਪੰਜਾਬੀ ਦਸਵੀਂ ਤੱਕ ਲਾਜ਼ਮੀ ਤੌਰ ’ਤੇ ਪੜ੍ਹਾਈ ਜਾਂਦੀ ਹੈ, ਪਰ ਅਸਲ ਹਕੀਕਤ ਕਈ ਸਕੂਲਾਂ ਵਿੱਚ ਇਸ ਤੋਂ ਵੱਖਰੀ ਹੈ। ਸੀ.ਬੀ.ਐੱਸ.ਈ. ਸਕੂਲਾਂ ਵਿੱਚ ਲੰਮੇ ਸਮੇਂ ਤੱਕ ਅਜਿਹੀ ਪ੍ਰਥਾ ਰਹੀ ਕਿ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਈ ਤਾਂ ਜਾਂਦੀ ਸੀ, ਪਰ ਨੌਵੀਂ ਅਤੇ ਦਸਵੀਂ ਵਿੱਚ ਕਈ ਵਾਰ ਇਸ ਨੂੰ ਵਾਧੂ ਜਾਂ ਵਿਕਲਪਕ ਵਿਸ਼ੇ ਦੇ ਰੂਪ ਵਿੱਚ ਚੁਣਿਆ ਜਾਂਦਾ ਹੈ। ਕੁਝ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਅਤੇ ਹਿੰਦੀ ਵਿੱਚੋਂ ਇੱਕ ਚੁਣਨ ਦਾ ਵਿਕਲਪ ਦਿੱਤਾ ਜਾਂਦਾ ਸੀ। ਇਸ ਕਾਰਨ ਵਿਦਿਆਰਥੀਆਂ ਦਾ ਰੁਝਾਨ ਅਕਸਰ ਹਿੰਦੀ ਜਾਂ ਹੋਰ ਵਿਸ਼ਿਆਂ ਵੱਲ ਹੋ ਜਾਂਦਾ ਸੀ। ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਇਹ ਸਥਿਤੀ ਭਾਸ਼ਾ ਦੇ ਅਧਿਐਨ ਨੂੰ ਸਿਰਫ਼ ਇੱਕ ਰਸਮੀ ਕਾਰਵਾਈ ਵਜੋਂ ਹੀ ਸਮਾਪਤ ਕਰ ਦਿੰਦੀ ਹੈ।

ਨਵੀਂ ਸਿੱਖਿਆ ਨੀਤੀ 2020 ਨੇ ਮਾਤ ਭਾਸ਼ਾ ਅਤੇ ਖੇਤਰੀ ਭਾਸ਼ਾਵਾਂ ਦੇ ਮਹੱਤਵ ’ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਇਸ ਨੀਤੀ ਵਿੱਚ ਦੱਸਿਆ ਗਿਆ ਹੈ ਕਿ ਬੱਚਿਆਂ ਦੀ ਸ਼ੁਰੂਆਤੀ ਸਿੱਖਿਆ ਮਾਤ ਭਾਸ਼ਾ ਜਾਂ ਸਥਾਨਕ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ ਅਤੇ ਬਹੁਭਾਸ਼ੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਬਾਵਜੂਦ ਜ਼ਮੀਨੀ ਪੱਧਰ ’ਤੇ ਕਈ ਨਿੱਜੀ ਸਕੂਲ ਅੰਗਰੇਜ਼ੀ ਮਾਧਿਅਮ ਨੂੰ ਹੀ ਸਫਲਤਾ ਦਾ ਪ੍ਰਤੀਕ ਮੰਨਦੇ ਰਹੇ ਹਨ।




ਨਤੀਜੇ ਵਜੋਂ ਪੰਜਾਬੀ ਦੀ ਪੜ੍ਹਾਈ ਨੂੰ ਉਹ ਮਹੱਤਵ ਨਹੀਂ ਮਿਲਿਆ ਜੋ ਇੱਕ ਰਾਜ ਭਾਸ਼ਾ ਨੂੰ ਮਿਲਣਾ ਚਾਹੀਦਾ ਸੀ।

ਸਾਲ 2025 ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਲੈ ਕੇ ਸੀ.ਬੀ.ਐੱਸ.ਈ. ਦੇ ਪ੍ਰੀਖਿਆ ਕਰਵਾਉਣ ਸਬੰਧੀ ਜਾਰੀ ਕੀਤੇ ਇੱਕ ਡਰਾਫਟ ਵਿੱਚ ਪੰਜਾਬੀ ਦਾ ਨਾਮ ਸਪੱਸ਼ਟ ਤੌਰ ’ਤੇ ਦਰਸਾਇਆ ਨਹੀਂ ਗਿਆ ਸੀ। ਇਸ ’ਤੇ ਪੰਜਾਬ ਸਰਕਾਰ, ਭਾਸ਼ਾ ਮਾਹਿਰ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਨੇ ਸਖ਼ਤ ਇਤਰਾਜ਼ ਜਤਾਇਆ ਸੀ। ਇਸ ਇਤਰਾਜ਼ ਉਪਰੰਤ ਸੀ.ਬੀ.ਐੱਸ.ਈ. ਨੇ ਸਪੱਸ਼ਟੀਕਰਨ ਦਿੱਤਾ ਕਿ ਪੰਜਾਬੀ ਨੂੰ ਹਟਾਇਆ ਨਹੀਂ ਗਿਆ ਹੈ ਅਤੇ ਉਹ ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ। ਤਾਜਾ ਸਥਿਤੀ ਵਿੱਚ ਸੈਨਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੀ ਸਥਿਤੀ ਅਸੀਂ ਤੋਂ ਭਲੀ ਭਾਂਤ ਜਾਣੂ ਹਾਂ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਇੱਕ ਮਹੱਤਵਪੂਰਨ ਫ਼ੈਸਲਾ ਲੈਂਦਿਆਂ ਐਲਾਨ ਕੀਤਾ ਕਿ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਭਾਵੇਂ ਉਹ ਕਿਸੇ ਵੀ ਬੋਰਡ ਨਾਲ ਸਬੰਧਿਤ ਹੋਣ, ਪੰਜਾਬੀ ਨੂੰ ਮੁੱਖ ਅਤੇ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਪੰਜਾਬੀ ਪੜ੍ਹੇ ਬਿਨਾਂ ਵਿਦਿਆਰਥੀ ਨੂੰ ਦਸਵੀਂ ਪਾਸ ਨਹੀਂ ਮੰਨਿਆ ਜਾਵੇਗਾ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਇਸ ਸਰਕਾਰੀ ਫ਼ੈਸਲੇ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਨੂੰ ਵੀ ਇਹ ਮਹਿਸੂਸ ਹੋਇਆ ਕਿ ਕਾਨੂੰਨ ਹੋਣ ਦੇ ਬਾਵਜੂਦ ਪੰਜਾਬੀ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਕੂਲਾਂ ’ਚ ਪੰਜਾਬੀ ਦੀ ਸਥਿਤੀ ਪੂਰੀ ਤਰ੍ਹਾਂ ਠੀਕ ਹੁੰਦੀ ਤਾਂ ਅਜਿਹੀ ਨਵੀਂ ਹਦਾਇਤ ਜਾਰੀ ਕਰਨ ਦੀ ਲੋੜ ਸ਼ਾਇਦ ਨਾ ਪੈਂਦੀ। ਭਾਸ਼ਾ ਵਿਗਿਆਨੀਆਂ ਅਤੇ ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਭਾਸ਼ਾ ਦੀ ਸੁਰੱਖਿਆ ਕੇਵਲ ਕਾਨੂੰਨ ਨਾਲ ਨਹੀਂ ਹੁੰਦੀ ਸਗੋਂ ਉਸ ਦੇ ਸੰਪੂਰਨ ਉਪਯੋਗ ਨਾਲ ਹੁੰਦੀ ਹੈ। ਪੰਜਾਬ ਦੇ ਕਈ ਨਿੱਜੀ ਸਕੂਲਾਂ ਵਿੱਚ ਅੱਜ ਵੀ ਵਿਦਿਆਰਥੀਆਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਿਤ ਕਰਨ ਦੀ ਥਾਂ ਅੰਗਰੇਜ਼ੀ ਬੋਲਣ ’ਤੇ ਜ਼ੋਰ ਦਿੱਤਾ ਜਾਂਦਾ ਹੈ। ਸਕੂਲਾਂ ਦੇ ਨੋਟਿਸ, ਸਮਾਗਮ ਅਤੇ ਆਪਸੀ ਸੰਚਾਰ ਅਕਸਰ ਅੰਗਰੇਜ਼ੀ ਵਿੱਚ ਹੀ ਹੁੰਦੇ ਹਨ। ਅਜਿਹੇ ਮਾਹੌਲ ਵਿੱਚ ਪੰਜਾਬੀ ਸਿਰਫ਼ ਇੱਕ ਵਿਸ਼ਾ ਬਣ ਕੇ ਰਹਿ ਜਾਂਦੀ ਹੈ।

ਖੋਜ ਅਧਿਐਨ ਤੋਂ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਮਾਤ ਭਾਸ਼ਾ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਬੌਧਿਕ ਅਤੇ ਭਾਵਨਾਤਮਕ ਤੌਰ ’ਤੇ ਵਧੇਰੇ ਮਜ਼ਬੂਤ ਹੁੰਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਵੀ ਮਾਤ ਭਾਸ਼ਾ-ਆਧਾਰਿਤ ਸਿੱਖਿਆ ਪ੍ਰਣਾਲੀ ਦੀ ਸਿਫ਼ਾਰਸ਼ ਕਰਦੀਆਂ ਹਨ। ਨਵੀਂ ਸਿੱਖਿਆ ਨੀਤੀ ਵੀ ਇਸੇ ਸਿਧਾਂਤ ਨੂੰ ਮੰਨਦੀ ਹੈ। ਇਸ ਲਈ ਪੰਜਾਬੀ ਨੂੰ ਕਮਜ਼ੋਰ ਕਰਨਾ, ਸਿਰਫ਼ ਇੱਕ ਭਾਸ਼ਾ ਦਾ ਨੁਕਸਾਨ ਨਹੀਂ ਸਗੋਂ ਸਿੱਖਿਆ ਦੀ ਗੁਣਵੱਤਾ ਨਾਲ ਵੀ ਜੁੜਿਆ ਹੋਇਆ ਮਸਲਾ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਪੰਜਾਬੀ ਭਾਸ਼ਾ ਦਾ ਮਹੱਤਵ ਸਿਰਫ਼ ਸਾਹਿਤ ਜਾਂ ਸੱਭਿਆਚਾਰ ਤੱਕ ਸੀਮਿਤ ਨਹੀਂ ਹੈ। ਪੰਜਾਬ ਸਰਕਾਰ ਅਤੇ ਕੇਂਦਰ ਦੀਆਂ ਨੌਕਰੀਆਂ, ਪ੍ਰਸ਼ਾਸਕੀ ਕੰਮਕਾਜ ਅਤੇ ਸਮਾਜਿਕ ਜੀਵਨ ਵਿੱਚ ਪੰਜਾਬੀ ਭਾਸ਼ਾ ਦੀ ਸਮਝ ਇੱਕ ਲਾਜ਼ਮੀ ਪਹਿਲੂ ਹੈ। ਨਵੀਂ ਪੀੜ੍ਹੀ ਜੇਕਰ ਪੰਜਾਬੀ ਪੜ੍ਹਨ ਅਤੇ ਲਿਖਣ ਵਿੱਚ ਪੱਛੜ ਜਾਵੇਗੀ ਤਾਂ ਇਸ ਦਾ ਪ੍ਰਭਾਵ ਭਵਿੱਖ ਵਿੱਚ ਰਾਜ ਦੇ ਸੱਭਿਆਚਾਰਕ, ਸਮਾਜਿਕ, ਆਰਥਿਕ ਅਤੇ ਪ੍ਰਸ਼ਾਸਕੀ ਢਾਂਚੇ ’ਤੇ ਵੀ ਪਵੇਗਾ।

ਸੂਬੇ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਸਮਝਦੇ ਹੋਏ ਬਹੁਤ ਸਾਰੇ ਸੁਹਿਰਦ ਯਤਨ ਵੀ ਹੋਏ ਹਨ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬੀ ਭਾਸ਼ਾ ਦੀ ਰਾਖੀ ਲਈ ਸਮਾਜਿਕ ਜਾਗਰੂਕਤਾ ਵਿੱਚ ਵਾਧਾ ਹੋਇਆ ਹੈ। ਯੂਨੀਵਰਸਿਟੀਆਂ, ਸਾਹਿਤਕ ਸੰਸਥਾਵਾਂ ਅਤੇ ਭਾਸ਼ਾ ਪ੍ਰੇਮੀ ਪੰਜਾਬੀ ਦੇ ਹੱਕ ਵਿੱਚ ਆਵਾਜ਼ ਉਠਾ ਰਹੇ ਹਨ। ਉੱਚ ਸਿੱਖਿਆ ਸੰਸਥਾਵਾਂ ਵੀ ਪੰਜਾਬੀ ਨੂੰ ਖੋਜ ਅਤੇ ਅਕਾਦਮਿਕ ਕੰਮਾਂ ਵਿੱਚ ਵਧੇਰੇ ਮਹੱਤਵ ਦੇਣ ਵੱਲ ਕਦਮ ਚੁੱਕ ਰਹੀਆਂ ਹਨ।

(ਬਾਕੀ ਸਫ਼ਾ 27 ’ਤੇ)



ਆਸ਼ੂਤੋਸ਼ ਸੀਨੀਅਰ ਪੱਤਰਕਾਰ

# ਸੱਤਾ ਦਾ ਹੰਕਾਰ ਬਨਾਮ ਰਾਮ ਦੀ ਮਰਯਾਦਾ

## ਰਾਮ ਰਾਜ ਵਿੱਚ ਪਰਜਾ ਸਰਵਉੱਚ, ਅੱਜ ਸਵਾਲ ਪੁੱਛਣ ਵਾਲਾ ਦੇਸ਼-ਧ੍ਰੋਹੀ !

ਰਾਮ ਮੰਦਰ ਚੋਰੀ ਦੀ ਘਟਨਾ ਨੇ ਮੈਨੂੰ ਹੈਰਾਨ ਨਹੀਂ ਕੀਤਾ, ਕਿਉਂਕਿ ਗਲਤ ਸੋਚ ਵਾਲੇ ਲੋਕ ਕਿਤੇ ਵੀ ਹੋ ਸਕਦੇ ਹਨ ਤੇ ਕਿਸੇ ਵੀ ਤਰ੍ਹਾਂ ਦਾ ਅਪਰਾਧ ਕਰ ਸਕਦੇ ਹਨ। ਮੰਦਰ ਨਾਲ ਜੁੜੇ ਲੋਕਾਂ ਵੱਲੋਂ ਚੋਰੀ ਕਰਨਾ ਜ਼ਰੂਰ ਵੱਡੀ ਖ਼ਬਰ ਹੈ ਤੇ ਉਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਚੋਰੀ ਦੇ ਦੋਸ਼ ਉਨ੍ਹਾਂ ਲੋਕਾਂ ’ਤੇ ਲੱਗੇ ਹਨ, ਜੋ ਰਾਮ ਮੰਦਰ ਅੰਦੋਲਨ ਨਾਲ ਜੁੜੇ ਰਹੇ ਹਨ ਅਤੇ ਉਹ ਲੋਕ ਭਗਵਾਨ ਰਾਮ ਤੇ ਹਿੰਦੂ ਧਰਮ ’ਤੇ ਆਪਣਾ ਕਾਪੀਰਾਈਟ ਸਮਝਦੇ ਹਨ। ਪਰ ਇਸ ਪੂਰੇ ਘਟਨਾਕ੍ਰਮ ਪ੍ਰਤੀ ਸੰਘ ਪਰਿਵਾਰ ਦੇ ਅਜਿਹੇ ਜਵਾਬ ਦੀ ਉਮੀਦ ਨਹੀਂ ਸੀ, ਖਾਸ ਕਰਕੇ ਆਰ.ਐਸ.ਐਸ. ਦੀ ਉੱਚ ਲੀਡਰਸ਼ਿਪ ਨੇ ਨਿਮਰਤਾ ਸਹਿਤ ਪਛਤਾਵਾ ਕਰਨ ਦੀ ਬਜਾਏ ਆਪਣੀ ਸੁਰ ਹੰਕਾਰ ਭਰੀ ਰੱਖੀ ਹੈ। ਉਨ੍ਹਾਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ ਤੁਸੀਂ ਕੌਣ ਹੁੰਦੇ ਹੋ ਸਾਡੇ ਸਮਰਥਕਾਂ ’ਤੇ ਉਂਗਲਾਂ ਚੁੱਕਣ ਵਾਲੇ ? ਮੈਨੂੰ ਇਹ ਅਹਿਸਾਸ ਸੰਘ ਦੇ ਉੱਚ ਅਹੁਦੇਦਾਰ ਦੱਤਾਤ੍ਰੇਯ ਹੋਸਬਲੇ ਦੇ ਬਿਆਨ ’ਤੇ ਮਾਮਲੇ ਦੀ ਜਾਂਚ ਕਰਨ ਵਾਲੀ ਯੂ.ਪੀ. ਦੀ ਵਿਸ਼ੇਸ਼ ਜਾਂਚ ਟੀਮ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਆਲੋਕ ਕੁਮਾਰ ਵਲੋਂ ਲਿਖੇ ਪੱਤਰ ਤੋਂ ਹੋਇਆ, ਕਿਉਂਕਿ ਦੋਹਾਂ ਨੇ ਇਸ ਮੁੱਦੇ ’ਤੇ ਕਿਤੇ ਵੀ ਨਿਮਰਤਾ ਨਹੀਂ ਦਿਖਾਈ। ਹਿੰਦੂ ਪਰੰਪਰਾ ’ਚ ਭਗਵਾਨ ਰਾਮ ਨਿਮਰਤਾ ਨਾਲ ਭਰੇ ਹੋਏ ਹਨ, ਇਸੇ ਲਈ ਉਨ੍ਹਾਂ ਨੂੰ ਮਰਯਾਦਾ ਪੁਰਸ਼ੋਤਮ ਕਿਹਾ ਜਾਂਦਾ ਹੈ। ਤੁਲਸੀਦਾਸ ਅਨੁਸਾਰ ਜਦੋਂ ਰਾਮ ਲੰਕਾ ਜਿੱਤਣ ਤੋਂ ਬਾਅਦ ਅਯੁੱਧਿਆ ਵਾਪਸ ਆ ਕੇ ਸਿੰਘਾਸਣ ’ਤੇ ਬੈਠਣ ਬਾਅਦ ਰਾਜ ਕਰਦੇ ਹਨ ਤਾਂ ਉਨ੍ਹਾਂ ਕਦੇ ਵੀ ਆਪਣੀ ਪਰਜਾ ਤੋਂ ਖ਼ੁਦ ਨੂੰ ਉੱਪਰ ਨਹੀਂ ਸੀ ਸਮਝਿਆ। ਉਹ ਭਰੀ ਸਭਾ ’ਚ ਕਹਿੰਦੇ ਹਨ ਕਿ ਜੇਕਰ ਕੋਈ ਗਲਤੀ ਹੋ ਜਾਵੇ ਤਾਂ ਬਿਨਾਂ ਕਿਸੇ ਡਰ ਦੇ ਉਨ੍ਹਾਂ ਨੂੰ ਟੋਕ ਸਕਦੇ ਹੋ। ਭਗਵਾਨ ਰਾਮ ਕਹਿੰਦੇ ਹਨ ਕਿ ਉਹ ਸਿਰਫ਼ ਉਨ੍ਹਾਂ ਨੂੰ ਆਪਣੇ ਸੱਚੇ ਸੇਵਕ ਮੰਨਦੇ ਹਨ, ਜੋ ਉਨ੍ਹਾਂ ਦੁਆਰਾ ਸਥਾਪਿਤ ਕੀਤੇ ਅਨੁਸ਼ਾਸਨ ਦੀ ਪਾਲਣਾ ਕਰਦੇ ਹਨ।

ਭਗਵਾਨ ਰਾਮ ਕਹਿੰਦੇ ਹਨ ਕਿ ਉਸ ਨੂੰ ਉਹੀ ਪਿਆਰਾ ਹੈ, ਉਹੀ ਉਸ ਦਾ ਸੱਚਾ ਸੇਵਕ ਹੈ, ਜੋ ਉਸ ਦੀ ਆਗਿਆ ਨੂੰ ਮੰਨਦਾ ਹੈ ਜਾਂ ਉਸ ਦੇ ਦੁਆਰਾ ਬਣਾਏ ਹੋਏ ਅਨੁਸ਼ਾਸਨ ਦੀ ਪਾਲਣਾ ਕਰਦਾ ਹੈ ਪਰ ਅਗਲੇ ਸ਼ਬਦਾਂ ਵਿੱਚ ਉਹ ਇਹ ਵੀ ਕਹਿੰਦੇ ਹਨ ਕਿ ਜੇ ਉਹ ਮਤਲਬ ਭਗਵਾਨ ਰਾਮ ਵੀ ਕੁਝ ਗਲਤ ਕਰਨ ਜਾਂ ਅਨੈਤਿਕ ਕਰੇ ਤਾਂ ਪਰਜਾ ਬਿਨਾਂ ਡਰ-ਭੈਅ ਜਾਂ ਸੰਕੋਚ ਦੇ ਉਸ ਨੂੰ ਟੋਕ ਦੇਵੇ। ਤੁਲਸੀਦਾਸ ਇੱਥੇ ਇੱਕ ਅਜਿਹੇ ਰਾਮ ਦੀ ਮਹਾਨਤਾ ਦਾ ਵਰਨਣ ਕਰਦੇ ਹਨ, ਜੋ ਰਾਵਣ ’ਤੇ ਜਿੱਤ ਪ੍ਰਾਪਤ ਕਰਕੇ ਆਏ ਹਨ, ਅਯੁੱਧਿਆ ਦੇ ਰਾਜਾ ਹਨ ਅਤੇ ਉਨ੍ਹਾਂ ਨੂੰ ਕਿਤੋਂ ਕੋਈ ਚੁਣੌਤੀ ਨਹੀਂ ਹੈ, ਫਿਰ ਵੀ ਉਹ ਆਪਣੀ ਪਰਜਾ ਨੂੰ ਬੇਨਤੀ ਕਰਦੇ ਹਨ ਕਿ ਜੇ ਉਹ ਕਿਤੇ ਕੋਈ ਅਜਿਹੀ ਗੱਲ ਕਰਦੇ ਹਨ, ਜੋ ਨੀਤੀ ਅਨੁਕੂਲ ਨਹੀਂ ਹੈ ਜਾਂ ਗਲਤ ਹੈ ਤਾਂ ਫਿਰ ਇਹ ਜਨਤਾ ਦਾ ਫ਼ਰਜ਼ ਹੈ ਕਿ ਉਹ ਉਨ੍ਹਾਂ ਦੀ ਗਲਤੀ ਨੂੰ ਰੇਖਾਂਕਿਤ ਕਰੇ, ਉਨ੍ਹਾਂ ਨੂੰ ਟੋਕੇ। ਉਹੀ ਰਾਜਾ ਰਾਜ ਕਰ ਸਕਦਾ ਹੈ, ਜੋ ਨਿਮਰ ਹੈ, ਜੋ ਖ਼ੁਦ ਨੂੰ ਪਰਜਾ ਤੋਂ ਉੱਪਰ ਨਹੀਂ ਸਮਝਦਾ, ਜੋ ਜਨਤਾ ਦੇ ਬਿਬੇਕ ਦਾ ਸਾਹਮਣਾ ਕਰਦਾ ਹੈ। ਰਾਮ ਨੂੰ ਰਾਜਾ ਹੋਣ ਕਰਕੇ ਇਹ ਸਭ ਕਹਿਣ ਦੀ ਜ਼ਰੂਰਤ ਨਹੀਂ ਸੀ, ਪਰ ਉਹ ਅਜਿਹਾ ਇਸ ਲਈ ਕਹਿੰਦੇ ਹਨ, ਕਿਉਂਕਿ ਉਹ ਹੰਕਾਰ ਤੋਂ ਰਹਿਤ ਹੋਣ ਕਰਕੇ ਆਪਣੀ ਪਰਜਾ ਨੂੰ ਸਰਬਉੱਚ ਸਮਝਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਇਕ ਰਾਜੇ ਨੂੰ ਲੋਕਾਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇਹ ਕੋਈ ਇਤਫ਼ਾਕ ਨਹੀਂ ਸੀ ਕਿ ਜਦੋਂ ਇਕ ਧੋਬੀ ਨੇ ਮਾਤਾ ਸੀਤਾ ’ਤੇ ਝੂਠਾ ਦੋਸ਼ ਲਗਾਇਆ ਤਾਂ ਭਗਵਾਨ ਰਾਮ ਨੇ ਉਨ੍ਹਾਂ ਦੀ ਅਗਨੀ ਪ੍ਰੀਖਿਆ ਤੱਕ ਲੈ ਲਈ ਸੀ।



ਇਸ ਘਟਨਾ ਬਾਰੇ ਅੱਜ ਸਮਾਜ ਇੱਕ ਵੱਖਰੀ ਪ੍ਰਤੀਕਿਰਿਆ ਦਿੰਦਿਆਂ ਕਹਿ ਸਕਦਾ ਹੈ ਕਿ ਮਾਤਾ ਸੀਤਾ ਦੀ ਅਗਨੀ ਪ੍ਰੀਖਿਆ ਦੀ ਲੋੜ ਨਹੀਂ ਸੀ, ਕਿਉਂਕਿ ਉਹ ਪਵਿੱਤਰ ਸੀ ਪਰ ਰਾਜਾ ਰਾਮ ਸਾਹਮਣੇ ਇਹ ਸਵਾਲ ਸੀ ਕਿ ਜੇਕਰ ਜਨਤਾ ਨੂੰ ਉਨ੍ਹਾਂ ਦੇ ਪਰਿਵਾਰ ਬਾਰੇ ਕੋਈ ਸ਼ੱਕ ਹੈ ਤਾਂ ਉਸ ਨੂੰ ਦੂਰ ਕਰਨਾ ਉਨ੍ਹਾਂ ਦਾ ਫਰਜ਼ ਸੀ। ਇਸੇ ਲਈ ਉਨ੍ਹਾਂ ਦੇ ਰਾਜ ਨੂੰ ਆਦਰਸ਼ ਮੰਨਿਆ ਜਾਂਦਾ ਹੈ ਅਤੇ ਉਸ ਨੂੰ ‘ਰਾਮਰਾਜ’ ਕਿਹਾ ਜਾਂਦਾ ਹੈ।

ਤੁਲਸੀਦਾਸ ਅਨੁਸਾਰ ਜਿਸ ਰਾਜ ਦੇ ਲੋਕਾਂ ਨੂੰ ਕੋਈ ਸਰੀਰਕ, ਸੰਸਾਰਿਕ ਤੇ ਦੈਵੀ ਦੁੱਖ ਨਾ ਹੋਵੇ, ਉਹ ਸਾਰੇ ਦੁੱਖਾਂ ਤੋਂ ਮੁਕਤ ਹੋ ਕੇ ਅਨੰਦ ਵਿੱਚ ਰਹਿੰਦੇ ਹਨ। ਜਿੱਥੇ ਸਾਰੇ ਮਰਦ ਤੇ ਔਰਤਾਂ ਆਪਸੀ ਪਿਆਰ ਤੇ ਭਾਈਚਾਰੇ ’ਚ ਰਹਿੰਦਿਆਂ ਧਰਮ ਦੀ ਪਾਲਣਾ ਕਰਦੇ ਹਨ। ਧਰਮ ਦੀ ਪਾਲਣਾ ਸਿਰਫ਼ ਲੋਕਾਂ ਨੂੰ ਹੀ ਨਹੀਂ, ਰਾਜੇ ਨੂੰ ਵੀ ਕਰਨੀ ਪੈਂਦੀ ਹੈ, ਕਿਉਂਕਿ ਉਹ ਵੀ ਧਰਮ ਨਾਲ ਬੱਝਿਆ ਹੁੰਦਾ ਹੈ। ਜਦੋਂ ਰਾਜਾ ਤੇ ਲੋਕ ਦੋਵੇਂ ਧਰਮ ਦੀ ਪਾਲਣਾ ਕਰਦੇ ਹਨ ਤਾਂ ਹੀ ਰਾਮ ਰਾਜ ਹੁੰਦਾ ਹੈ। ਰਾਜਾ ਧਰਮ ਤੋਂ ਉੱਪਰ ਨਹੀਂ ਹੋ ਸਕਦਾ, ਉਸ ਦੇ ਲਈ ਵੀ ਨਿਯਮ ਹਨ ਤੇ ਗਲਤੀ ਕਰਨ ’ਤੇ ਉਸ ਨੂੰ ਵੀ ਸਜ਼ਾ ਮਿਲਣੀ ਚਾਹੀਦੀ ਹੈ। ਰਾਮ ਦੇ ਰਾਜ ’ਚ ਕਿਸੇ ਨਾਲ ਵਿਤਕਰੇ ਤੇ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਪਰ ਅੱਜ ਜਦੋਂ ਅਸੀਂ ਦੇਖਦੇ ਹਾਂ ਕਿ ਕਰੋੜਾਂ ਲੋਕਾਂ ਦੀ ਆਸਥਾ ਦੇ ਕੇਂਦਰ ਰਾਮ ਮੰਦਰ ’ਚ ਉਨ੍ਹਾਂ ਲੋਕਾਂ ਦੁਆਰਾ ਚੋਰੀ ਕੀਤੀ ਜਾ ਰਹੀ ਹੈ, ਜੋ ਰਾਮ ਦਾ ਪ੍ਰਚਾਰ ਕਰਦਿਆਂ ਰਾਮ ਰਾਜ ਲਿਆਉਣ ਦੀ ਕਲਪਨਾ ਕਰਦੇ ਸਨ। ਅਫ਼ਸੋਸ ਇਸ ਗੱਲ ਦਾ ਨਹੀਂ ਹੈ ਕਿ ਚੋਰੀ ਹੋਈ ਹੈ, ਸਗੋਂ ਇਹ ਹੈ ਕਿ ਭਗਵਾਨ ਰਾਮ ਦੀ ਮਰਿਆਦਾ ਦੀਆਂ ਗੱਲਾਂ ਕਰਨ ਵਾਲੇ ਖ਼ੁਦ ਅਗਨੀ ਪ੍ਰੀਖਿਆ ਦੇਣ ਦੀ ਗੱਲ ਤੱਕ ਨਹੀਂ ਕਰ ਰਹੇ। ਉਹ ਦੂਜਿਆਂ ਨੂੰ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਨ੍ਹਾਂ ਦਾ ਇਸ ਘਟਨਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਨਫ਼ਰਤ ਨਾਲ ਭਰੇ ਹੋਏ ਇਹ ਲੋਕ ਧਰਮ ਦਾ ਝੰਡਾ ਬੁਲੰਦ ਕਰਨ ਦਾ ਦਿਖਾਵਾ ਕਰਦੇ ਹਨ।

ਹੋਸਬਲੇ ਕਹਿੰਦੇ ਹਨ ਕਿ ਕੁਝ ਹਿੰਦੂ-ਵਿਰੋਧੀ ਤੇ ਰਾਸ਼ਟਰ-ਵਿਰੋਧੀ ਲੋਕ ਹਿੰਦੂ ਸਮਾਜ ਤੇ ਧਰਮ ਨੂੰ ਬਦਨਾਮ ਕਰਨ ਦੀ ਸਾਜਿਸ਼ ਰਚ ਰਹੇ ਸਨ। ਉਨ੍ਹਾਂ ਦਾ ਇਸ਼ਾਰਾ ਇਸ ਘਟਨਾ ਦਾ ਪਰਦਾਫਾਸ਼ ਕਰਨ ਵਾਲਿਆਂ ਵੱਲ ਹੈ, ਜੋ ਸੰਘ ਪਰਿਵਾਰ ਨੂੰ ਅਗਨੀ ਪ੍ਰੀਖਿਆ ਦੇਣ ਦੀ ਮੰਗ ਕਰ ਰਹੇ ਹਨ। ਦਰਅਸਲ ਇਸ ਮਾਮਲੇ ’ਚ ਉਨ੍ਹਾਂ ਨੂੰ ਕਹਿਣਾ ਤਾਂ ਇਹ ਚਾਹੀਦਾ ਸੀ ਕਿ ਜਿਨ੍ਹਾਂ ਲੋਕਾਂ ਨੇ ਹਿੰਦੂ ਧਰਮ ਤੇ ਰਾਮ ਮੰਦਰ ਨੂੰ ਕਲੰਕਿਤ ਕੀਤਾ ਹੈ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਫਿਰ ਭਾਵੇਂ ਉਹ ਸੰਘ ਪਰਿਵਾਰ ਨਾਲ ਜੁੜੇ ਹੋਏ ਲੋਕ ਹੀ ਕਿਉਂ ਨਾ ਹੋਣ ਪਰ ਉਹ ਤਾਂ ਪੂਰੀ ਚਰਚਾ ਨੂੰ ਹੀ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਲੋਕ ਕੁਮਾਰ ਨੇ ਤਾਂ ਹੋਰ ਅੱਗੇ ਵਧਦਿਆਂ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕਰਨ ਵਾਲੇ ਨੇਤਾਵਾਂ ਤੋਂ ਪੁੱਛਗਿੱਛ ਕਰਨ ਲਈ ਕਿਹਾ ਹੈ। ਇੰਨਾ ਹੰਕਾਰ ਕਿਉਂ, ਕੀ ਇਸ ਗੱਲ ਲਈ ਹੈ, ਕਿਉਂਕਿ ਸੰਘ ਪਰਿਵਾਰ ਨੇ ਰਾਮ ਮੰਦਰ ਦੀ ਉਸਾਰੀ ਲਈ ਇੱਕ ਅੰਦੋਲਨ ਸ਼ੁਰੂ ਕਰਦਿਆਂ ਇਸ ਨੂੰ ਪੂਰਾ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ ਸੀ ? ਜਾਂ ਇਹ ਇਸ ਲਈ ਹੈ, ਕਿਉਂਕਿ ਹੁਣ ਉਨ੍ਹਾਂ ਦੀ ਕੇਂਦਰ ’ਚ ਸਰਕਾਰ ਤੋਂ ਇਲਾਵਾ 22 ਰਾਜਾਂ ’ਚ ਸਰਕਾਰਾਂ ਹਨ ? ਦਰਅਸਲ ਇਹ ਹੰਕਾਰ ਨੈਤਿਕਤਾ ਦਾ ਨਹੀਂ ਹੈ। ਇਹ ਹੰਕਾਰ ਸੱਤਾ ਸ਼ਕਤੀ ਦਾ ਹੈ, ਜੋ ਮੰਨ ਬੈਠੀ ਹੈ ਕਿ ਭਗਵਾਨ ਰਾਮ ’ਤੇ ਸਿਰਫ਼ ਉਨ੍ਹਾਂ ਦਾ ਹੀ ਅਧਿਕਾਰ ਹੈ। ਇਹ ਵਿਚਾਰਧਾਰਾ ਦਾ ਸੰਕਟ ਹੈ। ਇਹ ਸੋਚ ਦਾ ਸੰਕਟ ਹੈ, ਜੋ ਸੱਤਾ ਨੂੰ ਸਭ ਕੁਝ ਸਮਝ ਬੈਠੀ ਹੈ। ਚੋਣਾਂ ਦੌਰਾਨ ਨਾਅਰਾ ਸੁਣਿਆ ਹੋਵੇਗਾ ‘ਜੋ ਰਾਮ ਕੋ ਲਾਏ ਹੈਂ।’ ਕੋਈ ਮੂਰਖ ਹੀ ਕਹਿ ਸਕਦਾ ਹੈ ਕਿ ਬ੍ਰਹਿਮੰਡ ਦੇ ਸਿਰਜਣਹਾਰ ਨੂੰ ਕੁਝ ਲੋਕ ਲੈ ਕੇ ਆਏ ਹਨ। (**ਬਾਕੀ ਸਫ਼ਾ 27 ’ਤੇ**)

# ਬਹੁ-ਪਰਤੀ ਸੰਕਟ ’ਚੋਂ ਕਿਵੇਂ ਨਿਕਲੇ ਪੰਜਾਬ

ਮੋਹਣ ਸ਼ਰਮਾ

ਪੰਜਾਬ ਬਹੁ-ਪੱਖੀ ਅਤੇ ਬਹੁ-ਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਨ੍ਹਾਂ ’ਚ ਨਸ਼ੇ, ਖ਼ੁਦਕੁਸ਼ੀਆਂ, ਬੇਰੁਜ਼ਗਾਰੀ, ਕਿਸਾਨੀ ਸੰਕਟ, ਗੈਂਗਸਟਰਵਾਦ, ਗ਼ਰੀਬੀ, ਮਹਿੰਗਾਈ, ਭ੍ਰਿਸ਼ਟਾਚਾਰ, ਜਬਰ-ਜਨਾਹ, ਕਰਜ਼ਾ, ਮਿਲਾਵਟਖੋਰੀ ਅਤੇ ਜਲ ਸੰਕਟ ਪ੍ਰਮੁੱਖ ਹਨ। ਇਨ੍ਹਾਂ ਸਾਰੀਆਂ ਸਮੱਸਿਆਵਾਂ ਵਿੱਚੋਂ ਨਸ਼ਾਖੋਰੀ ਬਹੁਤ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਜ਼ਿਕਰਯੋਗ ਹੈ ਕਿ ਸਾਲ 2025-26 ਵਿੱਚ ਪੰਜਾਬ ਦੀ ਵਿਕਰੀ ਨਾਲ 11,020 ਕਰੋੜ ਦੀ ਰਾਸ਼ੀ ਇਕੱਠੀ ਕਰਨ ਦਾ ਟੀਚਾ ਮਿਥਿਆ ਗਿਆ ਸੀ। ਚਾਲੂ ਵਿੱਤੀ ਸਾਲ ਵਿੱਚ 12,800 ਕਰੋੜ ਰੁਪਏ ਦੀ ਸ਼ਰਾਬ ਵੇਚ ਕੇ ‘ਪੰਜਾਬ ਦਾ ਵਿਕਾਸ’ ਕਰਨ ਦੀ ਯੋਜਨਾ ਉਲੀਕੀ ਗਈ ਹੈ। ਸਾਲ 2015-16 ਵਿੱਚ ਪੰਜਾਬ ਸਰਕਾਰ ਵੱਲੋਂ ਸ਼ਰਾਬ ਦੇ ਠੇਕਿਆਂ ਰਾਹੀਂ 4,796 ਕਰੋੜ ਇਕੱਠੇ ਕਰਨ ਦਾ ਟੀਚਾ ਸੀ। ਸ਼ਰਾਬ ਦੇ ਤਕਰੀਬਨ 10,800 ਠੇਕਿਆਂ ਤੋਂ 12,800 ਕਰੋੜ ਰੁਪਏ ਇਕੱਠੇ ਕਰਨ ਦੀ ਯੋਜਨਾ ਦੇ ਹਿਸਾਬ ਨਾਲ ਪੰਜਾਬੀਆਂ ਦੀ ਆਮਦਨ ਵਿੱਚ ਵਾਧਾ ਨਹੀਂ ਹੋਇਆ। ਸਰਵੇਖਣ ਵਿੱਚ ਇਹ ਤੱਥ ਸਾਹਮਣੇ ਆਇਆ ਹੈ ਕਿ ਚਾਰ ਹਜ਼ਾਰ ਦੀ ਆਬਾਦੀ ਵਾਲੇ ਪਿੰਡ ਵਿੱਚ ਅੰਦਾਜ਼ਨ 30 ਹਜ਼ਾਰ ਰੁਪਏ ਦੀ ਸ਼ਰਾਬ ਰੋਜ਼ਾਨਾ ਪੀਤੀ ਜਾਂਦੀ ਹੈ। ਇਸ ਹਿਸਾਬ ਨਾਲ ਪਿੰਡ ’ਚੋਂ ਇੱਕ ਮਹੀਨੇ ਦੇ 9 ਲੱਖ ਅਤੇ ਸਾਲ ਦੇ 1.08 ਕਰੋੜ ਰੁਪਏ ਸ਼ਰਾਬ ਦੇ ਲੇਖੇ ਲੱਗ ਰਹੇ ਹਨ। ਇਹੋ ਰਕਮ ਪਿੰਡ ਦੇ ਸਰਬਪੱਖੀ ਵਿਕਾਸ ’ਤੇ ਖਰਚ ਕੇ ਵਿਦਿਅਕ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਘਰ ਦੀ ਕੱਢੀ ਸ਼ਰਾਬ ਅਤੇ ਗੁਆਂਢੀ ਰਾਜਾਂ ਤੋਂ ਲਿਆਂਦੀ ਸ਼ਰਾਬ ਤੋਂ ਇਲਾਵਾ ਅੰਦਾਜ਼ਨ 41 ਕਰੋੜ ਸ਼ਰਾਬ ਦੀਆਂ ਬੋਤਲਾਂ ਮਾਨਤਾ ਪ੍ਰਾਪਤ ਸ਼ਰਾਬ ਦੇ ਠੇਕਿਆਂ ਤੋਂ ਵਿਕਦੀਆਂ ਹਨ। ਜੇਕਰ ਇਨ੍ਹਾਂ 41 ਕਰੋੜ ਬੋਤਲਾਂ ਨੂੰ ਪੈਟਰੋਲ ਪੰਪ ਵਾਲੇ 12,000 ਲਿਟਰ ਦੀ ਸਮਰੱਥਾ ਵਾਲੇ ਟੈਂਕਰਾਂ ਵਿੱਚ ਭਰ ਦਿੱਤਾ ਜਾਵੇ ਤਾਂ 15,291 ਟੈਂਕਰ ਭਰ ਜਾਣਗੇ। ਜੇਕਰ ਇਨ੍ਹਾਂ ਟੈਂਕਰਾਂ ਨੂੰ ਕਤਾਰ ਵਿੱਚ ਖੜ੍ਹਾ ਕੀਤਾ ਜਾਵੇ ਤਾਂ 152 ਕਿਲੋਮੀਟਰ ਲੰਮੀ ਲਾਈਨ ਲੱਗ ਜਾਵੇਗੀ। ਦੂਜੇ ਸ਼ਬਦਾਂ ਵਿੱਚ ਸੰਗਰੂਰ ਤੋਂ ਜਲੰਧਰ ਦਾ ਫਾਸਲਾ 135 ਕਿਲੋਮੀਟਰ ਹੈ ਅਤੇ ਇਹ ਟੈਂਕਰ ਜਲੰਧਰ ਤੋਂ 17 ਕਿਲੋਮੀਟਰ ਅਗਾਂਹ ਤੱਕ ਪੁੱਜ ਜਾਣਗੇ। ਇਨ੍ਹਾਂ ਸ਼ਰਾਬ ਪੀਣ ਵਾਲਿਆਂ ’ਚੋਂ 30 ਫ਼ੀਸਦੀ ਹੈਪੇਟਾਈਟਸ ਸੀ, 20 ਫ਼ੀਸਦੀ ਹੈਪੇਟਾਈਟਸ ਬੀ ਅਤੇ 10 ਫ਼ੀਸਦੀ ਹੋਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਬਹੁਤ ਸਾਰੇ ਸ਼ਰਾਬੀ ਗੁਰਦੇ ਖ਼ਰਾਬ ਹੋਣ, ਤਣਾਅ, ਅਨੀਮੀਆ, ਗਠੀਆ ਤੇ ਕੈਂਸਰ ਜਿਹੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਣ ਕਾਰਨ ਸਰੀਰਕ, ਮਾਨਸਿਕ ਅਤੇ ਬੌਧਿਕ ਤੌਰ ’ਤੇ ਖੋਖਲੇ ਹੋ ਰਹੇ ਹਨ। ਗਲਾਸ ਅਤੇ ਗੰਡਾਸੀ ਦੇ ਮੇਲ ਕਾਰਨ 60 ਫ਼ੀਸਦੀ ਹਾਦਸੇ, 90 ਫ਼ੀਸਦੀ ਤੇਜ਼ਧਾਰ ਹਥਿਆਰਾਂ ਨਾਲ ਹਮਲੇ, 69 ਫ਼ੀਸਦੀ ਜਬਰ-ਜਨਾਹ, 74 ਫ਼ੀਸਦੀ ਡਕੈਤੀਆਂ ਅਤੇ 80 ਫ਼ੀਸਦੀ ਦੁਸ਼ਮਣੀ ਦੀ ਕਿੜ ਕੱਢਣ ਲਈ ਝਗੜੇ ਹੋ ਰਹੇ ਹਨ। ਅਜਿਹੇ ’ਚ ਆਤਮਿਕ ਸ਼ਕਤੀ, ਦ੍ਰਿੜ੍ਹ ਇੱਛਾ ਸ਼ਕਤੀ, ਜ਼ਿੰਦਗੀ ਜਿਊਣ ਦਾ ਚਾਅ, ਗ਼ੈਰਤ, ਸ਼ਰਮ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਆਸ ਨਸ਼ੇੜੀ ਤੋਂ ਕਿਵੇਂ ਰੱਖੀ ਜਾ ਸਕਦੀ ਹੈ ?




ਸਰਵੇਖਣ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸ਼ਰਾਬ ਰਾਹੀਂ ਇਕੱਠੇ ਕੀਤੇ ਮਾਲੀਏ ਤੋਂ ਕਿਤੇ ਵੱਧ ਖਰਚ ਇਨ੍ਹਾਂ ਬਿਮਾਰੀਆਂ ਨੂੰ ਰੋਕਣ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ, ਮੌਤਾਂ ਦੇ ਮੁਆਵਜ਼ੇ ਅਤੇ ਇਸ ਤੋਂ ਵੱਧ ਇਸ ਦੀ ਵਰਤੋਂ ਕਾਰਨ ਅਸਥਿਰਤਾ ਅਤੇ ਰੋਕਥਾਮ ’ਤੇ ਖਰਚ ਹੋ ਜਾਂਦਾ ਹੈ। ਸ਼ਰਾਬ ਦੇ ਕਹਿਰ ਕਾਰਨ ਲੋਕਾਂ ਦੀਆਂ ਮੌਤਾਂ ਹੋਣ ਤੋਂ ਇਲਾਵਾ ਤਕਰੀਬਨ ਤਲਾਕ ਦੇ 18 ਕੇਸ ਰੋਜ਼ਾਨਾ ਪੰਜਾਬ ਦੀਆਂ ਅਦਾਲਤਾਂ ਵਿੱਚ ਦਾਖ਼ਲ ਹੋ ਰਹੇ ਹਨ, ਜਿਨ੍ਹਾਂ ਵਿੱਚ ਵਿਆਹੀਆਂ ਕੁੜੀਆਂ ਸ਼ਰਾਬੀ ਪਤੀ ਤੋਂ ਦੁਖੀ ਹੋ ਕੇ ਤਲਾਕ ਲਈ ਅਦਾਲਤ ਦਾ ਦਰਵਾਜ਼ਾ ਖੜਕਾ ਰਹੀਆਂ ਹਨ। ਠੇਕਿਆਂ ਤੋਂ ਇਲਾਵਾ ਸ਼ਰਾਬ ਦਾ ਕਾਲਾ ਕਾਰੋਬਾਰ ਕਰਨ ਵਾਲੇ ਵਿਅਕਤੀ ਜ਼ਹਿਰੀਲੇ ਰਸਾਇਣਕ ਪਦਾਰਥ ਨਾਲ ਘਰ ਹੀ ਤਿਆਰ ਕੀਤੀ ਸ਼ਰਾਬ ਨੂੰ ‘ਸਸਤੀ ਅਤੇ ਵਧੀਆ ਸ਼ਰਾਬ’ ਦੱਸ ਕੇ ਮੌਤ ਦਾ ਸਾਮਾਨ ਵੰਡਦੇ ਹਨ। ਪਿਛਲੇ ਇੱਕ ਦਹਾਕੇ ਵਿੱਚ ਜ਼ਹਿਰੀਲੀ ਸ਼ਰਾਬ ਨੇ ਤਕਰੀਬਨ 200 ਘਰਾਂ ਵਿੱਚ ਸੱਥਰ ਵਿਛਾਏ ਹਨ। ਕਈ ਆਪਣੀਆਂ ਅੱਖਾਂ ਦੀ ਨਜ਼ਰ ਗੁਆ ਚੁੱਕੇ ਹਨ। 27-28 ਅਕਤੂਬਰ 2010 ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 16 ਮੌਤਾਂ ਹੋਈਆਂ। ਕੁਝ ਦੇਰ ਪੰਜਾਬ ਵਿੱਚ ਸੰਨਾਟਾ ਛਾਇਆ ਰਿਹਾ। ਫਿਰ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਕੁਝ ਮੁਆਵਜ਼ਾ ਦੇ ਦਿੱਤਾ ਗਿਆ। ਜੁਲਾਈ-ਅਗਸਤ 2020 ਵਿੱਚ ਕਰੋਨਾ ਕਾਲ ਸਮੇਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਬਟਾਲਾ ਦੇ ਕਈ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਨੇ 121 ਲੋਕਾਂ ਦੀ ਜਾਨ ਲਈ। 16 ਜਣਿਆਂ ਦੀਆਂ ਅੱਖਾਂ ਦੀ ਜੋਤ ਚਲੀ ਗਈ। ਸਿਆਸਤਦਾਨਾਂ ਦੀਆਂ ਰਾਜਪੁਰਾ ਅਤੇ ਖੰਨਾ ’ਚ ਨਾਜਾਇਜ਼ ਜ਼ਹਿਰੀਲੀ ਸ਼ਰਾਬ ਤਿਆਰ ਕਰਨ ਦੀਆਂ ਫੈਕਟਰੀਆਂ ਵੀ ਫੜੀਆਂ ਗਈਆਂ। ਅੱਠ ਅਪਰੈਲ 2023 ਨੂੰ ਸੰਗਰੂਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋਈ। 20 ਮਾਰਚ 2024 ਨੂੰ ਸੁਨਾਮ ਤਹਿਸੀਲ ਦੇ ਪਿੰਡ ਗੁੱਜਰਾਂ ਤੇ ਟਿੱਬੀ ਰਵੀਦਾਸਪੁਰਾ ’ਚ ਜ਼ਹਿਰੀਲੀ ਸ਼ਰਾਬ ਕਾਰਨ 21 ਮੌਤਾਂ ਹੋਈਆਂ, ਚਾਰ ਵਿਅਕਤੀਆਂ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ ਅਤੇ 49 ਵਿਅਕਤੀ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਹੋਏ। ਪਿੰਡ ਵਾਲਿਆਂ ਅਤੇ ਪੰਚਾਇਤ ਨੇ ਸ਼ਰ੍ਹੇਆਮ ਦੁਹਾਈ ਦਿੱਤੀ ਕਿ ਇਸ ਕਾਲੇ ਧੰਦੇ ਨੂੰ ਰੋਕਣ ਲਈ ਉਨ੍ਹਾਂ ਨੇ ਅਧਿਕਾਰੀਆਂ ਤੱਕ ਪਹੁੰਚ ਕੀਤੀ, ਪਰ ਕਿਧਰੇ ਕੋਈ ਸੁਣਵਾਈ ਨਹੀਂ ਹੋਈ। ਹੈਰਾਨੀ ਇਸ ਗੱਲ ਦੀ ਸੀ ਕਿ ਜਿੱਥੇ ਜ਼ਹਿਰੀਲੀ ਸ਼ਰਾਬ ਤਿਆਰ ਕਰਨ ਦੀ ਮਿੰਨੀ ਫੈਕਟਰੀ ਲਾਈ ਗਈ ਸੀ, ਉੱਥੋਂ ਥਾਣਾ ਸਿਰਫ਼ ਦੋ ਕਿਲੋਮੀਟਰ ਦੀ ਵਿੱਥ ’ਤੇ ਸੀ। ਇਸੇ ਤਰ੍ਹਾਂ ਮਈ 2025 ਵਿੱਚ ਮਜੀਠਾ ਦੇ ਨੇੜੇ-ਤੇੜੇ ਦੇ ਪੰਜ ਪਿੰਡਾਂ ਦੇ 24 ਘਰਾਂ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਸੱਥਰ ਵਿਛੇ। ਦਸ ਵਿਅਕਤੀਆਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਵਾਇਆ ਗਿਆ।

ਹਾਲਾਂਕਿ, ਮਜੀਠਾ ਇਲਾਕੇ ਵਿੱਚ ਜ਼ਹਿਰੀਲੇ ਰਸਾਇਣਕ ਪਦਾਰਥ ਮੀਥੇਨੌਲ ਨਾਲ ਸ਼ਰਾਬ ਤਿਆਰ ਕਰਕੇ ਵੇਚਣ ਦੀ ਚਰਚਾ ਹੈ। ਜ਼ਹਿਰੀਲੀ ਸ਼ਰਾਬ ਸਸਤੀ ਹੋਣ ਕਾਰਨ ਮਜ਼ਦੂਰ ਅਤੇ ਗ਼ਰੀਬ ਤਬਕਾ ਇਸ ਦੀ ਵਰਤੋਂ ਕਰ ਰਿਹਾ ਹੈ। ਦੁਖਾਂਤਕ ਪੱਖ ਇਹ ਹੈ ਕਿ ਨਾਬਾਲਗ ਬੱਚੇ ਜ਼ਹਿਰੀਲੀ ਸ਼ਰਾਬ ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਭਰ ਕੇ ਵੰਡਦੇ ਹਨ। ਸਰਕਾਰ ਦਾ ਮੁੱਢਲਾ ਕੰਮ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨਾ ਹੈ। ਪਹਿਲਾਂ ਹੋਏ ਸ਼ਰਾਬ ਕਾਂਡਾਂ ਵਾਂਗ ਇੱਕ ਹੋਰ ਕਾਂਡ ਲੋਕਾਂ ਦੀ ਬਲੀ ਨਾ ਲੈ ਲਵੇ, ਇਸ ਸਬੰਧੀ ਸਰਕਾਰ ਨੂੰ ਸਖ਼ਤ ਕਦਮ ਚੁੱਕਣ ਦੀ ਲੋੜ ਹੈ।




# ਵਿਦਿਆਰਥੀਆਂ ਨੂੰ ਸਹੀ ਸੇਧ ਦੇਣ ਦੀ ਲੋੜ

## ਚੰਗੇ 'ਰਾਹ ਦਸੇਰੇ' ਬਣਾ ਦਿੰਦੇ ਨੇ ਵਿਦਿਆਰਥੀਆਂ ਦੀ ਚੰਗੀ ਜ਼ਿੰਦਗੀ




ਜਗਮੋਹਨ ਸਿੰਘ 'ਲੱਕੀ'
9463819174

**ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾਈ ਸਬੰਧੀ ਚੰਗੀ ਸੇਧ ਦੇਣ। ਇਸ ਤੋਂ ਇਲਾਵਾ ਸਿੱਖਿਆ ਮਾਹਿਰਾਂ ਨੂੰ ਵੀ ਵਿਦਿਆਰਥੀਆਂ ਨੂੰ ਸੇਧ ਦੇਣ ਵਾਲੇ ਆਰਟੀਕਲ ਅਖ਼ਬਾਰਾਂ ਵਿੱਚ ਲਿਖਣੇ ਚਾਹੀਦੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਵਿਦਿਆਰਥੀਆਂ ਨੂੰ ਸਹੀ ਰਾਹ ਮਿਲੇ ਅਤੇ ਉਹਨਾਂ ਦੇ ਗਿਆਨ ਵਿੱਚ ਵਾਧਾ ਹੋਵੇ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਵਿਦਿਆਰਥੀ ਨੂੰ ਸਹੀ ਰਸਤਾ ਦਿਖਾਉਣ ਅਤੇ ਉਹਨਾਂ ਦਾ ਮਾਰਗ ਦਰਸ਼ਨ ਕਰਨ ਲਈ ਵਿਸ਼ੇਸ਼ ਵਿਭਾਗ ਬਣਾਏ ਅਤੇ ਸਰਕਾਰੀ ਨੀਤੀਆਂ ਨੂੰ ਵਿਦਿਆਰਥੀਆਂ ਦੀ ਭਲਾਈ ਲਈ ਬਣਾਇਆ ਜਾਵੇ।**



ਵਿਦਿਆਰਥੀ ਹਰ ਮੁਲਕ ਦਾ ਰੌਸ਼ਨ ਭਵਿੱਖ ਹੁੰਦੇ ਹਨ। ਇਹਨਾਂ ਵਿਦਿਆਰਥੀਆਂ ਨੇ ਹੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਤੋਂ ਜੱਜ, ਡਾਕਟਰ, ਇੰਜੀਨੀਅਰ, ਬੈਂਕ ਮੈਨੇਜਰ ਅਤੇ ਹੋਰ ਬਹੁਤ ਕੁਝ ਬਣਨਾ ਹੁੰਦਾ ਹੈ। ਵਿਦਿਆਰਥੀ ਜੀਵਨ ਦੌਰਾਨ ਹਰ ਵਿਦਿਆਰਥੀ ਅੱਗੇ ਕਈ ਸਮੱਸਿਆਵਾਂ ਆਉਂਦੀਆਂ ਹਨ। ਖਾਸ ਕਰਕੇ ਦਸਵੀਂ ਤੇ ਬਾਰ੍ਹਵੀਂ ਕਰਨ ਤੋਂ ਬਾਅਦ ਉਹਨਾਂ ਅੱਗੇ ਆਪਣੇ ਅਗਲੀਆਂ ਜਮਾਤਾਂ ਅਤੇ ਵੱਖ ਵੱਖ ਕੋਰਸਾਂ ਵਿੱਚ ਦਾਖ਼ਲੇ ਲੈਣ ਦੀ ਉਲਝਣ ਵੀ ਆਉਂਦੀ ਹੈ। ਅਕਸਰ ਵਿਦਿਆਰਥੀਆਂ ਨੂੰ ਪਤਾ ਨਹੀਂ ਚੱਲਦਾ ਕਿ ਉਹ ਕਿਸੇ ਕੋਰਸ ਜਾਂ ਕਿਸ ਜਮਾਤ ਵਿੱਚ ਦਾਖਲਾ ਲੈਣ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਇਹ ਵੀ ਸਮਝ ਨਹੀਂ ਲੱਗਦੀ ਕਿ ਉਹ ਕਿਸ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖਲਾ ਲੈਣ। ਅਜਿਹੇ ਸਮੇਂ ਵਿਦਿਆਰਥੀਆਂ ਨੂੰ ਕਿਸੇ ਚੰਗੇ 'ਰਾਹ ਦਸੇਰੇ' ਦੀ ਲੋੜ ਹੁੰਦੀ ਹੈ, ਜੋ ਕਿ ਉਹਨਾਂ ਨੂੰ ਸਹੀ ਮਾਰਗ ਅਤੇ ਸਹੀ ਦਿਸ਼ਾ ਦਿਖਾ ਸਕੇ। ਅਕਸਰ ਮਾਪੇ ਆਪਣੀ ਮਰਜ਼ੀ ਬੱਚਿਆਂ 'ਤੇ ਥੋਪਣ ਦਾ ਯਤਨ ਕਰਦੇ ਹਨ ਅਤੇ ਜਿਹੜੇ ਵਿਸ਼ਿਆਂ ਵਿੱਚ ਵਿਦਿਆਰਥੀਆਂ ਦੀ ਰੁਚੀ ਨਹੀਂ ਹੁੰਦੀ, ਉਹਨਾਂ ਵਿਸ਼ਿਆਂ ਦੇ ਕੋਰਸਾਂ ਵਿੱਚ ਆਪਣੇ ਬੱਚਿਆਂ ਨੂੰ ਦਾਖਲ ਕਰਵਾ ਦਿੰਦੇ ਹਨ, ਜਿਸ ਕਾਰਨ ਅਨੇਕਾਂ ਵਿਦਿਆਰਥੀ ਉਹਨਾਂ ਵਿਸ਼ਿਆਂ ਵਿੱਚ ਸਫਲ ਨਹੀਂ ਹੁੰਦੇ। ਵਿਦਿਆਰਥੀਆਂ ਨੂੰ ਹਮੇਸ਼ਾ ਆਪਣੀ ਰੁਚੀ ਅਨੁਸਾਰ ਵਿਸ਼ੇ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਇਸ ਲਈ ਆਪਣੇ ਮਾਪਿਆਂ ਦਾ ਸਹਿਯੋਗ ਲੈਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ।

ਪੰਜਾਬ ਵਿੱਚ ਰਿਵਾਜ ਹੈ ਕਿ ਦਸਵੀਂ ਅਤੇ ਬਾਰ੍ਹਵੀਂ ਕਰਨ ਤੋਂ ਬਾਅਦ ਵੱਡੀ ਗਿਣਤੀ ਵਿਦਿਆਰਥੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਅਕਸਰ ਵਿਦੇਸ਼ ਚਲੇ ਜਾਂਦੇ ਹਨ ਪਰ ਵਿਦੇਸ਼ ਭੇਜਣ ਦੇ ਨਾਂਅ ਹੇਠ ਵੀ ਕਈ ਵਾਰ ਟਰੈਵਲ ਏਜੰਟਾਂ ਵੱਲੋਂ ਵਿਦਿਆਰਥੀਆਂ ਨਾਲ ਧੋਖਾ ਕਰ ਦਿੱਤਾ ਜਾਂਦਾ ਹੈ। ਕਈ ਵਾਰ ਟਰੈਵਲ ਏਜੰਟ ਵਿਦਿਆਰਥੀਆਂ ਨੂੰ ਵਿਦੇਸ਼ਾਂ ਦੇ ਅਜਿਹੇ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਦਾਖਲਾ ਦਿਵਾ ਦਿੰਦੇ ਹਨ, ਜਿਨ੍ਹਾਂ ਨੂੰ ਉਹਨਾਂ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਕੋਈ ਮਾਨਤਾ ਹੀ ਪ੍ਰਾਪਤ ਨਹੀਂ ਹੁੰਦੀ। ਅਜਿਹੇ ਕਈ ਮਾਮਲੇ ਪਿਛਲੇ ਸਮੇਂ ਦੌਰਾਨ ਮੀਡੀਆ ਵਿੱਚ ਆ ਚੁੱਕੇ ਹਨ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਟਰੈਵਲ ਏਜੰਟਾਂ ਵੱਲੋਂ ਅਜਿਹੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਦਿਵਾ ਕੇ ਵਿਦੇਸ਼ ਭੇਜ ਦਿੱਤਾ ਗਿਆ, ਜਿਨ੍ਹਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਕੋਈ ਹੋਂਦ ਹੀ ਨਹੀਂ ਸੀ। ਪੰਜਾਬ ਵਿੱਚ ਵੀ ਅਜਿਹੇ ਕਈ ਕਾਲਜ ਸਰਗਰਮ ਹਨ, ਜਿਨ੍ਹਾਂ ਨੂੰ ਸਰਕਾਰ ਤੋਂ ਯੋਗ ਮਾਨਤਾ ਪ੍ਰਾਪਤ ਨਹੀਂ ਹੈ। ਇਹ ਕਾਲਜ ਸਿਰਫ਼ ਪੈਸੇ ਕਮਾਉਣ ਲਈ ਵਿਦਿਆਰਥੀਆਂ ਨੂੰ ਦਾਖ਼ਲੇ ਦੇ ਦਿੰਦੇ ਹਨ ਅਤੇ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ ਲੈਂਦੇ ਹਨ ਪਰ ਜਦੋਂ ਵਿਦਿਆਰਥੀਆਂ ਦੇ ਸਾਲਾਨਾ ਪੇਪਰ ਆਉਂਦੇ ਹਨ ਤਾਂ ਉਹਨਾਂ ਵਿਦਿਆਰਥੀਆਂ ਨੂੰ ਇਹ ਸੁਣ ਕੇ ਧੱਕਾ ਲੱਗਦਾ ਹੈ ਕਿ ਜਿਸ ਕਾਲਜ ਵਿੱਚ ਉਹ ਪੜ੍ਹਾਈ ਕਰ ਰਹੇ ਹਨ, ਉਸ ਕਾਲਜ ਨੂੰ ਤਾਂ ਸਰਕਾਰ ਵੱਲੋਂ ਲੋੜੀਂਦੀ ਜ਼ਰੂਰੀ ਮਾਨਤਾ ਹੀ ਨਹੀਂ ਦਿੱਤੀ ਗਈ। ਜਿਸ ਕਰਕੇ ਅਜਿਹੇ ਵਿਦਿਆਰਥੀ ਜਾਂ ਤਾਂ ਸਾਲਾਨਾ ਪ੍ਰੀਖਿਆ ਦੇਣ ਤੋਂ ਵਾਂਝੇ ਰਹਿ ਜਾਂਦੇ ਹਨ ਜਾਂ ਫਿਰ ਉਹਨਾਂ ਨੂੰ ਪ੍ਰਾਈਵੇਟ ਵਿਦਿਆਰਥੀਆਂ ਦੇ ਤੌਰ 'ਤੇ ਪ੍ਰੀਖਿਆ ਦੇਣੀ ਪੈਂਦੀ ਹੈ। ਇਸ ਤਰ੍ਹਾਂ ਵਿਦਿਆਰਥੀਆਂ ਦਾ ਕੀਮਤੀ ਇੱਕ ਸਾਲ ਅਤੇ ਕਾਫ਼ੀ ਸਮਾਂ ਬਰਬਾਦ ਹੋ ਜਾਂਦਾ ਹੈ।



ਕੁਝ ਚੁਸਤ ਚਲਾਕ ਅਤੇ ਲਾਲਚੀ ਲੋਕਾਂ ਨੇ ਆਪਣੀਆਂ ਛੋਟੀਆਂ ਜਿਹੀਆਂ ਦੁਕਾਨਾਂ ਵਿੱਚ ਵੀ ਤਕਨੀਕੀ ਕਾਲਜ ਖੋਲ੍ਹੇ ਹੋਏ ਹਨ, ਜਿਨ੍ਹਾਂ ਲਈ ਸਰਕਾਰ ਤੋਂ ਜਾਂ ਸਬੰਧਿਤ ਵਿਭਾਗ ਤੋਂ ਕੋਈ ਮਾਨਤਾ ਨਹੀਂ ਲਈ ਹੁੰਦੀ ਨਾ ਹੀ ਇਹ ਕਾਲਜ ਸਰਕਾਰ ਕੋਲ ਰਜਿਸਟਰਡ ਹੁੰਦੇ ਹਨ। ਇਸ ਦੇ ਬਾਵਜੂਦ ਇਹ ਦੁਕਾਨ ਨੁਮਾ ਤਕਨੀਕੀ ਕਾਲਜ ਵਿਦਿਆਰਥੀਆਂ ਨੂੰ ਟੀ.ਵੀ. ਕੋਰਸ, ਕੰਪਿਊਟਰ ਕੋਰਸ ਕਰਵਾਉਣ ਦਾ ਦਾਅਵਾ ਕਰਦੇ ਹਨ ਪਰ ਜਦੋਂ ਵਿਦਿਆਰਥੀ ਇੱਕ ਸਾਲ ਦਾ ਕੋਰਸ ਕਰਨ ਤੋਂ ਬਾਅਦ ਸਰਟੀਫਿਕੇਟ ਮੰਗਦੇ ਹਨ ਤਾਂ ਉਹਨਾਂ ਨੂੰ ਕੋਈ ਸਰਟੀਫਿਕੇਟ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਜਾਂਦਾ ਹੈ ਜਾਂ ਫਿਰ ਜਾਅਲੀ ਸਰਟੀਫਿਕੇਟ ਦੇ ਦਿੱਤੇ ਜਾਂਦੇ ਹਨ। ਅਜਿਹੇ ਸਰਟੀਫਿਕੇਟ ਵਿਦਿਆਰਥੀਆਂ ਦੇ ਕਿਸੇ ਕੰਮ ਨਹੀਂ ਹੁੰਦੇ। ਅਜਿਹੇ ਕਾਲਜਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਆਪਣਾ ਕੀਮਤੀ ਇੱਕ ਸਾਲ ਦਾ ਸਮਾਂ ਅਤੇ ਪੈਸਾ ਬਰਬਾਦ ਹੋਣ ਕਾਰਨ ਪਛਤਾਉਂਦੇ ਰਹਿੰਦੇ ਹਨ। ਇਸੇ



ਲਈ ਸਿਆਣੇ ਕਹਿੰਦੇ ਹਨ ਕਿ ਕਿਸੇ ਵੀ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਸਮੇਂ ਉਸ ਦੀ ਪੂਰੀ ਜਾਂਚ ਪੜਤਾਲ ਕਰ ਲੈਣੀ ਚਾਹੀਦੀ ਹੈ। ਸਰਕਾਰ ਵੱਲੋਂ ਇੰਟਰਨੈਟ 'ਤੇ ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਸੂਚੀ ਪਾਈ ਹੁੰਦੀ ਹੈ, ਉਥੋਂ ਵੀ ਇਹਨਾਂ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ।

ਅੱਜ ਦੇ ਸਮੇਂ ਵਿੱਚ ਅਜਿਹੇ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ ਹਨ ਜੋ ਕਿ ਵਿਦੇਸ਼ ਨਾ ਜਾ ਕੇ ਪੰਜਾਬ ਵਿੱਚ ਹੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਹ ਵਿਦਿਆਰਥੀ ਆਪਣੀ ਉਚੇਰੀ ਪੜ੍ਹਾਈ ਦੇ ਨਾਲ ਨਾਲ ਕਿਸੇ ਨਾ ਕਿਸੇ ਕੰਪਨੀ ਜਾਂ ਪ੍ਰਾਈਵੇਟ ਦਫ਼ਤਰਾਂ ਵਿੱਚ ਪਾਰਟ ਟਾਈਮ ਭਾਵ ਕੁਝ ਘੰਟੇ ਕੰਮ ਵੀ ਕਰਦੇ ਹਨ ਅਤੇ ਆਪਣੀ ਪੜ੍ਹਾਈ ਦਾ ਖਰਚਾ ਕੱਢ ਲੈਂਦੇ ਹਨ। ਇਸ ਤਰ੍ਹਾਂ ਕੰਮ ਕਰਨ ਨਾਲ ਵਿਦਿਆਰਥੀਆਂ ਨੂੰ ਆਮਦਨੀ ਵੀ ਹੋ ਜਾਂਦੀ ਹੈ ਅਤੇ ਕੀਤੇ ਜਾ ਰਹੇ ਕੰਮ ਦਾ ਤਜਰਬਾ ਵੀ ਹੋ ਜਾਂਦਾ ਹੈ, ਜੋ ਕਿ ਉਹਨਾਂ ਦੇ ਅਗਲੀ ਚੰਗੀ ਨੌਕਰੀ ਲੈਣ ਵਿੱਚ ਬਹੁਤ ਕੰਮ ਆਉਂਦਾ ਹੈ। ਦੂਜੇ ਪਾਸੇ ਕੰਪਨੀਆਂ ਅਤੇ ਪ੍ਰਾਈਵੇਟ ਦਫ਼ਤਰਾਂ ਵਾਲਿਆਂ ਨੂੰ ਵੀ ਵਿਦਿਆਰਥੀਆਂ ਦੇ ਰੂਪ ਵਿੱਚ ਪੜ੍ਹੇ ਲਿਖੇ ਨੌਜਵਾਨ ਮੁਲਾਜ਼ਮ ਮਿਲ ਜਾਂਦੇ ਹਨ ਜੋ ਕਿ ਘੱਟ ਤਨਖਾਹ ਵਿੱਚ ਪੂਰੀ ਤਨਦੇਹੀ ਨਾਲ ਕੰਮ ਕਰਦੇ ਹਨ। ਇਸੇ ਕਰਕੇ ਅਨੇਕਾਂ ਕੰਪਨੀਆਂ ਅਤੇ ਪ੍ਰਾਈਵੇਟ ਦਫ਼ਤਰਾਂ ਵਿੱਚ ਵਿਦਿਆਰਥੀਆਂ ਨੂੰ ਕੰਮ 'ਤੇ ਰੱਖਣ ਦੀ ਪਹਿਲ ਦਿੱਤੀ ਜਾਂਦੀ ਹੈ।






ਅਸ਼ਵਨੀ ਕੁਮਾਰ
ਸੀਨੀਅਰ ਐਡਵੋਕੇਟ, ਸੁਪਰੀਮ ਕੋਰਟ ਲੇਖਕ ਅਤੇ ਸਾਬਕਾ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ

# ਮਨੁੱਖੀ ਸਰਗਰਮੀਆਂ ਬਨਾਮ ਏ. ਆਈ.

ਮਨੁੱਖੀ ਇਤਿਹਾਸ ਦੇ ਸਿਖਰਲੇ ਦੌਰ ਵਿੱਚ ਮਸਨੂਈ ਬੁੱਧੀ (ਏ. ਆਈ.) ਦੀ ਕ੍ਰਾਂਤੀ ਇੱਕ ਅਜਿਹੇ ਪਰਿਵਰਤਨਕਾਰੀ ਮੋੜ ਵਜੋਂ ਉੱਭਰੀ ਹੈ, ਜਿਸ ਨੇ ਮਨੁੱਖਤਾ ਦੀ ਸੇਵਾ ਵਿੱਚ ਵਿਗਿਆਨ ਅਤੇ ਨਵੀਨਤਾ ਦੀਆਂ ਅਸੀਮ ਸੰਭਾਵਨਾਵਾਂ ਨੂੰ ਆਪਣੇ ਕਲਾਵੇ ਵਿੱਚ ਲਿਆ ਹੈ। ਮਨੁੱਖੀ ਸਰਗਰਮੀਆਂ ਦੇ ਹਰ ਖੇਤਰ ਵਿੱਚ ਏ ਆਈ ਦੀਆਂ ਬੇਅੰਤ ਸੰਭਾਵਨਾਵਾਂ ਅਤੇ ਸਾਡੇ ਦੌਰ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਇਸ ਦੀ ਸਮਰੱਥਾ ਮਨੁੱਖ ਜਾਤੀ ਦੀ ਸਮੂਹਿਕ ਸੂਝ-ਬੂਝ ਦੀ ਇੱਕ ਵੱਡੀ ਮਿਸਾਲ ਹੈ। ਇਹ ਵਿਕਾਸ ਮਨੁੱਖੀ ਪ੍ਰਾਪਤੀਆਂ ਦੇ ਉਸ ਦਾਅਵੇ ਨੂੰ ਸੱਚ ਸਾਬਿਤ ਕਰਦਾ ਹੈ, ਜਿਸ 'ਤੇ 'ਦੇਵਤੇ ਵੀ ਰਸ਼ਕ ਕਰ ਸਕਦੇ ਹਨ'।

ਉਕਤਾ ਦੇਣ ਵਾਲੇ ਰੋਜ਼ਾਨਾ ਦੇ ਕੰਮਾਂ ਨੂੰ ਸਵੈ-ਚਾਲਿਤ ਕਰਕੇ ਮਨੁੱਖ ਲਈ ਵਿਹਲਾ ਸਮਾਂ ਕੱਢਣਾ, ਜ਼ਰੂਰੀ ਸੇਵਾਵਾਂ ਤੱਕ ਆਮ ਲੋਕਾਂ ਦੀ ਪਹੁੰਚ ਵਧਾਉਣਾ ਅਤੇ ਚਿਕਿਤਸਾ ਦੇ ਖੇਤਰ ਵਿੱਚ ਨਵੀਆਂ ਖੋਜਾਂ ਕਰਨਾ ਇਸ ਦੀਆਂ ਪ੍ਰਮੁੱਖ ਪ੍ਰਾਪਤੀਆਂ ਹਨ। ਇਸ ਤੋਂ ਇਲਾਵਾ ਲੰਮੀ ਉਮਰ ਤੇ ਬਿਹਤਰ ਸਿਹਤ ਸੰਭਾਲ ਯਕੀਨੀ ਬਣਾਉਣਾ (ਜਿਸ ਵਿੱਚ ਕੈਂਸਰ ਦੀ ਸਕ੍ਰੀਨਿੰਗ ਅਤੇ ਜਾਨਲੇਵਾ ਬਿਮਾਰੀਆਂ ਦੀ ਪੇਸ਼ੀਨਗੋਈ ਸ਼ਾਮਿਲ ਹੈ), ਬਿਮਾਰਾਂ ਦੀ ਰੋਬੋਟਿਕ ਦੇਖਭਾਲ, ਹਾਸ਼ੀਏ 'ਤੇ ਧੱਕੇ ਲੋਕਾਂ ਤੱਕ ਆਰਥਿਕ ਸਹਾਇਤਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣਾ, ਸਿੱਖਿਆ ਤੇ ਗਿਆਨ ਦਾ ਹਰ ਕਿਸੇ ਲਈ ਪਸਾਰ ਕਰਨਾ ਅਤੇ ਕੁਦਰਤੀ ਆਫ਼ਤਾਂ ਦੇ ਪ੍ਰਬੰਧਨ ਤੇ ਮੌਸਮ ਦੀ ਭਵਿੱਖਬਾਣੀ ਸਮੇਤ ਵਾਤਾਵਰਣ ਦੀ ਸਥਿਰਤਾ ਵਿੱਚ ਵੱਡਾ ਯੋਗਦਾਨ ਪਾਉਣਾ- ਇਹ ਸਭ ਏ ਆਈ ਵੱਲੋਂ ਸਰਬ-ਵਿਆਪੀ ਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਵਿਕਾਸ ਦੇ ਏਜੰਡੇ ਵਿੱਚ ਪਾਏ ਗਏ ਬੇਮਿਸਾਲ ਯੋਗਦਾਨ ਦੀਆਂ ਉਦਾਹਰਣਾਂ ਹਨ।

ਇਸ ਦੇ ਬਾਵਜੂਦ ਮਨੁੱਖੀ ਸਮਾਜ ਅਤੇ ਮਸਨੂਈ ਬੁੱਧੀ ਦੇ ਭਵਿੱਖ ਬਾਰੇ ਦਾਰਸ਼ਨਿਕਾਂ, ਚਿੰਤਕਾਂ, ਵਿਗਿਆਨੀਆਂ, ਸਿਆਸਤਦਾਨਾਂ ਅਤੇ ਟੈਕਨਾਲੋਜੀ ਦੇ ਮਾਹਿਰਾਂ ਵਿਚਕਾਰ ਬੇਹੱਦ ਗੰਭੀਰ ਬਹਿਸ ਛਿੜੀ ਹੋਈ ਹੈ। ਇਨ੍ਹਾਂ ਵਿੱਚੋਂ ਕੁਝ ਨੇ ਤਾਂ ਏ ਆਈ ਦੇ ਅਗਲੇ ਵਿਕਾਸ ਅਤੇ ਇਸ ਦੀ ਵਰਤੋਂ 'ਤੇ ਕੁਝ ਸਮੇਂ ਲਈ ਰੋਕ ਲਗਾਉਣ ਦੀ ਵਕਾਲਤ ਵੀ ਕੀਤੀ ਹੈ ਤਾਂ ਜੋ ਇਹ ਮਨੁੱਖਤਾ ਦੇ ਸਾਡੇ ਮੂਲ ਸੰਕਲਪ ਨੂੰ ਹੀ ਆਪਣਾ ਨਾ ਦੱਸ ਦੇਵੇ। ਏ ਆਈ ਦੇ ਸਮਰਥਕਾਂ ਵੱਲੋਂ ਵਸਤਾਂ ਅਤੇ ਸੇਵਾਵਾਂ ਦੀ ਅਥਾਹ ਭਰਮਾਰ ਦੇ ਕੀਤੇ ਜਾ ਰਹੇ ਦਾਅਵਿਆਂ ਅਤੇ ਨਿਯਮਾਂ ਰਾਹੀਂ ਵਿਗਿਆਨਕ ਤਰੱਕੀ ਨੂੰ ਮੱਠਾ ਕਰਨ ਦੇ ਖ਼ਿਲਾਫ਼ ਦਿੱਤੀਆਂ ਜਾ ਰਹੀਆਂ ਦਲੀਲਾਂ ਦੇ ਨਾਲ-ਨਾਲ ਉਨ੍ਹਾਂ ਅਹਿਮ ਸਵਾਲਾਂ ਦਾ ਸਾਹਮਣਾ ਕਰਨਾ ਵੀ ਬੇਹੱਦ ਜ਼ਰੂਰੀ ਹੈ ਜੋ ਮਨੁੱਖੀ ਹਿੱਤਾਂ ਅਤੇ ਸਦੀਆਂ ਦੇ ਸੱਭਿਆਚਾਰਕ ਵਿਕਾਸ ਰਾਹੀਂ ਸਾਡੇ ਅੰਦਰ ਰਚੀਆਂ-ਵਸੀਆਂ ਭਾਵਨਾਵਾਂ ਦੀ ਰੱਖਿਆ ਲਈ ਨੈਤਿਕ ਸੀਮਾਵਾਂ ਤੈਅ ਕਰਨ ਦੀ ਮੰਗ ਕਰਦੇ ਹਨ।




ਇਹ ਸਵਾਲ ਕਿ ਅਸੀਂ ਕੌਣ ਹਾਂ ਅਤੇ ਕੀ ਅਸੀਂ ਮਨੁੱਖਤਾ ਦੇ ਇੱਕ ਅਜਿਹੇ ਨਵੇਂ ਬਿਰਤਾਂਤ ਲਈ ਤਿਆਰ ਹਾਂ, ਜਿੱਥੇ ਕਾਰਜਸ਼ੀਲ ਕੁਸ਼ਲਤਾਵਾਂ ਅਤੇ ਦਰਸਾਈ ਗਈ ਪਦਾਰਥਕ ਭਰਮਾਰ ਮਨੁੱਖੀ ਰੂਹ ਦੀ ਤੜਫ਼ ਅਤੇ ਜਜ਼ਬਾਤ ਦੇ ਗੌਰਵ ਉੱਤੇ ਹਾਵੀ ਹੋ ਜਾਵੇਗੀ? ਇਹ ਇੱਕ ਅਜਿਹਾ ਅਟੱਲ ਅਤੇ ਵੱਡਾ ਸਵਾਲ ਹੈ, ਜਿਸ ਨੇ ਤਕਨੀਕੀ ਚਮਤਕਾਰਾਂ ਦੇ ਭਰਮਾਉਣ ਵਾਲੇ ਪ੍ਰਭਾਵ ਅੱਗੇ ਗੋਡੇ ਨਹੀਂ ਟੇਕੇ। ਇਹ ਸਵਾਲ ਇਸ ਲਈ ਵੀ ਬੇਹੱਦ ਅਹਿਮ ਹੋ ਜਾਂਦਾ ਹੈ ਕਿਉਂਕਿ ਏ ਆਈ ਮਨੁੱਖੀ ਜਜ਼ਬਾਤ ਅਤੇ ਅੰਤਰ-ਗਿਆਨ ਨੂੰ ਸਮਝਣ ਸਮੇਤ ਸਾਡੀਆਂ ਬੌਧਿਕ ਸਮਰੱਥਾਵਾਂ ਦੀ ਨਕਲ ਕਰਨ ਅਤੇ ਇੱਥੋਂ ਤੱਕ ਕਿ ਉਨ੍ਹਾਂ ਨੂੰ ਪਛਾੜਨ ਦੇ ਵੀ ਸਮਰੱਥ ਹੈ।

ਕੀ ਅਸੀਂ ਇੱਕ ਅਜਿਹੀ ਬੇਅੰਤ ਤਕਨੀਕੀ ਉਥਲ-ਪੁਥਲ ਅਤੇ ਮਾਨਸਿਕ ਤਣਾਅ ਦੀ ਵਿਸ਼ਵ-ਵਿਆਪੀ ਮਹਾਮਾਰੀ ਲਈ ਤਿਆਰ ਹਾਂ, ਜੋ ਰੁਜ਼ਗਾਰ ਦੇ ਬਾਜ਼ਾਰ ਵਿੱਚ ਲੰਮੇ ਸਮੇਂ ਦੀ ਅਸਥਿਰਤਾ ਅਤੇ ਤਕਨੀਕੀ ਤਬਦੀਲੀਆਂ ਦੇ ਪ੍ਰਭਾਵਾਂ ਨਾਲ ਨਜਿੱਠਣ ਦੀ ਅਸਮਰੱਥਾ ਕਾਰਨ ਪੈਦਾ ਹੋਣ ਵਾਲੀ ਲੱਖਾਂ ਲੋਕਾਂ ਦੀ ਸੰਭਾਵੀ 'ਬੇਕਾਰ ਜਮਾਤ' ਕਰਕੇ ਪੈਦਾ ਹੋਵੇਗੀ? ਕੀ ਸਾਡੇ ਕੋਲ ਵਿਅਕਤੀ ਦੇ ਸਵੈ-ਮਾਣ ਦੀ ਰੱਖਿਆ ਕਰਨ ਅਤੇ ਹਰੇਕ ਲਈ ਅਪਣੱਤ ਤੇ ਮਾਨਸਿਕ ਤੰਦਰੁਸਤੀ ਵਾਲਾ ਜੀਵਨ ਯਕੀਨੀ ਬਣਾਉਣ ਲਈ ਕੋਈ ਨਵੇਂ ਸਮਾਜਿਕ ਅਤੇ ਆਰਥਿਕ ਮਾਡਲ ਹਨ? ਇਹ ਵੱਡੇ ਦਾਰਸ਼ਨਿਕ ਸਵਾਲ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਤੋਂ ਉਪਜਦੇ ਹਨ, ਜਿਸ ਦੀ ਬੁਨਿਆਦ ਮਨੁੱਖ ਹੋਣ ਦੇ ਮਾਣ ਵਜੋਂ ਧਾਰਨ ਕੀਤੀਆਂ ਕਦਰਾਂ-ਕੀਮਤਾਂ 'ਤੇ ਟਿਕੀ ਹੋਈ ਹੈ। ਸਪੱਸ਼ਟ ਹੈ ਕਿ ਜਦੋਂ ਏ ਆਈ ਦੇ ਕੱਟੜ ਸਮਰਥਕ ਵੀ 'ਅਜਿਹਾ ਜਿੰਨ ਬੋਤਲ 'ਚੋਂ ਕੱਢਣ, ਜਿਹੜਾ ਮੁੜ ਕਾਬੂ ਨਾ ਆਵੇ' ਦੇ ਖ਼ਤਰੇ ਪ੍ਰਤੀ ਸੁਚੇਤ ਕਰ ਰਹੇ ਹਨ ਤਾਂ ਸਾਨੂੰ ਇਸ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਫੌਰੀ ਲੋੜ ਹੈ ਕਿ ਮਨੁੱਖੀ ਮਨ ਦੇ ਉਸ ਅਦਿੱਖ ਸੰਸਾਰ ਨੂੰ ਕਿਵੇਂ ਬਚਾਇਆ ਜਾਵੇ ਜਿੱਥੋਂ ਜਜ਼ਬਾਤ ਪੈਦਾ ਹੁੰਦੇ ਹਨ, ਪ੍ਰੇਰਨਾ ਦਾ ਪ੍ਰਵਾਹ ਚੱਲਦਾ ਹੈ ਅਤੇ ਸਾਡੀਆਂ ਇੱਛਾਵਾਂ ਧੜਕਦੀਆਂ ਹਨ, ਭਾਵ ਮਨੁੱਖੀ ਰੂਹ ਦਾ ਉਹ ਆਤਮ-ਨਿਰਭਰ ਹਿੱਸਾ ਜੋ ਲਾਜ਼ਮੀ ਤੌਰ 'ਤੇ ਸਾਨੂੰ ਉਹ ਬਣਾਉਂਦਾ ਹੈ ਜੋ ਅਸੀਂ ਹਾਂ।

ਡੇਟਾ ਦੀ ਨਿੱਜਤਾ ਵਿੱਚ ਸੰਨ੍ਹ, ਝੂਠੀਆਂ ਖ਼ਬਰਾਂ ਤੇ ਗੁੰਮਰਾਹਕੁਨ ਪ੍ਰਚਾਰ ਦਾ ਹੜ੍ਹ, ਚੋਣਾਂ ਵਿੱਚ ਹੇਰਾਫੇਰੀ, ਅਤਿ-ਆਧੁਨਿਕ ਹਥਿਆਰ ਪ੍ਰਣਾਲੀਆਂ ਦੇ ਬੇਕਾਬੂ ਹੋਣ ਦਾ ਖ਼ਦਸ਼ਾ, ਏ ਆਈ ਰਾਹੀਂ ਚਲਾਏ ਜਾਣ ਵਾਲੇ ਸਾਈਬਰ ਠੱਗੀ ਦੇ ਹਮਲੇ ਅਤੇ ਵਧ ਰਹੀ ਨਿਗਰਾਨੀ ਤੇ ਸੈਂਸਰਸ਼ਿਪ ਕੁਝ ਅਜਿਹੇ ਡਰਾਉਣੇ ਸੰਕੇਤ ਹਨ, ਜੋ ਕਿਸੇ ਪ੍ਰਭਾਵਸ਼ਾਲੀ ਆਲਮੀ ਨਿਯਮ ਤੋਂ ਬਿਨਾਂ ਵੱਡੀ ਸਮਾਜਿਕ ਉਥਲ-ਪੁਥਲ ਦਾ ਕਾਰਨ ਬਣ ਸਕਦੇ ਹਨ। ਵੱਖ-ਵੱਖ ਮੁਲਕਾਂ ਦੀ ਡਿਜੀਟਲ ਖ਼ੁਦਮੁਖਤਿਆਰੀ ਨੂੰ ਬਚਾਉਣਾ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ ਕਿਉਂਕਿ ਡੇਟਾ ਦਾ ਨਿਯੰਤਰਣ ਸਿੱਧੇ ਤੌਰ 'ਤੇ ਰਾਸ਼ਟਰੀ ਸੁਰੱਖਿਆ ਅਤੇ ਮੁਲਕਾਂ ਦੀ ਰਣਨੀਤਕ ਖ਼ੁਦਮੁਖਤਿਆਰੀ ਨਾਲ ਜੁੜਿਆ ਹੋਇਆ ਹੈ। ਇੱਕ ਅਜਿਹਾ ਆਲਮੀ ਰੈਗੂਲੇਟਰੀ ਢਾਂਚਾ, ਜੋ ਰਾਸ਼ਟਰੀ ਪ੍ਰਭੂਸੱਤਾ ਦਾ ਸਤਿਕਾਰ ਕਰਦਾ ਹੋਵੇ ਅਤੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਗਾਰੰਟੀ ਦਿੰਦਾ ਹੋਵੇ, ਨੂੰ ਹੁਣ ਬਹੁਤਾ ਸਮਾਂ ਟਾਲਿਆ ਨਹੀਂ ਜਾ ਸਕਦਾ।

ਏ ਆਈ ਦੀ ਇਸ ਦੁਨੀਆ (ਜੋ ਮਨੁੱਖਤਾ ਦੇ ਮੂਲ ਸਿਧਾਂਤਾਂ ਨੂੰ ਮੁੜ ਲਿਖਣ ਦੀ ਸਮਰੱਥਾ ਰੱਖਦੀ ਹੈ) ਨੂੰ ਇੱਕ ਅਜਿਹੀ ਨੈਤਿਕ ਦ੍ਰਿਸ਼ਟੀ ਦੀ ਲੋੜ ਹੈ, ਜੋ ਤਕਨੀਕੀ ਤਰੱਕੀ ਦਾ ਇੱਕ ਨੇਕੀ ਭਰਪੂਰ ਅਤੇ ਖ਼ੁਸ਼ਹਾਲ ਸਮਾਜ ਦੀਆਂ ਬੁਨਿਆਦੀ ਸ਼ਰਤਾਂ ਨਾਲ ਸੁਮੇਲ ਬਣਾ ਸਕੇ। ਟੈਰੀ ਈਗਲਟਨ ਵੱਲੋਂ ਅੰਨ੍ਹੇ ਆਤਮ-ਵਿਸ਼ਵਾਸ ਦੇ ਭਰਮਾਉਣ ਵਾਲੇ ਪ੍ਰਭਾਵ ਪ੍ਰਤੀ ਦਿੱਤੀ ਗਈ ਚਿਤਾਵਨੀ ਬੇਹੱਦ ਪ੍ਰਭਾਵਸ਼ਾਲੀ ਹੈ: 'ਹੱਦੋਂ ਵੱਧ ਆਤਮ-ਵਿਸ਼ਵਾਸ ਆਪਣੇ ਨਾਲ ਭਿਆਨਕ ਤਬਾਹੀ ਲੈ ਕੇ ਆਉਂਦਾ ਹੈ, ਜਿਸ ਨੂੰ ਦੇਖ ਕੇ ਪ੍ਰਾਚੀਨ ਯੂਨਾਨੀ ਵੀ ਕੰਬ ਉੱਠਦੇ ਸਨ ਅਤੇ ਡਰ ਦੇ ਮਾਰੇ ਆਸਮਾਨ ਵੱਲ ਦੇਖਣ ਲੱਗ ਜਾਂਦੇ ਸਨ।' ਸਪੇਨ ਦੇ ਦਾਰਸ਼ਨਿਕ ਹੋਸੇ ਓਰਟੇਗਾ ਵਾਈ ਗੈਸੇਟ ਨੇ ਸਾਨੂੰ ਯਾਦ ਦਿਵਾਇਆ ਸੀ ਕਿ 'ਅਸੀਂ ਇੱਕ ਅਜਿਹੇ ਦੌਰ ਵਿੱਚ ਜਿਊਂ ਰਹੇ ਹਾਂ ਜਿੱਥੇ ਮਨੁੱਖ ਆਪਣੇ ਆਪ ਨੂੰ ਸਿਰਜਣਾ ਦੇ ਬੇਅੰਤ ਯੋਗ ਸਮਝਦਾ ਹੈ, ਪਰ ਉਹ ਇਹ ਨਹੀਂ ਜਾਣਦਾ ਕਿ ਸਿਰਜਣਾ ਕਿਸ ਚੀਜ਼ ਦੀ ਕਰਨੀ ਹੈ। ਉਹ ਹਰ ਚੀਜ਼ ਦਾ ਮਾਲਕ ਤਾਂ ਹੈ, ਪਰ ਆਪਣੇ ਆਪ ਦਾ ਮਾਲਕ ਨਹੀਂ। ਉਹ ਆਪਣੀ ਹੀ ਪੈਦਾ ਕੀਤੀ ਅਥਾਹ ਭਰਮਾਰ ਦੇ ਵਿਚਕਾਰ ਗੁਆਚਿਆ ਹੋਇਆ ਮਹਿਸੂਸ ਕਰਦਾ ਹੈ। ਪਹਿਲਾਂ ਨਾਲੋਂ ਕਿਤੇ ਵੱਧ ਸਾਧਨਾਂ, ਵਧੇਰੇ ਗਿਆਨ ਅਤੇ ਵਧੇਰੇ ਤਕਨੀਕ ਦੇ ਹੁੰਦੇ ਹੋਏ ਵੀ ਅੱਜ ਦੀ ਦੁਨੀਆ ਉਸੇ ਰਾਹ ਪੈ ਗਈ ਹੈ, ਜੋ ਇਤਿਹਾਸ ਦੇ ਸਭ ਤੋਂ ਮਾੜੇ ਦੌਰ ਸਨ; ਇਹ ਦੁਨੀਆ ਸਿਰਫ਼ ਵਹਿ ਰਹੀ ਹੈ।'

ਪੋਪ ਲਿਓ ਦਾ 'ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ਮਨੁੱਖੀ ਹੋਂਦ ਦੀ ਰੱਖਿਆ' ਬਾਰੇ ਜਾਰੀ ਕੀਤਾ ਗਿਆ ਵਿਸ਼ੇਸ਼ ਪੱਤਰ ਏ ਆਈ ਨਾਲ ਜੁੜੀਆਂ ਮਨੁੱਖਤਾਵਾਦੀ ਦੁਬਿਧਾਵਾਂ 'ਤੇ ਚੱਲ ਰਹੀ ਨੈਤਿਕ ਬਹਿਸ ਨੂੰ ਇੱਕ ਫੈਸਲਾਕੁਨ ਮੋੜ ਦਿੰਦਾ ਹੈ। ਇਹ ਪ੍ਰਵਾਨ ਕਰਦੇ ਹੋਏ ਕਿ ਤਕਨਾਲੋਜੀ ਮਨੁੱਖਤਾ ਦੀ ਵਿਰੋਧੀ ਨਹੀਂ ਹੈ, ਪੋਪ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਮਸਨੂਈ ਬੁੱਧੀ ਦੇ ਇਸ ਯੁੱਗ ਵਿੱਚ ਜਦੋਂ ਨਵੇਂ ਰੂਪਾਂ ਰਾਹੀਂ ਮਨੁੱਖੀ ਗੌਰਵ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ, ਉਦੋਂ ਸਾਡਾ ਸਭ ਤੋਂ ਵੱਡਾ ਫ਼ਰਜ਼ ਪੂਰੀ ਤਰ੍ਹਾਂ ਮਨੁੱਖ ਬਣੇ ਰਹਿਣਾ ਹੈ।

ਮਨੁੱਖੀ ਸਨਮਾਨ 'ਤੇ ਆਧਾਰਿਤ ਨੈਤਿਕ ਮਾਪਦੰਡਾਂ ਦੀ ਵਕਾਲਤ ਕਰਦਿਆਂ ਪੋਪ ਨੇ ਸਵੈ-ਮਾਣ ਦੇ ਭਰਮ ਅਤੇ ਅਜਿਹੀ ਤਰੱਕੀ ਵਿਰੁੱਧ ਖ਼ਬਰਦਾਰ ਕੀਤਾ ਹੈ ਜੋ ਸਮਾਜਿਕ ਪਾੜਾ ਵਧਾਉਂਦੀਹੈ ਅਤੇ ਲੋਕਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਉਣ ਤੋਂ ਅਸਮਰੱਥ ਹੈ।

(ਬਾਕੀ ਸਫ਼ਾ 27 'ਤੇ)

# ਰੀਅਲ ਅਸਟੇਟ ਘਪਲੇ, ਰਿਸ਼ਵਤਖੋਰੀ ਅਤੇ ਕਾਲੇ ਧਨ ਦਾ ਨਿਵੇਸ਼



ਡਾ. ਸੁੱਚਾ ਸਿੰਘ ਗਿੱਲ

ਦੇਸ਼ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰੋਜੈਕਟਾਂ 'ਤੇ ਸਰਕਾਰਾਂ ਕਾਫ਼ੀ ਜ਼ੋਰ ਦੇ ਰਹੀਆਂ ਹਨ। ਇਹ ਖੇਤਰ ਸਰਕਾਰਾਂ ਦੀ ਵਿਕਾਸ ਨੀਤੀ ਵਿੱਚ ਤਰਜੀਹ ਪ੍ਰਾਪਤ ਕਰ ਚੁੱਕਾ ਹੈ। ਬੁਨਿਆਦੀ ਢਾਂਚੇ ਦਾ ਵਿਕਾਸ ਦੂਜੇ ਖੇਤਰਾਂ, ਖ਼ਾਸ ਕਰਕੇ ਉਦਯੋਗ ਤੇ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਦੀ ਸਮਰੱਥਾ ਰੱਖਦਾ ਹੈ। ਕਿਸੇ ਵੀ ਇਲਾਕੇ 'ਚ ਆਵਾਜਾਈ ਤੇ ਢੋਆ-ਢੁਆਈ ਦੀਆਂ ਸਹੂਲਤਾਂ 'ਚ ਸੁਧਾਰ, ਬਿਜਲੀ, ਪਾਣੀ ਦੀ ਲੋੜੀਂਦੀ ਸਪਲਾਈ ਅਤੇ ਰਿਹਾਇਸ਼ੀ ਸਹੂਲਤਾਂ ਆਮ ਤੌਰ 'ਤੇ ਪੂੰਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਕ ਹੁੰਦੀਆਂ ਹਨ। ਇਨ੍ਹਾਂ ਕਾਰਨ ਉਤਪਾਦਨ ਲਾਗਤਾਂ 'ਚ ਕਫ਼ਾਇਤ ਹੋਣ ਨਾਲ ਸਰਮਾਏ ਨੂੰ ਲਗਾਉਣਾ ਫ਼ਾਇਦੇਮੰਦ ਹੋ ਜਾਂਦਾ ਹੈ। ਇਹ ਨੁਸਖਾ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ 'ਚ ਮਦਦਗਾਰ ਹੋ ਸਕਦਾ ਹੈ। ਮੌਜੂਦਾ ਸਮੇਂ 'ਚ ਸਰਕਾਰਾਂ ਨੇ ਇਸ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਆਪਣੀ ਜ਼ਿਮੇਵਾਰੀ ਦੇ ਤੌਰ 'ਤੇ ਪ੍ਰਵਾਨ ਕਰ ਲਿਆ ਹੈ। ਇਹ ਆਰਥਿਕ ਵਿਕਾਸ ਲਈ ਜ਼ਰੂਰੀ ਹੈ, ਪਰ ਆਪਣੇ ਆਪ ਵਿੱਚ ਕਾਫ਼ੀ ਨਹੀਂ। ਬੁਨਿਆਦੀ ਢਾਂਚੇ ਦੀ ਪ੍ਰਥਾਮਿਕਤਾ ਨੂੰ ਪ੍ਰਵਾਨ ਕਰਨ ਦਾ ਇੱਕ ਹੋਰ ਵੀ ਕਾਰਨ ਹੈ। ਇਹ ਖੇਤਰ ਪੈਸੇ ਦੀ ਦੌੜ ਵਿੱਚ ਫਸੇ ਲੀਡਰਾਂ, ਅਧਿਕਾਰੀਆਂ ਤੇ ਕਾਰੋਬਾਰੀਆਂ ਦਾ ਪਸੰਦੀਦਾ ਖੇਤਰ ਬਣ ਚੁੱਕਿਆ ਹੈ, ਜਿਸ ਦੀ ਪੁਸ਼ਟੀ ਵੱਖ-ਵੱਖ ਸੂਬਿਆਂ ਤੇ ਇਲਾਕਿਆਂ ਦੀਆਂ ਮੀਡੀਆ ਰਿਪੋਰਟਾਂ ਤੇ ਅਕਾਦਮਿਕ ਖੋਜ ਆਧਾਰਿਤ ਅਧਿਐਨਾਂ ਤੋਂ ਪ੍ਰਾਪਤ ਹੋ ਜਾਂਦੀ ਹੈ। ਮੌਜੂਦਾ ਸਮੇਂ 'ਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ, ਪੰਜਾਬ ਦੇ ਇੱਕ ਮੰਤਰੀ ਸਮੇਤ ਹੋਰ ਅਧਿਕਾਰੀਆਂ ਦੇ ਨਾਂਅ ਰੀਅਲ ਅਸਟੇਟ ਦੇ ਕਾਰੋਬਾਰ 'ਚ ਘਪਲਿਆਂ ਨਾਲ ਜੁੜ ਕੇ ਮੀਡੀਆ ਦੀਆਂ ਸੁਰਖੀਆਂ ਬਣ ਰਹੇ ਹਨ।




ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਖੇਤੀ ਵਾਲੀ ਜ਼ਮੀਨ ਨਾਲ ਅਹਿਮ ਰਿਸ਼ਤਾ ਹੈ। ਕੌਮੀ/ਸੂਬਾ ਸੜਕਾਂ ਬਹੁ-ਲਾਈਨਾਂ ਵਿੱਚ ਵਿਸਥਾਰ, ਰੇਲ ਮਾਰਗਾਂ 'ਚ ਵਾਧਾ, ਪੁਰਾਣੇ ਹਵਾਈ ਅੱਡਿਆਂ ਦਾ ਆਧੁਨਿਕੀਕਰਨ ਅਤੇ ਨਵੇਂ ਅੱਡਿਆਂ ਦੀ ਉਸਾਰੀ, ਬੰਦਰਗਾਹਾਂ ਦਾ ਵਿਸਥਾਰ, ਸ਼ਹਿਰੀ ਇਲਾਕਿਆਂ ਦਾ ਪਸਾਰਾ ਤੇ ਆਧੁਨੀਕੀਕਰਨ ਆਦਿ ਖੇਤੀ ਅਧੀਨ ਜ਼ਮੀਨ ਨੂੰ ਆਪਣੇ ਕਲਾਵੇ 'ਚ ਲੈ ਲੈਂਦੇ ਹਨ। ਇਸ ਨਾਲ ਅਨੇਕਾਂ ਪਿੰਡਾਂ ਦੀ ਹੋਂਦ ਸ਼ਹਿਰਾਂ 'ਚ ਆਉਣ ਕਾਰਨ ਖਤਮ ਹੋ ਜਾਂਦੀ ਹੈ। ਲੱਖਾਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਰੋਜ਼ੀ-ਰੋਟੀ ਖਤਮ ਹੋ ਜਾਂਦੀ ਹੈ। ਵਿਕਾਸ ਦੇ ਇਸ ਦੌਰ ਵਿੱਚ ਖੇਤੀ ਅਧੀਨ ਜ਼ਮੀਨ ਦੀ ਪ੍ਰਾਪਤੀ ਦਾ ਕਾਰਜ ਵੱਡਾ ਮਸਲਾ ਬਣ ਗਿਆ ਹੈ। ਖੇਤੀ ਵਾਲੀ ਜ਼ਮੀਨ ਨੂੰ ਸਰਕਾਰੀ ਏਜੰਸੀਆਂ ਜਾਂ ਉਨ੍ਹਾਂ ਦੀ ਮਦਦ ਨਾਲ ਪ੍ਰਾਈਵੇਟ ਕੰਪਨੀਆਂ ਵਲੋਂ ਪ੍ਰਾਪਤ ਕੀਤਾ ਜਾਂਦਾ ਹੈ। ਕਈ ਵਾਰੀ ਸਿੱਧੇ ਤੌਰ 'ਤੇ ਪ੍ਰਾਈਵੇਟ ਬਿਲਡਰ ਜ਼ਮੀਨਾਂ ਖਰੀਦ ਲੈਂਦੇ ਹਨ। ਇਸ ਦੌਰਾਨ ਸਭ ਤੋਂ ਵੱਡਾ ਮਸਲਾ ਕਿਸਾਨਾਂ ਨੂੰ ਦੇਣ ਵਾਲੇ ਮੁਆਵਜ਼ੇ ਨਾਲ ਜੁੜ ਜਾਂਦਾ ਹੈ। ਕਿਸਾਨਾਂ ਦੀ ਜ਼ਮੀਨ ਦਾ ਮੁੱਲ ਏਕੜਾਂ ਵਿੱਚ ਤੈਅ ਕੀਤਾ ਜਾਂਦਾ ਹੈ। ਜ਼ਮੀਨ ਪ੍ਰਾਪਤੀ ਉਪਰੰਤ ਬਿਲਡਰਾਂ ਵੱਲੋਂ ਲੋੜੀਂਦਾ ਬੁਨਿਆਦੀ ਢਾਂਚਾ ਵਿਕਸਿਤ ਕਰਨ ਮਗਰੋਂ ਜ਼ਮੀਨ ਨੂੰ ਪਲਾਟਾਂ 'ਚ ਵੰਡ ਕੇ ਗਜ਼ਾਂ ਦੇ ਭਾਅ ਨਾਲ ਮਹਿੰਗੇ ਵੇਚਿਆ ਜਾਂਦਾ ਹੈ। ਮੁਆਵਜ਼ਾ ਦੇਣ ਦੇ ਰੇਟ ਤੇ ਪਲਾਟਾਂ ਦੇ ਰੇਟ 'ਚ ਜ਼ਮੀਨ-ਅਸਮਾਨ ਦਾ ਫ਼ਰਕ ਆ ਜਾਂਦਾ ਹੈ। ਨਿਤਿਨ ਜੈਨ ਅਨੁਸਾਰ ਨੋਟੀਫਿਕੇਸ਼ਨ ਤੋਂ ਪਹਿਲਾਂ ਮੁਹਾਲੀ ਨਾਲ ਲਗਦੇ ਪਿੰਡਾਂ ਦੀ ਜ਼ਮੀਨ ਦੀ ਕੀਮਤ 5 ਕਰੋੜ ਰੁਪਏ ਪ੍ਰਤੀ ਏਕੜ ਸੀ ਤੇ ਨੋਟੀਫਿਕੇਸ਼ਨ ਜਾਰੀ ਕਰਨ ਮਗਰੋਂ 8 ਕਰੋੜ ਰੁਪਏ ਪ੍ਰਤੀ ਏਕੜ ਅਤੇ ਲੈਂਡ ਪੂਲਿੰਗ ਨੀਤੀ ਵਿੱਚ ਪਲਾਟ ਵਿਕਸਤ ਕਰਨ ਪਿੱਛੋਂ 16 ਕਰੋੜ ਰੁਪਏ ਪ੍ਰਤੀ ਏਕੜ ਹੋ ਜਾਂਦੀ ਹੈ। ਇੰਝ ਉਹ ਪਲਾਟ ਵਿਕਸਤ ਹੋਣ ਤੱਕ ਕਾਫ਼ੀ ਜ਼ਿਆਦਾ ਮੁਨਾਫ਼ਾ ਕਮਾ ਲੈਂਦੇ ਹਨ। ਇਸ ਦਾ ਲਾਭ ਰੀਅਲ ਅਸਟੇਟ ਡੀਲਰਾਂ, ਪ੍ਰਵਾਨਗੀ ਦੇਣ ਵਾਲੇ ਅਫਸਰਾਂ ਤੇ ਹਾਕਮ ਪਾਰਟੀ ਦੇ ਆਗੂਆਂ ਨੂੰ ਹੁੰਦਾ ਹੈ। ਦੂਸਰਾ ਕਾਰਨ ਇਹ ਹੈ ਕਿ ਖੇਤੀ ਯੋਗ ਜ਼ਮੀਨ ਨੂੰ ਗ਼ੈਰ-ਖੇਤੀ ਵਰਤੋਂ 'ਚ ਤਬਦੀਲੀ ਕਰਨ ਲਈ ਕਾਨੂੰਨੀ ਤੌਰ 'ਤੇ ਸਰਕਾਰੀ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ। ਇਸ ਪੜਾਅ 'ਤੇ ਜ਼ਮੀਨ ਪ੍ਰਾਪਤੀ ਦੇ ਕੰਮ 'ਚ ਸਰਕਾਰੀ ਅਧਿਕਾਰੀ ਤੇ ਹਾਕਮ ਪਾਰਟੀ ਦੇ ਆਗੂਆਂ ਦੀ ਸ਼ਮੂਲੀਅਤ ਹੋ ਜਾਂਦੀ ਹੈ ਤੇ ਰੀਅਲ ਅਸਟੇਟ ਡੀਲਰਾਂ, ਸਿਆਸੀ ਆਗੂਆਂ ਤੇ ਅਫ਼ਸਰਸ਼ਾਹੀ ਦਾ ਗੱਠਜੋੜ ਬਣ ਜਾਂਦਾ ਹੈ, ਜੋ ਭੂ-ਮਾਫ਼ੀਆ ਨੂੰ ਜਨਮ ਦਿੰਦਾ ਹੈ। ਇਸ ਨਾਲ ਕਿਸਾਨਾਂ ਅਤੇ ਪਲਾਟ ਖਰੀਦਣ ਵਾਲੇ ਲੋਕਾਂ ਦਾ ਸ਼ੋਸ਼ਣ ਹੁੰਦਾ ਹੈ, ਪਰ ਦੇਸ਼ 'ਚ ਸਿਆਸਤਦਾਨ, ਅਫ਼ਸਰਸ਼ਾਹੀ ਤੇ ਕਾਰੋਬਾਰੀ ਇਸ ਧੰਦੇ 'ਚ ਬਹੁਤ ਸਰਗਰਮ ਹਨ। ਜ਼ਮੀਨ ਨੂੰ ਉਦਯੋਗਿਕ ਤੇ ਸੇਵਾਵਾਂ ਦੀਆਂ ਇਕਾਈਆਂ ਦੇ ਵਿਕਾਸ ਅਤੇ ਰਿਹਾਇਸ਼ੀ ਇਲਾਕਿਆਂ ਦੇ ਫੈਲਾਅ ਲਈ ਪ੍ਰਾਪਤ ਕੀਤਾ ਜਾਂਦਾ ਹੈ। ਇਸ ਕੰਮ 'ਚ ਪੈਸਿਆਂ ਦਾ ਵੱਡੇ ਪੱਧਰ 'ਤੇ ਲੈਣ-ਦੇਣ ਹੁੰਦਾ ਹੈ। ਭੂਮੀ ਦੀ ਖ਼ਰੀਦੋ-ਫ਼ਰੋਖ਼ਤ, ਜ਼ਮੀਨ ਦੀ ਰਜਿਸਟਰੀ, ਮਲਕੀਅਤ ਤਬਦੀਲੀ ਅਤੇ ਕਾਗਜ਼ੀ ਕਾਰਵਾਈ 'ਚ ਟੈਕਸ ਚੋਰੀ ਤੇ ਰਿਸ਼ਵਤਖੋਰੀ ਆਮ ਵਰਤਾਰਾ ਬਣ ਗਿਆ ਹੈ। ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਵਲੋਂ ਬੇਨਾਮੀ ਮਾਲਕੀ ਜਾਂ ਹਿੱਸੇਦਾਰੀ ਤੋਂ ਇਲਾਵਾ ਵੱਖ-ਵੱਖ ਪੱਧਰਾਂ 'ਤੇ ਰਿਸ਼ਵਤ ਅਤੇ ਕਾਲੇ ਧਨ ਦੀ ਸ਼ਾਮੂਲੀਅਤ ਕੋਈ ਲੁਕੀ-ਛਿਪੀ ਗੱਲ ਨਹੀਂ ਹੈ। ਸਿਆਸਤਦਾਨਾਂ ਤੇ ਅਫ਼ਸਰਸ਼ਾਹੀ ਨੂੰ ਪਹਿਲਾਂ ਪਤਾ ਲੱਗ ਜਾਂਦਾ ਹੈ ਕਿ ਕਿੱਥੇ ਕੋਈ ਪ੍ਰੋਜੈਕਟ ਲੱਗਣ ਵਾਲਾ ਹੈ, ਉਹ ਥੋੜ੍ਹੇ ਵੱਧ ਪੈਸੇ ਖ਼ਰਚ ਕੇ ਉੱਥੇ ਕਿਸਾਨਾਂ ਤੋਂ ਜ਼ਮੀਨ ਖਰੀਦ ਲੈਂਦੇ ਹਨ। ਮੁਹਾਲੀ (ਗਮਾਡਾ) ਦੇ ਕੇਸ ਵਿੱਚ ਮੌਜੂਦਾ ਮੁੱਲ ਅਨੁਸਾਰ ਕਿਸਾਨਾਂ ਨੂੰ ਹੋਣ ਵਾਲੀ ਅਦਾਇਗੀ ਤੇ ਪਲਾਟ ਖਰੀਦਣ ਵਾਲਿਆਂ ਵੱਲੋਂ ਕੀਤੀ ਅਦਾਇਗੀ ਵਿੱਚ ਇੱਕ ਏਕੜ ਪਿੱਛੇ 8 ਕਰੋੜ ਤੋਂ 11 ਕਰੋੜ ਰੁਪਏ ਤੱਕ ਦਾ ਫ਼ਰਕ ਹੈ। ਤਜਵੀਜ਼ਸ਼ੁਦਾ 5,000 ਏਕੜ ਜ਼ਮੀਨ ਪ੍ਰਾਪਤੀ ਨਾਲ 40 ਹਜ਼ਾਰ ਤੋਂ 55 ਹਜ਼ਾਰ ਕਰੋੜ ਰੁਪਏ ਦਾ ਵਾਧੂ ਧਨ ਪੈਦਾ ਹੋ ਜਾਵੇਗਾ। ਇਸ ਧੰਦੇ ਵਿੱਚ ਕਾਲੇ ਧਨ ਦਾ ਬਹੁਤਾ ਨਿਵੇਸ਼ ਕੀਤਾ ਜਾਂਦਾ ਹੈ ਤੇ ਹੋਰ ਕਾਲਾ ਧਨ ਪੈਦਾ ਕੀਤਾ ਜਾਂਦਾ ਹੈ। ਪਿਛਲੇ ਸਾਲ (2025) ਮਈ ਮਹੀਨੇ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਨੂੰ ਬੜੇ ਜ਼ੋਰ-ਸ਼ੋਰ ਨਾਲ ਲਾਗੂ ਕਰਨ ਦਾ ਐਲਾਨ ਕੀਤਾ ਸੀ। ਇਸ ਮੁਤਾਬਕ 124 ਪਿੰਡਾਂ ਦੀ 65,533 ਏਕੜ ਖੇਤੀ ਵਾਲੀ ਜ਼ਮੀਨ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਕਰਕੇ ਸੂਬੇ ਦੇ ਸਾਰੇ ਸ਼ਹਿਰਾਂ, ਅਰਬਨ ਅਸਟੇਟਾਂ ਤੇ ਉਦਯੋਗਿਕ ਪਾਰਕਾਂ ਬਣਾਉਣ ਦੀ ਯੋਜਨਾ ਬਣਾਈ ਸੀ। ਪਰ ਇਸ ਨੀਤੀ ਦਾ ਵਿਆਪਕ ਵਿਰੋਧ ਹੋਇਆ, ਜਿਸ ਕਾਰਨ ਸਰਕਾਰ ਨੂੰ ਆਪਣੀ ਨੀਤੀ ਵਾਪਸ ਲੈਣੀ ਪਈ ਹੁਣ ਜੂਨ 2026 'ਚ ਸਰਕਾਰ ਵੱਲੋਂ ਮੁਹਾਲੀ ਤੇ ਨਵੇਂ ਚੰਡੀਗੜ੍ਹ ਦੇ ਵਿਸਥਾਰ ਲਈ ਪੁਰਾਣੀ ਨੀਤੀ ਵਿੱਚ ਨਿਗੂਣੀਆਂ ਸੋਧਾਂ ਕਰਕੇ ਮੁੜ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ।

(ਬਾਕੀ ਸਫ਼ਾ 26 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

16 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ

ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਹੀਦੀ ( 1716 ) ਤੋਂ ਬਾਅਦ ਸਿੰਘਾਂ 'ਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ 'ਤੇ ਅਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ। ਜਬਰੀ ਧਰਮ ਪ੍ਰੀਵਰਤਣ ਦੇ ਖ਼ੂਨੀ ਇਰਾਦੇ ਹੇਠ, ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਹੀ ਚਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜ਼ੁਲਮ ਦੇ ਵਿਰੁੱਧ ਟਾਕਰਾ ਕਰਦੇ ਹੋਏ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ।

ਮੱਧ ਕਾਲੀਨ ਯੁੱਗ ਵਿੱਚ ਸਮਾਜ ਸੁਧਾਰਕਾਂ ਵੱਲੋਂ ਭਗਤੀ ਲਹਿਰ ਚਲਾਈ ਗਈ। ਸਮਾਜ ਵਿੱਚ ਝੂਠੇ ਕਰਮਕਾਂਡਾ ਵਿਰੁੱਧ ਚੇਤਨਾ ਆਈ। ਸੂਫ਼ੀ ਰੰਗ ਵਿੱਚ ਰੰਗੀ ਬਾਣੀ ਵਿੱਚ ਬੀਰ ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿੱਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ।

ਗੁਰਬਾਣੀ ਦੇ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ' ॥ (ਅੰਗ 1412) ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ ਧਰਮ ਦੇ ਮਾਰਗ 'ਤੇ ਕੁਰਬਾਨੀ ਦੇਣ ਲਈ ਤਿਆਰ ਰਹਿਣ ਦਾ ਸੰਦੇਸ਼ ਮਿਲਦਾ ਹੈ। ਇੱਕ ਪਰਮਾਤਮਾ ਵਿੱਚ ਯਕੀਨ ਰੱਖ ਕੇ ਉਸ ਦਾ ਨਾਮ ਜਪਣਾ,ਖ਼ੁਸ਼ੀ ਅਤੇ ਗਮੀ ਵਿੱਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿੱਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕ੍ਰਿਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ, ਦੂਜਿਆਂ ਨਾਲ ਵੰਡ ਕੇ ਛੱਕਣਾ ਹੈ। ਜੀਵਨ ਜਾਚ ਲਈ ਸਿਧਾਂਤ ਹੈ ਕਿ 'ਕ੍ਰਿਤ ਕਰੋ, ਨਾਮੁ ਜਪੋ, ਵੰਡ ਛਕੋ।' ਬਰਾਬਰਤਾ ਦੇ ਸਮਾਜ ਵਿੱਚ ਖ ਦਗਰਜੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ 'ਤੇ ਪਹਿਰਾ ਦੇਣਾ ਹੈ।

ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਅਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ, ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿੱਚ ਜਿਥੇ ਰਸਦ ਅਤੇ ਮਾਇਆ ਭੇਂਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਣ ਲੱਗੇ। ਇਸ ਤੇ ਚਲਦਿਆਂ ਸੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿੱਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜ਼ਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇੱਕ ਜੰਗ ਵਿੱਚ ਮਾਰਿਆ ਗਿਆ। ਉਸ ਦਾ ਬਦਲਾ ਲੈਣ ਲਈ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਹਾਂ ਵਿੱਚ ਚਲੇ ਗਏ। ਬਾਕੀ ਕੁਝ ਬਚੇ ਹੋਏ ਸਿੱਖ ਅਤੇ ਦੂਸਰੇ ਵਰਕਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ, ਭਾਵ ਦੇ ਆਪਸ ਵਿੱਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਇੱਕ ਦੂਜੇ ਦੀ ਮਦਦ ਕਰਕੇ ਖ਼ੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ,ਵਿਚੋਂ ਲੋੜਵੰਦਾਂ ਦੀ ਮਦਦ ਕਰਕੇ, ਗੁਰਬਾਣੀ ਪੜ੍ਹਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਉਂਦੇ ਸਨ।

ਅਜਿਹੇ ਸਮੇਂ ਵਿੱਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈ. ਵਿੱਚ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਾਤਾ ਧਰਮ ਕੌਰ ਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਹਨਾਂ ਦੇ ਪਿਤਾ ਜੀ ਇਕ ਜੰਗ ਵਿੱਚ ਸ਼ਹੀਦ ਹੋ ਗਏ ਸਨ। ਉਹਨਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇੱਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਵਾਉਂਦੇ ਵੇਖ ਕੇ ਸਿੰਘ ਸੱਜਣ ਦਾ ਫੈਸਲਾ ਕੀਤਾ। ਉਹਨਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਭਾਈ ਸਾਹਿਬ 'ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਦੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ। ਉਹਨਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ, ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿੱਚ ਹਮੇਸ਼ਾ ਤਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ, ਜਿਵੇਂ ਕਿ ਸਿੰਘ ਪਨਾਹਗਾਹਾਂ ਵਿੱਚ ਚਲੇ ਗਏ ਸਨ। ਉਸੇ ਤਰਾਂ ਦੀ ਇਕ ਪਨਾਹਗਾਹ " ਬੀੜ ਬਾਬਾ ਬੁੱਢਾ ਜੀ ' ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਸੀ। ਉਹਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹ ਕੇ ਮਿੱਸੇ ਪਰਸ਼ਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਭਾਈ ਸਾਹਿਬ, ਲੰਗਰ, ਰਸਦ ਅਤੇ ਹੋਰ ਲੋੜੀਂਦੀਆਂ ਰੋਜਮਰਾਂ ਦੀਆਂ ਵਸਤਾਂ ਬੀੜ 'ਤੇ ਟਿਕਾਣਾ ਕਰੀ ਬੈਠੇ ਸਿੰਘਾਂ ਤਕ ਪਹੁੰਚਾਉਂਦੇ ਸਨ। ਦੇਰ ਰਾਤ ਤਕ ਭਾਈ ਸਾਹਿਬ ਨੇ ਸਿੰਘਾਂ ਨਾਲ ਚਲੰਤ ਮਾਮਲਿਆਂ 'ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਅਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿੱਚ ਆਉਂਦੇ ਜਾਂਦੇ ਮੁਸਾਫ਼ਰਾਂ ਦੀ ਲੰਗਰ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਵੀ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿੱਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਹਨਾਂ ਦੀ ਹਮਦਰਦੀ ਅਤ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦਾ ਹਰਿ ਭਗਤ ਮੁਗਲ ਹਾਕਮਾਂ ਦਾ ਮੁਖ਼ਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿੱਚ ਉਹਨਾਂ ਦੀ ਬੜੀ ਪ੍ਰਸਿੱਧੀ ਹੈ। ਉਸਨੇ ਈਰਖਾ ਵਿੱਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸ ਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸ ਨੇ ਗੁੱਸੇ ਵਿੱਚ ਆ ਕੇ ਮੁਗਲ ਸਰਕਾਰ ਨੂੰ ਖ਼ਬਰ ਦਿੱਤੀ ਕਿ ਪਿੰਡ ਪੂਹਲੇ ਵਿੱਚ ਇੱਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਮੁਸਾਫ਼ਰਾਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇੱਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ 'ਤੇ ਲਾਏ ਦੋਸ਼ਾਂ ਦੀ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪੂਹਲੇ 'ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ੍ਹ ਵਿੱਚ ਰਖ ਕੇ ਅਨ ਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾ ਤਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਓ 'ਤੇ ਜੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲੈਣ ਤਾਂ ਜਾਨ ਬਖ਼ਸ਼ ਦਿੱਤੀ ਜਾਵੇਗੀ, ਲਿਹਾਜ਼ਾ ਕੇਸ ਕਤਲ ਕਰ ਦਿੱਤੇ ਜਾਣਗੇ। ਇਸਲਾਮ ਕਬੂਲ ਕਰਵਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਸਰਕਾਰੀ ਅਹੁਦਾ ਦੇ ਕੇ ਮਾਨ ਸਨਮਾਨ ਅਤੇ ਦੌਲਤ ਨਾਲ ਮਾਲਾ ਮਾਲ ਕਰ ਦਿੱਤਾ ਜਾਵੇਗਾ। ਇਸ ਤਰਾਂ ਅਰਾਮ ਦੀ ਜਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚਲਦਾ ਰਹੇਗਾ। ਚਰਖੜੀ 'ਤੇ ਚੜ੍ਹਾ ਕੇ ਕਤਲ ਕੀਤੇ ਜਾਉਗੇ। ਇਹ ਨਸੀਅਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿੱਚ ਰਹਿ ਕੇ ਮਰਨਾ ਚਾਹਵਾਂਗਾ। ਭਾਈ ਸਾਹਿਬ ਜੀ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸੋ ਆਰਾਮ ਦੇ ਸੌਦੇ ਵਿਖਾ ਰਿਹਾ ਹੈ, ਇਹ ਮੈਂ ਆਪਣੀ ਜੁੱਤੀ ਦੀ ਨੋਕ 'ਤੇ ਲਿਖਦਾ ਹਾਂ। ਜੇਕਰ ਸਾਰ ਜਹਾਨ ਦੀਆਂ ਬਾਦਸ਼ਾਹੀਆਂ, ਧੰਨ ਦੌਲਤ ਮੇਰੇ ਪੈਰਾਂ ਵਿੱਚ ਰੱਖ ਦੇਵੇ, ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਗਾਂ। ਇਸ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂ ਗਾਂ। ਇਹਨਾਂ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਬਾਂਕਾ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ। ਜਕਰੀਆ ਖਾਨ ਨੇ ਹੰਕਾਰ ਵਿੱਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪਰਮਾਤਮਾ ਮੈਂ ਹਾਂ ? ਜੋ ਤੇਰੀ ਜਾਨ ਬਖ਼ਸ਼ ਸਕਦਾ ਹੈ। ਪਰ ਮੈਂ ਤੇਰੀ ਗਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਤੇਰੀ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਤਕ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰ, ਮੈਂ ਪਰਮਾਤਮਾ ਦਾ ਕਰਜ਼ ਉਤਾਰਾਂ। ਜਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਨੂੰ ਘੋੜ ਮੰਡੀ , ਨਾਖਾਸ ਚੌਂਕ ਦਿੱਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰਖ ਦਿੱਤੀ ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ।



ਭਾਈ ਸਾਹਿਬ ਨੂੰ ਫਿਰ ਵਾਪਿਸ ਜੇਲ੍ਹ ਭੇਜਿਆ ਗਿਆ, ਤਸ਼ੱਦਦ ਜਾਰੀ ਰਿਹਾ। ਉਹਨਾਂ ਦਿਨਾਂ ਵਿੱਚ ਜਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿੱਚ ਸੀ ਕਿ ਉਸ ਦਾ ਸਾਹ ਰੁਕਣ ਲੱਗਿਆ। ਉਸਨੇ ਪਛਤਾਵਾ ਕੀਤਾ ਕਿ ਮੈਂ ਇੱਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਹਨਾਂ ਕਰਮਾਂ ਦਾ ਫਲ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸਨੇ ਭਾਈ ਸ਼ੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਕੋਲ ਭੇਜਿਆ ਕਿ ਮੈਨੂੰ ਮਾਫ਼ ਕਰ ਦਿਉ। ਭਾਈ ਸਾਹਿਬ ਜੀ ਨੇ ਸੁਨੇਹਾ ਦਿੱਤਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪਰਮਾਤਮਾ ਦੇ ਭਾਣੇ ਵਿੱਚ ਹੈ। ਉਹ ਪਰਮਾਤਮਾ ਸਭ ਦਾ ਇਨਸਾਫ ਕਰਦਾ ਹੈ। ਜਕਰੀਆ ਖਾਨ ਦੀ ਬਿਮਾਰੀ ਕੁਝ ਕੁ ਠੀਕ ਹੋ ਗਈ ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਨੂੰ ਮਿਲੀ ਤਾਂ ਉਹਨਾਂ ਸ਼ਹੀਦੀ ਪਾ ਲਈ। ਬਿਨਾ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇੱਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆਂ ਸ਼ਹੀਦੀਆਂ ਨੂੰ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪੜੀਆਂ ਲੁਹਾਂਈਆਂ, ਚਰਖੜੀਆਂ 'ਤੇ ਚੜੇ, ਆਰਿਆਂ ਦੇ ਨਾਲ ਚਿਰਾਏ ਗਏ। ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖਾਂ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿੰਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਭਾਈ ਸਾਹਿਬ ਦੀ ਵਿਰਾਸਤ ਹੈ ਕਿ 1762 ਵਿੱਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਨੂੰ ਜਿੱਤ ਲਿਆ। ਉਹਨਾਂ ਜਨਤਕ ਚੌਂਕ 'ਤੇ ਕਬਜ਼ਾ ਕਰ ਲਿਆ। ਜਿਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ। ਚੌਂਕ ਦੇ ਨਾਲ ਲਗਦੀ ਅਬਦੁਲਾ ਖਾਨ ਮਸਜਿਦ 'ਤੇ ਕਬਜ਼ਾ ਕਰਕੇ ਸ਼ਹੀਦ ਗੰਜ ਗੁਰਦੁਆਰੇ ਵਿੱਚ ਤਬਦੀਲ ਕਰ ਦਿੱਤਾ ਗਿਆ। ਉਸ ਅਸਥਾਨ 'ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਾਜ਼ਾਰ ਵਿੱਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿਥੇ ਸਿੰਘ ਦੀ ਖੋਪੜੀ ਅਤੇ ਕੇਸ ਹਟਾਏ ਗਏ ਸਨ।





## ਚੱਕ ਲਓ ਕਹਾਰੋ ਡੋਲੀ...

# ਗੱਡੇ ਤੋਂ ਹੈਲੀਕਾਪਟਰ ਤੱਕ ਬਦਲ ਗਿਐ ਡੋਲੀ ਦਾ ਰੂਪ



ਜਗਦੇਵ ਸ਼ਰਮਾ ਬੁਗਰਾ

ਗੱਲ ਉਨ੍ਹਾਂ ਜ਼ਮਾਨਿਆਂ ਦੀ ਹੈ ਜਦੋਂ ਆਵਾਜਾਈ ਦੇ ਸਾਧਨ ਬੜੇ ਸੀਮਿਤ ਹੋਇਆ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ ਬਰਾਤਾਂ ਵੀ ਊਠਾਂ, ਘੋੜਿਆਂ, ਗੱਡਿਆਂ ’ਤੇ ਹੀ ਜਾਂਦੀਆਂ ਹੁੰਦੀਆਂ ਸਨ ਅਤੇ ਬਰਾਤ ਤਿੰਨ ਤਿੰਨ ਦਿਨ ਠਹਿਰਦੀ ਹੁੰਦੀ ਸੀ। ਪੰਜਾਬੀ ਫਿਲਮ ‘ਵਿਚੋਲਾ’ ਅਜਿਹੇ ਵਿਆਹਾਂ ਦੀ ਪੁਖ਼ਤਾ ਉਦਾਹਰਨ ਪੇਸ਼ ਕਰਦੀ ਹੈ। ਭਾਵੇਂ ਵਿਹਾਰਕ ਰੂਪ ਵਿੱਚ ਲਾੜੀ ਨੂੰ ਵਿਆਹ ਕੇ ਲਿਜਾਣ ਵੇਲੇ ਡੋਲੀ/ਪਾਲਕੀ ਦੀ ਵਰਤੋਂ ਦਾ ਗਵਾਹ ਤਾਂ ਮੈਂ ਨਹੀਂ ਰਿਹਾ, ਪ੍ਰੰਤੂ ਜਿਵੇਂ ਕਿ ਅਸੀਂ ਫਿਲਮਾਂ/ ਨਾਟਕਾਂ ਵਿੱਚ ਡੋਲੀ ਉੱਠਦੀ ਦੇਖਦੇ ਹਾਂ, ਇਹ ਸਾਧਨ ਹੁੰਦਾ ਜ਼ਰੂਰ ਸੀ। ਮੇਰੀ ਉਮਰ ਸੱਤਰੋਂ ਪਾਰ ਹੈ, ਇਸ ਲਈ ਕਹਿ ਸਕਦੇ ਹਾਂ ਕਿ ਪੰਜਾਬ ਵਿੱਚ ਡੋਲੀ ਉੱਠਣ ਦੀ ਰਸਮ 70 ਸਾਲ ਤੋਂ ਪੁਰਾਣੀ ਹੋ ਸਕਦੀ ਹੈ।

ਕਹਾਰੋ ਡੋਲੀ ਨਾ ਚਾਇਓ
ਹਾਲੇ ਮੇਰਾ ਬਾਬਲ ਆਇਆ ਨ੍ਹੀਂ।

***

ਚੱਕ ਲਓ ਕਹਾਰੋ ਡੋਲੀ
ਰੋਂਦੀਆਂ ਨੂੰ ਰੋਣ ਦਿਓ।

ਡੋਲੀ ਅਰਥਾਤ ਪਾਲਕੀ ਨੂੰ ਆਪਣੇ ਮੋਢਿਆਂ ਉੱਪਰ ਚੁੱਕ ਕੇ ਲਿਜਾਣ ਲਈ ਚਾਰ ਬੰਦੇ ਹੁੰਦੇ ਸਨ, ਜਿਹੜੇ ਇੱਕ ਖ਼ਾਸ ਭਾਈਚਾਰੇ ਵਿੱਚੋਂ ਹੁੰਦੇ ਸਨ ਅਤੇ ਉਨ੍ਹਾਂ ਨੂੰ ਕਹਾਰ ਕਿਹਾ ਜਾਂਦਾ ਸੀ। ਸਮੇਂ ਦੇ ਬੀਤਣ ਨਾਲ ਬਰਾਤ ਊਠਾਂ, ਘੋੜਿਆਂ ਤੋਂ ਗੱਡਿਆਂ ’ਤੇ ਜਾਣ ਲੱਗੀ ਅਤੇ ਲਾੜੀ ਨੂੰ ਲਿਜਾਣ ਵਾਸਤੇ ਇਸ ਸ਼ੁਭ ਕਾਰਜ ਲਈ ਵਿਸ਼ੇਸ਼ ਤੌਰ ’ਤੇ ਸਜਾਏ ਰਥ ਵਰਤੋਂ ਵਿੱਚ ਲਿਆਂਦੇ ਜਾਣ ਲੱਗੇ। ਰਥ ਵੀ ਸੀਮਿਤ ਹੀ ਹੁੰਦੇ ਸਨ, ਇੱਕ ਪਿੰਡ ਵਿੱਚ ਇੱਕ-ਦੋ ਰਥ ਹੀ ਹੁੰਦੇ ਸਨ ਅਤੇ ਇਹ ਕਿਰਾਏ ’ਤੇ ਉਪਲੱਬਧ ਹੁੰਦੇ ਸਨ। ਰਥ ਦੇ ਨਾਲ ਨਾਲ ਰਥ ਨੂੰ ਖਿੱਚਣ ਵਾਲੇ ਬਲਦਾਂ ਦੀ ਵੀ ਸਜਾਵਟ ਕੀਤੀ ਜਾਂਦੀ ਸੀ। ਬਲਦਾਂ ਦੇ ਪੈਰਾਂ ਵਿੱਚ ਰੰਗ ਬਿਰੰਗੀ ਲੋਗੜੀ ਦੀਆਂ ਡੋਰਾਂ, ਰੰਗਦਾਰ ਨੱਥਾਂ ਅਤੇ ਕਈ ਵਾਰ ਸਿੰਗਾਂ ਉੱਪਰ ਚਾਂਦੀ ਦੀਆਂ ਟੋਪੀਆਂ ਚਾੜ੍ਹੀਆਂ ਹੁੰਦੀਆਂ ਸਨ। ਬਲਦਾਂ ਅਤੇ ਰਥ ਦੇ ਨਾਲ ਨਾਲ ਕਾਹਨੀ (ਬਲਦਾਂ ਨੂੰ ਹਿੱਕਣ ਵਾਲਾ) ਨੇ ਵੀ ਟੌਹਰ ਖਿੱਚੀ ਹੁੰਦੀ ਸੀ। ਦੂਰ ਦੀਆਂ ਰਿਸ਼ਤੇਦਾਰੀਆਂ ਜਿਹੜੀਆਂ ਰੇਲ ਨਾਲ ਜੁੜੀਆਂ ਹੁੰਦੀਆਂ ਸਨ ਤਾਂ ਬਰਾਤ ਲਿਜਾਣ ਲਈ ਰੇਲ ਗੱਡੀ ਦੀ ਵਰਤੋਂ ਵੀ ਕਰ ਲਈ ਜਾਂਦੀ ਸੀ। ਮੈਂ ਖ਼ੁਦ ਅਜਿਹੀਆਂ ਦੋ ਬਰਾਤਾਂ ਗਿਆ ਹਾਂ ਜਿਹੜੀਆਂ ਸੱਠਵਿਆਂ ਵਿੱਚ ਰੇਲ ਰਾਹੀਂ ਗਈਆਂ ਸਨ।

ਬੱਸਾਂ ਦੀ ਆਮਦ ਨਾਲ ਥੋੜ੍ਹਾ ਹੋਰ ਤਬਦੀਲੀ ਆਈ। ਹੁਣ ਬਰਾਤ ਨੂੰ ਢੋਹਣ ਲਈ ਬੱਸਾਂ ਦੀ ਵਰਤੋਂ ਕੀਤੀ ਜਾਣ ਲੱਗੀ ਸੀ। ਬੱਸ ਡਰਾਈਵਰ ਦੇ ਬਿਲਕੁਲ ਪਿਛਲੀ ਸੀਟ ਨੂੰ ਇੱਕ ਕੱਪੜਾ (ਖੇਸ ਆਦਿ) ਤਾਣ ਕੇ ਬੱਸ ਵਿੱਚ ਬੈਠੀਆਂ ਬਾਕੀ ਸਵਾਰੀਆਂ ਤੋਂ ਵੱਖਰਾ ਕਰ ਕੇ ਪਰਦਾ ਕਰ ਲਿਆ ਜਾਂਦਾ ਸੀ। ਇਸ ਤਰ੍ਹਾਂ ਇਹ ਤਿੰਨ ਸਵਾਰੀਆਂ ਵਾਲੀ ਸੀਟ ਇੱਕ ਕੈਬਿਨ ਦਾ ਰੂਪ ਧਾਰ ਲੈਂਦੀ ਸੀ। ਇਸ ਸੀਟ ਉੱਪਰ ਲਾੜੀ ਦੇ ਨਾਲ ਲਾੜਾ ਅਤੇ ਲਾੜੀ ਦੇ ਪਿੰਡੋਂ ਇੱਕ ਖ਼ਾਸ ਭਾਈਚਾਰੇ ਦੀ ਸੁਆਣੀ ਬੈਠੀ ਹੁੰਦੀ ਸੀ। ਇਸਤਰੀਆਂ ਦਾ ਬਰਾਤ ਨਾਲ ਜਾਣ ਦਾ ਰਿਵਾਜ ਨਹੀਂ ਹੁੰਦਾ ਸੀ, ਇਸ ਲਈ ਵਿਚੋਲਣ ਵੀ ਉੱਥੇ ਹੀ ਘੁਸੜ ਜਾਂਦੀ ਸੀ।ਫਿਰ ਸ਼ੁਰੂਆਤ ਹੋਈ ਬੱਸ ਦੇ ਨਾਲ ਇੱਕ ਕਾਰ ਲਿਜਾਣ ਦੀ। ਬਰਾਤ ਜਾਣ ਵੇਲੇ ਲਾੜੇ ਨਾਲ ਸਰਵਾਲਾ, ਲਾੜੇ ਦੇ ਜੀਜੇ ਅਤੇ ਇੱਕ ਅੱਧੇ ਹੋਰ ਅਤਿ ਨੇੜਲੇ ਰਿਸ਼ਤੇਦਾਰ ਨੂੰ ਕਾਰ ਵਿੱਚ ਬੈਠਣ ਦਾ ਮੌਕਾ ਮਿਲਦਾ ਸੀ। ਵਾਪਸੀ ’ਤੇ ਲਾੜੇ ਅਤੇ ਲਾੜੀ ਦੇ ਨਾਲ ਵਿਚੋਲਣ, ਉਹੀ ਖ਼ਾਸ ਭਾਈਚਾਰੇ ਦੀ ਇੱਕ ਸੁਆਣੀ ਅਤੇ ਇੱਕ-ਦੋ ਲਾੜੀ ਦੇ ਭਰਾ ਕਾਰ ਵਿੱਚ ਘੁਸੜ ਕੇ ਬੈਠ ਜਾਂਦੇ। ਸ਼ਾਇਦ ਉਦੋਂ ਇਹ ਗੀਤ ਬਣਿਆ ਹੋਣਾ;

ਗੱਡੀ ਵਿੱਚੋਂ ਲੱਤ ਲਮਕੇ, ਕੋਈ ਭੌਰ ਚੱਲਿਆ ਮੁਕਲਾਵੇ।

ਇੱਕ ਸਮੇਂ ਇੱਕੋ ਮਾਡਲ ਅਤੇ ਇੱਕੋ ਰੰਗ ਦੀਆਂ ਕਾਰਾਂ ਬਰਾਤ ਵਿੱਚ ਲਿਜਾਣ ਦਾ ਰਿਵਾਜ ਵੀ ਚੱਲਿਆ ਸੀ। ਹੁਣ ਜ਼ਮਾਨਾ ਹੈ ਕਿ ਬਰਾਤੀ ਸਿੱਧੇ ਪੈਲੇਸ ਪਹੁੰਚਦੇ ਹਨ, ਉਹ ਵੀ ਆਪੋ ਆਪਣੀਆਂ ਕਾਰਾਂ ਵਿੱਚ। ਵਿਆਂਦੜ ਦੇ ਪਰਿਵਾਰ ਦੀ ਇਸ ਪੱਖੋਂ ਖੇਚਲ ਥੋੜ੍ਹੀ ਘਟ ਗਈ ਹੈ। ਸਮੇਂ ਨੇ ਕਰਵਟ ਬਦਲੀ ਹੈ। ਜਿਹੜੀ ਬਰਾਤ ਕਿਸੇ ਵੇਲੇ ਊਠਾਂ ਘੋੜਿਆਂ ਜਾਂ ਗੱਡਿਆਂ ’ਤੇ ਜਾਇਆ ਕਰਦੀ ਸੀ, ਅੱਜ ਸਰਦੇ ਪੁੱਜਦੇ ਘਰਾਂ ਦੇ ਟਾਵੇਂ ਟਾਵੇਂ ਨਵਾਬਜ਼ਾਦੇ ਲਾੜੀ ਨੂੰ ਵਿਆਹੁਣ ਗੱਡੀਆਂ ਕਾਰਾਂ ਤੋਂ ਵੀ ਅੱਗੇ ਲੰਘ ਕੇ ਹੈਲੀਕਾਪਟਰਾਂ ’ਤੇ ਜਾਣ ਲੱਗ ਪਏ ਹਨ।

ਇੱਕ ਪੇਂਡੂ ਲੜਕੀ ਨੇ ਪਹਿਲੀ ਵਾਰ ਘਰ ਤੋਂ ਬਾਹਰ ਕਿਸੇ ਓਪਰੇ ਘਰ ਜਾਣਾ ਹੁੰਦਾ ਸੀ, ਇਸ ਲਈ ਲੜਕੀ ਓਦਰੇ ਨਾ ਦਾ ਖ਼ਿਆਲ ਰੱਖਦਿਆਂ ਲਾੜੀ ਦੇ ਸਕੇ ਭਰਾਵਾਂ ਤੋਂ ਇਲਾਵਾ, ਭਾਈਆਂ ਦੇ ਥਾਂ ਲੱਗਦੇ ਮਾਮੇ, ਚਾਚਿਆਂ, ਤਾਈਆਂ, ਮਾਸੀਆਂ, ਭੂਆਂ ਦੇ ਬੇਟੇ ਵੀ ਲੜਕੀ ਦੇ ਨਾਲ ਜਾਂਦੇ। ਲੜਕੀ ਦੇ ਨਾਲ ਗਏ ਇਨ੍ਹਾਂ ਭਰਾਵਾਂ ਨੂੰ ਗੱਡੀ ਵਾਲੇ ਕਹਿ ਕੇ ਬੁਲਾਇਆ ਜਾਂਦਾ ਸੀ। ਗੱਡੀ ਵਾਲਿਆਂ ਨੂੰ ਚਾਹ ਵਰਤਾਓ, ਗੱਡੀ ਵਾਲਿਆਂ ਨੂੰ ਪਰਸ਼ਾਦਾ ਪਾਣੀ ਛਕਾਓ, ਗੱਡੀ ਵਾਲਿਆਂ ਦੇ ਸੌਣ ਲਈ ਫਲਾਣਿਆਂ ਦੀ ਬੈਠਕ ਵਿੱਚ ਮੰਜੇ ਡਾਹ ਦਿਓ ਆਦਿ। ਮੈਂ ਦੱਸ ਦੇਣਾ ਚਾਹਾਂਗਾ ਕਿ ਇਨ੍ਹਾਂ ਗੱਡੀ ਵਾਲਿਆਂ ਦੀ ਸੇਵਾ ਵੀ ਬਰਾਤੀਆਂ ਵਾਂਗ ਹੀ ਕੀਤੀ ਜਾਂਦੀ ਸੀ। ਬਰਾਤੀਆਂ ਵਾਂਗ ਗੱਡੀ ਵਾਲਿਆਂ ਨੂੰ ਤੱਤੀਆਂ-ਤੱਤੀਆਂ ਸਿੱਠਣੀਆਂ ਤੇ ਕਰਾਰੇ-ਕਰਾਰੇ ਗੀਤ ਵੀ ਕੁੜੀਆਂ-ਬੁੜ੍ਹੀਆਂ ਕੋਲੋਂ ਸੁਣਨ ਨੂੰ ਮਿਲਦੇ ਸਨ ਕਿਉਂਕਿ ਉਹ ਲਾੜੇ ਦੇ ਸਾਲੇ ਜੋ ਠਹਿਰੇ।

‘ਗੱਡੀ ਆਲੇ’ ਲਫਜ਼ ਉਦੋਂ ਵੀ ਹੁੰਦਾ ਸੀ ਜਦੋਂ ਗੱਡੀ ਯਾਨੀ ਕਿ ਬਰਾਤ ਵਿੱਚ ਕਾਰ ਲਿਜਾਣ ਦਾ ਨਾਮੋ ਨਿਸ਼ਾਨ ਵੀ ਨਹੀਂ ਹੁੰਦਾ ਸੀ। ਅਜਿਹਾ ਪਤਾ ਨਹੀਂ ਕਿਉਂ?

ਮੇਰੀ ਸਮਝ ਮੁਤਾਬਿਕ ਜਿਵੇਂ ਅਸੀਂ ਪੰਜਾਬੀ ਹੌਲਦਾਰ ਨੂੰ ਵੀ ਥਾਣੇਦਾਰ ਕਹਿ ਕੇ ਉਸ ਨੂੰ ਸਨਮਾਨ ਦਿੰਦੇ ਹਾਂ, ਉਸੇ ਤਰ੍ਹਾਂ ਲੋਕ ਆਪਣੇ ਗੱਡੇ/ਰਥ ਨੂੰ ਵੀ ਗੱਡੀ ਕਹਿ ਕੇ ਕਾਰ ਦੀ ਸਵਾਰੀ ਦਾ ਅਹਿਸਾਸ ਕਰ ਲੈਂਦੇ ਹੋਣਗੇ ਅਤੇ ਲਾੜੀ ਨਾਲ ਆਉਣ ਵਾਲੇ ਉਸ ਦੇ ਭਾਈ ‘ਗੱਡੀ ਵਾਲੇ।’

ਸੋ ਸਮੇਂ ਦੇ ਨਾਲ ਡੋਲੀ ਦਾ ਰੂਪ ਬਦਲਦਾ ਰਿਹਾ ਹੈ। ਹੈਲੀਕਾਪਟਰ ਤੋਂ ਬਾਅਦ ਹੁਣ ਅੱਗੇ ਪਤਾ ਨਹੀਂ ਡੋਲੀ ਲਈ ਕਿਸ ਸਾਧਨ ਦੀ ਵਰਤੋਂ ਕੀਤੀ ਜਾਵੇਗੀ।

# ਡਾਲੀ ਨਾਲੋਂ ਤੋੜ ਨਾ ਸਾਨੂੰ...

ਮਨਮੋਹਨ ਸਿੰਘ ਦਾਊਂ





ਸਾਡੇ ਆਲੇ-ਦੁਆਲੇ ਬਹੁਤ ਚੰਗਾ-ਚੰਗਾ ਵਾਪਰਦਾ ਹੈ। ਅਸੀਂ ਕਦੇ ਉਸ ਵੱਲ ਨਿਹਾਰਨ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਇਹ ਵੀ ਸੱਚ ਹੈ ਕਿ ਸਾਡੇ ਸਮਾਜ ਵਿੱਚ ਬਹੁਤ ਕੁਝ ਮੰਦਾ ਵੀ ਵਾਪਰਦਾ ਹੈ। ਆਪੋ-ਆਪਣੀ ਤੱਕਣ ਦੀ, ਘੋਖਣ ਦੀ ਦ੍ਰਿਸ਼ਟੀ ਹੈ। ਅਸਲ ਵਿੱਚ ਦ੍ਰਿਸ਼ਟੀ ਮਨੁੱਖ ਦੀ ਬੜੀ ਵਿਕਸਿਤ ਸੂਝ ਹੁੰਦੀ ਹੈ। ਇੱਕ ਬੁੱਧੀਜੀਵੀ ਨੇ ਚਿੱਤਰਕਾਰ ਸੋਭਾ ਸਿੰਘ ਨੂੰ ਸਵਾਲ ਕੀਤਾ ਕਿ ਤੁਸੀਂ ਸਮਾਜ ਵਿੱਚ ਹੋਣ ਵਾਲੀਆਂ ਦੁਖਾਂਤਕ ਤੇ ਕਰੁਣਾਮਈ ਘਟਨਾਵਾਂ ਦੇ ਚਿੱਤਰ ਕਿਉਂ ਨਹੀਂ ਬਣਾਉਂਦੇ? ਜਵਾਬ ਬੜਾ ਸਪੱਸ਼ਟ ਸੀ: ਸਮਾਜ ਪਹਿਲਾਂ ਵੀ ਪੀੜਤ ਹੈ। ਮੈਂ ਸਮਾਜ ਨੂੰ ਸੁੰਦਰ ਤੇ ਸਕੂਨ ਦੇਣ ਵਾਲੀਆਂ ਮੂਰਤਾਂ ਬਣਾਉਣ ਦਾ ਆਸ਼ਕ ਹਾਂ। ਭਾਵੇਂ ਇਹ ਜੀਵਨ ਦਾ ਸੱਚ ਹੈ, ਪਰ ਮੈਨੂੰ ਦੁਖਾਂਤ ਚਿਤਰਨਾ ਔਖਾ ਲੱਗਦਾ ਏ। ਬਤੌਰ ਚਿੱਤਰਕਾਰ ਮੈਂ ਸਮਾਜ ਨੂੰ ਮੁਹੱਬਤ ਅਤੇ ਸੁੰਦਰਤਾ ਪ੍ਰਦਾਨ ਕਰਨ ਵਿੱਚ ਵਿਸ਼ਵਾਸ ਰੱਖਦਾ ਹਾਂ। ਲੋਕਾਂ ਨੂੰ ਮੇਰੀਆਂ ਮੂਰਤਾਂ ਵੇਖ ਕੇ ਖ਼ੁਸ਼ੀ ਤੇ ਖੇੜਾ ਮਿਲੇ।

ਆਪੋ-ਆਪਣੀ ਦ੍ਰਿਸ਼ਟੀ ਵੱਖਰਾ ਸੰਸਾਰ ਸਿਰਜਦੀ ਹੈ। ਕੋਈ ਕਿਸੇ ਵਰਗਾ ਹੋ ਹੀ ਨਹੀਂ ਸਕਦਾ। ਵੰਨ-ਸੁਵੰਨਤਾ ਕੁਦਰਤ ’ਚੋਂ ਮਾਣੀ ਜਾ ਸਕਦੀ ਹੈ। ਕੋਈ ਸਤਰੰਗੀ ਪੀਂਘ ਵੇਖ ਕੇ ਖਿੜ ਉੱਠਦਾ ਤੇ ਕੁਦਰਤ ਦੇ ਰੰਗਾਂ ਤੋਂ ਬਲਿਹਾਰੇ ਹੋ ਉੱਠਦਾ ਹੈ। ਕਿਸੇ ਨੂੰ ਚੰਨ-ਚਾਨਣੀ ਰਾਤ ਮੋਹ ਲੈਂਦੀ ਹੈ। ਕਪਟ ਕਰਨ ਵਾਲਿਆਂ ਲਈ ਮੱਸਿਆ ਦੀ ਰਾਤ ਮਸਾਂ ਆਉਂਦੀ ਏ। ਕਿਸੇ ਨੂੰ ਪੁੱਛਿਆ, “ਗਲਾਸ ’ਚ ਅੱਧੇ ਹਿੱਸੇ ’ਚ ਪਾਣੀ ਹੈ। ਕੀ ਕਹੋਗੇ?” ਉਸ ਨੇ ਉੱਤਰ ਦਿੱਤਾ, “ਅੱਧਾ ਗਲਾਸ ਖਾਲੀ ਹੈ।” ਕਿਸੇ ਹੋਰ ਨੂੰ ਖਾਲੀ ਪਏ ਗਲਾਸ ਬਾਰੇ ਪੁੱਛਿਆ। ਉਸ ਉੱਤਰ ਦਿੱਤਾ, “ਅੱਧਾ ਗਲਾਸ ਹਵਾ ਨਾਲ ਭਰਿਆ ਹੋਇਆ ਹੈ।” ਇਹ ਹੈ ਆਪੋ-ਆਪਣੀ ਸੋਚਣ ਦੀ ਦ੍ਰਿਸ਼ਟੀ। ਆਸ਼ਾਵਾਦੀ ਮਨੁੱਖ ਖ਼ੁਸ਼ ਰਹਿੰਦਾ ਤੇ ਆਪਣੇ ਸੁਪਨੇ ਸਾਕਾਰ ਕਰਨ ਵਿੱਚ ਸਫਲ ਹੁੰਦਾ ਹੈ। ਮੈਨੂੰ ਆਪਣੇ ਪਿਤਾ ਜੀ ਦੇ ਪੜ੍ਹਾਉਣ ਦੀ ਵਿਧੀ ਚੇਤੇ ਆਉਂਦੀ ਏ। ਉਹ ਸਾਨੂੰ ਅੰਗਰੇਜ਼ੀ ਪੜ੍ਹਾਉਂਦੇ ਹੁੰਦੇ ਸਨ। ਅੰਗਰੇਜ਼ੀ ਪੜ੍ਹਾਉਣ ’ਚ ਬਹੁਤ ਕਾਬਲ। ਉਨ੍ਹਾਂ ਨੇ ਸਾਨੂੰ ਲਿਖਣ ਵਾਲੀ ਕਾਪੀ ਦੇ ਖੱਬੇ ਹੱਥ ਲਿਖਵਾਉਣਾ: ਅੱਗੇ ਤੋਂ ਚੰਗਾ। ਬੱਚੇ ਨੂੰ ਇਹ ਅਹਿਸਾਸ ਕਰਾਉਣਾ ਕਿ ਪਹਿਲਾਂ ਨਾਲੋਂ ਲਿਖਤ ਸੁੰਦਰ ਲਿਖਣੀ ਹੈ। ਇਹ ਉਨ੍ਹਾਂ ਦੀ ਦ੍ਰਿਸ਼ਟੀ ਦਾ ਕਮਾਲ ਸੀ। ਏਦਾਂ ਹੀ ਮੈਨੂੰ ਡਰਾਇੰਗ ਅਧਿਆਪਕ ਕਰਤਾਰ ਸਿੰਘ ਸੁਮੇਰ ਦੀ ਅਧਿਆਪਨ ਵਿਧੀ ਯਾਦ ਆਉਂਦੀ ਹੈ। ਉਹ ਡਰਾਇੰਗ ਪੜ੍ਹਾਉਣ ’ਚ ਬਹੁਤ ਮਾਹਿਰ ਸਨ ਅਤੇ ਉਨ੍ਹਾਂ ਦੇ ਬਣਾਏ ਚਿੱਤਰ ਵੀ ਬਹੁਤ ਸਲਾਹੇ ਜਾਂਦੇ। ਉਨ੍ਹਾਂ ਦਾ ਇੱਕ ਕਾਵਿ-ਸੰਗ੍ਰਹਿ ਵੀ ਛਪਿਆ ਸੀ, ਜਿਸ ਵਿੱਚ ਕਵਿਤਾਵਾਂ ਦੇ ਨਾਲ-ਨਾਲ ਖ਼ੂਬਸੂਰਤ ਢੁਕਵੇਂ ਚਿੱਤਰੇ ਵੀ ਸਨ। ਸ਼ਾਇਦ ਕਾਵਿ-ਸੰਗ੍ਰਹਿ ਦਾ ਨਾਂ ਸੀ ‘ਬੰਦ ਦਰਵਾਜ਼ਾ’। ਜਦੋਂ ਵਿਦਿਆਰਥੀ ਨੇ ਆਪਣੀ ਕੋਈ ਚਿੱਤਰਕਾਰੀ ਉਨ੍ਹਾਂ ਨੂੰ ਵਿਖਾਉਣੀ ਤਾਂ ਉਹ ਆਖਦੇ, ਅੱਛਾ, ਤੂੰ ਇਹ ਆਪ ਬਣਾਇਐ! ਬਹੁਤ ਕਮਾਲ ਹੈ। ਲੈ ਇਸ ਨੂੰ ਹੋਰ ਸੁੰਦਰ ਬਣਾਈਏ।” ਫਿਰ ਉਨ੍ਹਾਂ ਨੇ ਬੱਚੇ ਦੇ ਬਣਾਏ ਚਿੱਤਰ ਨੂੰ ਆਪਣੀ ਪੈਨਸਿਲ ਨਾਲ ਸੋਧ ਦੇਣਾ। ਹੁਣ ਦੱਸ ਕਿਹੜਾ ਚੰਗਾ ਹੈ। ਬੱਚੇ ਨੇ ਖ਼ੁਸ਼ ਹੋ ਜਾਣਾ ਤੇ ਅੱਗੋਂ ਹੋਰ ਸੁੰਦਰ ਚਿੱਤਰ ਬਣਾਉਣ ਦੀ ਕੋਸ਼ਿਸ਼ ਕਰਨੀ। ਇਹ ਉਸਾਰੂ ਤੇ ਉਤਸ਼ਾਹਿਤ ਕਰਨ ਵਾਲੀ ਦ੍ਰਿਸ਼ਟੀ ਮਨੁੱਖ ਨੂੰ ਅੱਗੇ-ਅੱਗੇ ਤੋਰਦੀ ਹੈ। ਉਂਝ ਇਹ ਕਿਸੇ ਦੇ ਵੱਸ ਦੀ ਗੱਲ ਨਹੀਂ। ਜਿਹੋ ਜਿਹਾ ਸੋਚੋਗੇ, ਤਿਹੋ ਜਿਹਾ ਹੋਵੇਗਾ। ਸਿਆਣਿਆਂ ਦਾ ਕਹਿਣਾ: ਭਾਈ, ਮੂੰਹੋਂ ਚੰਗੇ ਸ਼ਬਦ ਕੱਢੋ, ਪਤਾ ਨਹੀਂ ਤੁਹਾਡੇ ਬੋਲ ਰੱਬ ਨੂੰ ਕਦੋਂ ਪ੍ਰਵਾਨ ਹੋ ਜਾਣੇ ਨੇ। ਦਰਅਸਲ, ਗੱਲ ਤਾਂ ਚੰਗੀ ਵਿਚਾਰਧਾਰਾ ਗ੍ਰਹਿਣ ਕਰਨ ਦੀ ਹੈ। ਚੰਗਾ ਸੋਚਣ ਅਤੇ ਚੰਗਾ ਬੋਲਣ ਵਾਲੀ ਦ੍ਰਿਸ਼ਟੀ ਅਪਣਾਉਣ ਨਾਲ ਸਮਾਜ ਦੇ ਬਹੁਤ ਸਾਰੇ ਮਸਲੇ ਹੱਲ ਹੋ ਸਕਦੇ ਹਨ। ਕਈ ਵਾਰ ਸਮੱਸਿਆਵਾਂ ਏਨੀਆਂ ਮੁਸ਼ਕਿਲ ਨਹੀਂ ਹੁੰਦੀਆਂ ਕਿ ਉਹ ਹੱਲ ਨਾ ਹੋਵਣ। ਮਨੁੱਖ ਨੇ ਔਕੜਾਂ ਆਪ ਸਹੇੜੀਆਂ ਹੁੰਦੀਆਂ ਨੇ। ਕਿਸੇ ਵੀ ਮਸਲੇ ਨੂੰ ਹੱਲ ਕਰਨ ਤੋਂ ਪਹਿਲਾਂ ਦੂਜੀ ਧਿਰ ਨੂੰ ਸੁਣਨਾ ਵੀ ਜ਼ਰੂਰੀ ਹੈ। ਮਸਲੇ ਸਹਿਜ ਰਿਹਾਂ ਹੀ ਹੱਲ ਹੁੰਦੇ ਹਨ, ਝਗੜ ਕੇ ਨਹੀਂ। ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ: ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥

ਗੱਲ ਤਾਂ ਕੰਧੜੀ ’ਚ ਉੱਗੇ ਫੁੱਲ ਦੀ ਕਰਨੀ ਸੀ। ਗਮਲਿਆਂ ਜਾਂ ਕਿਆਰੀਆਂ ’ਚ ਫੁੱਲ-ਬੂਟੇ ਹਰ ਕੋਈ ਲਾਉਂਦਾ ਹੈ। ਉਨ੍ਹਾਂ ਦੀ ਦੇਖਭਾਲ ਕੀਤੀ ਜਾਂਦੀ ਹੈ। ਖਿੜੇ ਫੁੱਲਾਂ ਦੀ ਸੁੰਦਰਤਾ ਤੇ ਸੁਗੰਧ ਹਰ ਕਿਸੇ ਨੂੰ ਭਾਉਂਦੀ ਹੈ। ਵੇਖ ਕੇ ਪ੍ਰਕਿਰਤੀ ਨਾਲ ਮੋਹ ਜਾਗਦਾ ਹੈ। ਹਰ ਕਿਸੇ ਨੂੰ ਆਪਣੇ ਲਗਾਏ ਫੁੱਲ-ਬੂਟਿਆਂ ਨਾਲ ਲਗਾਅ ਹੋਣਾ ਕੁਦਰਤੀ ਹੈ। ਗੱਲ ਆਪਣੇ ਆਲੇ-ਦੁਆਲੇ ’ਚੋਂ ਸੁੰਦਰਤਾ ਲੱਭਣ ਦੀ ਹੈ। ਅਚਾਨਕ ਇੱਕ ਦਿਨ ਆਪਣੇ ਘਰ ਦੀ ਕੰਧੜੀ (ਕੰਧ) ਦੇ ਇੱਕ ਨੁੱਕਰੇ, ਮੈਂ ਇੱਕ ਬੂਟੇ ਦੇ ਫੁੱਲ ਖਿੜੇ ਵੇਖ ਕੇ ਬਹੁਤ ਹੈਰਾਨ ਵੀ ਹੋਇਆ ਤੇ ਖ਼ੁਸ਼ ਵੀ।

(ਬਾਕੀ ਸਫ਼ਾ 27 ’ਤੇ)




# ਪੰਜਾਬ ’ਚ ਜੰਗਲਾਂ ਦੀ ਹੋਂਦ ’ਤੇ ਖਤਰਾ

## ਹਰ ਸਾਲ ਆਉਂਦੇ ਹੜ੍ਹਾਂ ਦਾ ਅਸਲ ਕਾਰਨ ਰੁੱਖਾਂ ਦੀ ਕਟਾਈ



ਗੁਰਪ੍ਰੀਤ

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਇਸ ਵੇਲੇ ਹਰਿਆਲੀ ਨੂੰ ਲੈ ਕੇ ਚਿੰਤਾ ਵਿੱਚ ਹੈ। ਸੂਬੇ ’ਚ ਹਰਿਆਲੀ ਹੇਠਲਾ ਰਕਬਾ ਇੰਨਾ ਸੁੰਗੜ ਚੁੱਕਿਆ ਹੈ ਕਿ ਇੱਥੇ ਰੁੱਖਾਂ ਨਾਲੋਂ ਵੱਧ ਸੜਕਾਂ ਦਿਖਾਈ ਦਿੰਦੀਆਂ ਹਨ। ਇੱਥੇ ਪਿਛਲੇ ਕੁਝ ਸਾਲਾਂ ’ਚ ਵਿਕਾਸ ਦੇ ਨਾਮ ’ਤੇ ਵੱਡੇ ਹਾਈਵੇਅ ਬਣਾਏ ਗਏ ਅਤੇ ਨਵੀਆਂ ਰੇਲਵੇ ਲਾਈਨਾਂ ਵਿਛਾਈਆਂ ਗਈਆਂ, ਪਰ ਕਾਰਪੋਰੇਟ ਕੰਪਨੀਆਂ ਨੂੰ ਇਸ ਦਾ ਸਭ ਤੋਂ ਵੱਧ ਫ਼ਾਇਦਾ ਹੋਇਆ। ਇਸ ਤੋਂ ਪਹਿਲਾਂ ਹਰੀ ਕ੍ਰਾਂਤੀ ਨੇ ਦੇਸ਼ ਦਾ ਢਿੱਡ ਭਰਿਆ, ਪਰ ਇਸ ਨਾਲ ਪੰਜਾਬ ਨੇ ਆਪਣਾ ਪਾਣੀ ਲੁਟਾਇਆ, ਹਵਾ ਪ੍ਰਦੂਸ਼ਿਤ ਹੋਈ ਅਤੇ ਵਾਤਾਵਰਨ ਗੰਧਲਾ ਹੋਇਆ। ਤਾਜ਼ਾ ਸਥਿਤੀ ਅਨੁਸਾਰ ਪੰਜਾਬ ਵਿੱਚ ਰੁੱਖਾਂ ਦੀ ਗਿਣਤੀ ਪਿਛਲੇ ਕੁਝ ਸਾਲਾਂ ’ਚ ਵੱਡੀ ਪੱਧਰ ’ਤੇ ਘਟੀ ਹੈ।

ਇਸ ਦਾ ਮੁੱਖ ਕਾਰਨ ਵਿਕਾਸ ਦੇ ਨਾਮ ’ਤੇ ਬਣਾਈਆਂ ਗਈਆਂ ਕਲੋਨੀਆਂ-ਸੁਸਾਇਟੀਆਂ, ਵੱਡੀਆਂ ਸੜਕਾਂ ਅਤੇ ਵੱਡੇ-ਵੱਡੇ ਮਾਲਜ਼ ਹਨ। ਤਾਜ਼ਾ ਰਿਪੋਰਟ ਮੁਤਾਬਿਕ ਪੰਜਾਬ ਵਿੱਚੋਂ ਹਰਿਆਲੀ ਲਗਪਗ ਗ਼ਾਇਬ ਹੋ ਚੁੱਕੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਜੰਗਲਾਂ ਹੇਠਲਾ ਰਕਬਾ ਮਹਿਜ਼ 6.59 ਫ਼ੀਸਦੀ ਰਹਿ ਗਿਆ ਹੈ, ਜੋ ਬਾਕੀ ਸੂਬਿਆਂ ਦੇ ਮੁਕਾਬਲੇ ਸਭ ਤੋਂ ਘੱਟ ਹੈ। ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੇਂਦਰੀ ਜੰਗਲਾਤ ਅਤੇ ਵਾਤਾਵਰਨ ਮੰਤਰੀ ਕੀਰਤੀ ਵਰਧਨ ਨੇ ਦੱਸਿਆ ਕਿ ਦੇਸ਼ ਵਿੱਚ ਜੰਗਲਾਂ ਹੇਠ ਰਕਬਾ 8,27,357.95 ਵਰਗ ਕਿਲੋਮੀਟਰ ਹੈ, ਜੋ ਦੇਸ਼ ਦੇ ਕੁੱਲ ਭੂਗੋਲਿਕ ਖੇਤਰ 32,87,468.88 ਵਰਗ ਕਿਲੋਮੀਟਰ ਦਾ ਸਿਰਫ਼ 25.17 ਫ਼ੀਸਦੀ ਹੈ।

ਰਿਆਣੇ ’ਚ ਜੰਗਲਾਂ ਹੇਠਲਾ ਰਕਬਾ 7.48 ਫ਼ੀਸਦੀ, ਰਾਜਸਥਾਨ ’ਚ 8.00 ਫ਼ੀਸਦੀ, ਉੱਤਰ ਪ੍ਰਦੇਸ਼ 9.96 ਫ਼ੀਸਦੀ ਅਤੇ ਬਿਹਾਰ ’ਚ 10.52 ਫ਼ੀਸਦੀ ਹੈ। ਇਹ ਸਰਵੇਖਣ ਹਰ ਦੋ ਸਾਲ ਬਾਅਦ ਭਾਰਤੀ ਜੰਗਲਾਤ ਸਰਵੇਖਣ (ਐੱਫ ਐੱਸ ਆਈ), ਦੇਹਰਾਦੂਨ ਵੱਲੋਂ ਕੀਤਾ ਜਾਂਦਾ ਹੈ ਅਤੇ ਇਸ ਦੇ ਅੰਕੜੇ ‘ਇੰਡੀਆ ਸਟੇਟ ਔਫ ਫੌਰੈਸਟ ਰਿਪੋਰਟ’ ਵਿੱਚ ਜਾਰੀ ਕੀਤੇ ਜਾਂਦੇ ਹਨ। ਇਹ ਅੰਕੜੇ ਦੱਸਦੇ ਹਨ ਕਿ ਇਕੱਲੇ ਪੰਜਾਬ ਵਿੱਚ ਹੀ ਜੰਗਲਾਂ ਹੇਠਲਾ ਰਕਬਾ ਨਹੀਂ ਘਟਿਆ ਸਗੋਂ ਜਿਨ੍ਹਾਂ ਸੂਬਿਆਂ ਵਿੱਚ ਅਰਾਵਲੀ ਪਰਬਤ ਹੈ, ਉੱਥੇ ਵੀ ਜੰਗਲਾਂ ਹੇਠ ਰਕਬਾ ਘਟਿਆ ਹੈ, ਪਰ ਸੁਪਰੀਮ ਕੋਰਟ ਦੀ ਸਖ਼ਤੀ ਨੇ ਅਰਾਵਲੀ ਖੇਤਰ ਨੂੰ ਬਚਾ ਲਿਆ ਹੈ।

ਉਂਝ, ਪੰਜਾਬ ਸਮੇਤ ਦੇਸ਼ ਭਰ ਵਿੱਚ ਰੁੱਖਾਂ ਦੀ ਕਟਾਈ ਅਤੇ ਨਾਜਾਇਜ਼ ਖਣਨ ਕਾਰਨ ਤਬਾਹੀ ਹੋ ਰਹੀ ਹੈ। ਕਿਤੇ ਸਮੇਂ ਤੋਂ ਪਹਿਲਾਂ ਬਾਰਿਸ਼ਾਂ ਹੋ ਰਹੀਆਂ ਹਨ ਅਤੇ ਕਿਤੇ ਅਗੇਤੀ ਗਰਮੀ ਪੈ ਰਹੀ ਹੈ। ਜੇਕਰ ਇਹ ਵਰਤਾਰਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਆਉਣ ਵਾਲਾ ਸਮਾਂ ਬੇਹੱਦ ਭਿਆਨਕ ਹੋਵੇਗਾ। ਹਾਲਾਂਕਿ, ਰਾਜਸਥਾਨ ਵਰਗੇ ਰੇਤਲੇ ਸੂਬੇ ’ਚ ਵੱਡੇ ਪੱਧਰ ’ਤੇ ਰੁੱਖ ਲਾਉਣਾ ਚੁਣੌਤੀਪੂਰਨ ਕੰਮ ਹੈ। ਮੁੱਖ ਸਮੱਸਿਆ ਰੁੱਖਾਂ ਲਈ ਪਾਣੀ ਦਾ ਪ੍ਰਬੰਧ ਕਰਨਾ ਹੈ; ਪਰ ਝੁਨਝੁਨੂ ਵਿੱਚ ਇੱਕ ਵਿਅਕਤੀ ਨੇ ਪ੍ਰਤੀ ਰੁੱਖ ਸਿਰਫ਼ ਇੱਕ ਲਿਟਰ ਪਾਣੀ ਦੀ ਵਰਤੋਂ ਕਰ ਕੇ ਅੱਠ ਹੈਕਟੇਅਰ ਨੂੰ ਹਰਿਆ-ਭਰਿਆ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਇਸ ਸ਼ਖ਼ਸ ਨੂੰ ਭਾਰਤ ਸਰਕਾਰ ਦੁਆਰਾ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

ਸਾਨੂੰ ਰਾਜਸਥਾਨ ਦੇ ਇਸ ਵਿਅਕਤੀ ਤੋਂ ਸੇਧ ਲੈਣੀ ਚਾਹੀਦੀ ਹੈ ਕਿਉਂਕਿ ਪੰਜਾਬ ਕੋਲ ਤਾਂ ਪਾਣੀ ਵੀ ਹੈ ਤੇ ਚੰਗੀ ਜ਼ਮੀਨ ਵੀ ਹੈ, ਪਰ ਇਸ ਦੇ ਬਾਵਜੂਦ ਅਸੀਂ ਰੁੱਖ ਲਾਉਣ ਵਾਲੇ ਪਾਸੇ ਨਹੀਂ ਤੁਰੇ। ਪੰਜਾਬ ਵਿੱਚ ਵੱਡੇ ਪੱਧਰ ’ਤੇ ਦਰੱਖ਼ਤਾਂ ਦੀ ਕਟਾਈ ਹੋਣ ਅਤੇ ਜਲ ਸਰੋਤਾਂ ਦੀ ਸਾਫ਼-ਸਫ਼ਾਈ ਨਾ ਹੋਣ ਕਾਰਨ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਭੋਂ-ਵਿਗਿਆਨੀਆਂ ਦੀ ਮੰਨੀਏ ਤਾਂ ਜਿਹੜੀ ਜਗ੍ਹਾ ’ਤੇ ਰੁੱਖਾਂ ਦੀ ਗਿਣਤੀ ਘੱਟ ਹੋਵੇਗੀ, ਉੱਥੇ ਪਾਣੀ ਦਾ ਪੱਧਰ ਘਟੇਗਾ ਅਤੇ ਤਾਪਮਾਨ ਵਿੱਚ ਵਾਧਾ ਹੋਵੇਗਾ। ਪੰਜਾਬ ਵਿੱਚ ਪਿਛਲੇ ਕੁਝ ਸਮੇਂ ਦੌਰਾਨ ਆਏ ਹੜ੍ਹਾਂ ਦਾ ਸਭ ਤੋਂ ਵੱਡਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਇੱਥੇ ਵੱਡੇ ਪੱਧਰ ’ਤੇ ਰੁੱਖਾਂ ਦੀ ਕਟਾਈ ਹੋਈ ਹੈ ਅਤੇ ਦਰਿਆਵਾਂ ਨੂੰ ਬੰਨ੍ਹ ਮਾਰਨ ਕਾਰਨ ਇਨ੍ਹਾਂ ਨੇ ਆਪਣੇ ਮੁਹਾਣ ਬਦਲ ਲਏ ਹਨ। ਦਰਿਆ ਦੇ ਵਹਿਣ ’ਚ ਤਬਦੀਲੀ ਪਿੱਛੇ ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਜਾਂਦੀ ਛੇੜਛਾੜ ਨੂੰ ਮੁੱਖ ਕਾਰਨ ਮੰਨਿਆ ਗਿਆ ਹੈ।

ਹੜ੍ਹਾਂ ਕਾਰਨ ਪੰਜਾਬ ਵਿੱਚ ਹੋਈ ਤਬਾਹੀ ਨੇ ਜਿੱਥੇ ਇਹ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਇਨ੍ਹਾਂ ਹੜ੍ਹਾਂ ਲਈ ਖ਼ੁਦ ਜ਼ਿੰਮੇਵਾਰ ਹੈ, ਭਾਵੇਂ ਉਸ ਵਿੱਚ ਸਰਕਾਰਾਂ ਹੀ ਕਸੂਰਵਾਰ ਕਿਉਂ ਨਾ ਹੋਣ, ਉੱਥੇ ਕੁਝ ਰਿਪੋਰਟਾਂ ਨੇ ਪਿਛਲੇ ਸਾਲ 2025 ਵਿੱਚ ਆਏ ਹੜ੍ਹਾਂ ਨੂੰ ‘ਮੈਨ ਮੇਡ’ (ਮਨੁੱਖੀ ਗ਼ਲਤੀਆਂ ਦੇ ਸਿੱਟੇ ਵਜੋਂ ਆਏ) ਆਖਿਆ ਸੀ। ਦਰਅਸਲ, ਹੜ੍ਹਾਂ ਦਾ ਅਸਲ ਕਾਰਨ ਰੁੱਖਾਂ ਦੀ ਕਟਾਈ ਹੀ ਹੈ। ਦੂਜਾ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਪੰਜਾਬ ਵਿੱਚ ਪਿਛਲੇ 10-12 ਸਾਲਾਂ ਦੌਰਾਨ ਵੱਡੇ ਪੱਧਰ ’ਤੇ ਨਾਜਾਇਜ਼ ਖਣਨ ਹੋਇਆ। ਨਾਜਾਇਜ਼ ਖਣਨ ਕਾਰਨ ਜਿੱਥੇ ਧਰਤੀ ਖੋਖਲੀ ਹੋਈ, ਉੱਥੇ ਧਰਤੀ ਦੀ ਪਾਣੀ ਜਜ਼ਬ ਕਰਨ ਦੀ ਸਮਰੱਥਾ ਵੀ ਘਟ ਗਈ। ਉਂਜ, ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪੰਜਾਬੀਆਂ ਨਾਲ ਕਈ ਤਰ੍ਹਾਂ ਦੇ ਵਾਅਦੇ ਕੀਤੇ, ਜੋ ਵਫ਼ਾ ਨਾ ਹੋ ਸਕੇ।

ਪੰਜਾਬ ਵਿੱਚ ਪਿਛਲੇ ਕੁਝ ਸਮੇਂ ਤੋਂ ਸਟੇਟ ਹਾਈਵੇਅ, ਕੌਮੀ ਮਾਰਗ ਅਤੇ ਲਿੰਕ ਸੜਕਾਂ ਬਣ ਰਹੀਆਂ ਹਨ। ਜੇਕਰ ਮੰਨ ਲਈਏ ਕਿ ਲਿੰਕ ਸੜਕਾਂ ਆਮ ਜਨਤਾ ਵਾਸਤੇ ਸਰਕਾਰ ਦੁਆਰਾ ਬਣਾਈਆਂ ਜਾਂਦੀਆਂ ਹਨ, ਪਰ ਕੌਮੀ ਜਾਂ ਸਟੇਟ ਹਾਈਵੇਅ ਕਾਹਦੇ ਵਾਸਤੇ ਕੱਢੇ ਜਾਂਦੇ ਹਨ ? ਕੀ ਲੋਕਾਂ ਦੇ ਸਮੇਂ ਦੀ ਬੱਚਤ ਵਾਸਤੇ ਇਹ ਹਾਈਵੇਅ ਕੱਢੇ ਜਾ ਰਹੇ ਹਨ ਜਾਂ ਫਿਰ ਇਸ ਦੇ ਪਿੱਛੇ ਦਾ ਕੋਈ ਹੋਰ ਕਾਰਨ ਹੈ ? ਕਾਰਨ ਕੁਝ ਵੀ ਹੋਣ, ਪਰ ਜਦੋਂ ਪੰਜਾਬ ਦੀ ਉਪਜਾਊ ਧਰਤੀ ’ਤੇ ਇਸ ਤਰ੍ਹਾਂ ਦੇ ਹਾਈਵੇਅ ਨਿਕਲਦੇ ਹਨ ਤਾਂ ਉਸ ਨਾਲ ਹਜ਼ਾਰਾਂ ਏਕੜ ਵਾਹੀਯੋਗ ਜ਼ਮੀਨ ਖ਼ਤਮ ਹੋ ਜਾਂਦੀ ਹੈ ਅਤੇ ਉਸ ਥਾਂ ਵਿੱਚ ਲੱਗੇ ਦਰੱਖਤ ਵੀ ਵੱਢ ਦਿੱਤੇ ਜਾਂਦੇ ਹਨ। ਦਰਅਸਲ, ਇਸ ਪਿੱਛੇ ਕਾਰਪੋਰੇਟ ਘਰਾਣਿਆਂ ਦੀ ਸੋਚ ਹੈ, ਜਿਹੜੀ ਸਾਨੂੰ ਫੌਰੀ ਤਾਂ ਨਹੀਂ ਦਿਸ ਰਹੀ ਪਰ ਭਵਿੱਖ ਵਿੱਚ ਇਸ ਦਾ ਭਿਆਨਕ ਅਸਰ ਜ਼ਰੂਰ ਦੇਖਣ ਨੂੰ ਮਿਲ ਸਕਦਾ ਹੈ। ਕੀ ਪੰਜਾਬ ਸਰਕਾਰ ਸੂਬੇ ਨੂੰ ਮੁੜ ਹਰਿਆ ਭਰਿਆ ਬਣਾਉਣ ਲਈ ਸੱਚਮੁੱਚ ਜ਼ਮੀਨੀ ਪੱਧਰ ’ਤੇ ਕੰਮ ਕਰੇਗੀ ?



# ਰੋਜ਼ੀ-ਰੋਟੀ ਵੀ ਦਿੰਦੀਆਂ ਹਨ ਨਦੀਆਂ

## ਮਿੱਟੀ, ਪਾਣੀ, ਰੁੱਖਾਂ ਅਤੇ ਵਾਤਾਵਰਣ ਦੀ ਰੱਖਿਆ ਕਰਨ ਦੀ ਲੋੜ

ਬਾਬਾ ਮਾਇਆ ਰਾਮ

ਬਰਸਾਤ ਦਾ ਮੌਸਮ ਆ ਗਿਆ ਹੈ। ਸੁੱਕੀਆਂ ਨਦੀਆਂ, ਨਾਲਿਆਂ, ਤਲਾਬਾਂ ਅਤੇ ਖੂਹਾਂ ਵਿੱਚ ਪਾਣੀ ਵਧਿਆ ਹੈ। ਗਰਮੀਆਂ ਵਿੱਚ ਸੁੱਕ ਕੇ ਅਲੋਪ ਹੋ ਜਾਣ ਵਾਲੀਆਂ ਨਦੀਆਂ, ਮੀਂਹ ਆਉਂਦੇ ਹੀ ਦੁਬਾਰਾ ਵਗਣਾ ਸ਼ੁਰੂ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਦੇਖਣਾ ਕਿਸੇ ਲਾਪਤਾ ਵਿਅਕਤੀ ਨੂੰ ਅਚਾਨਕ ਲੱਭਣ ਵਾਂਗ ਹੀ ਖੁਸ਼ੀ ਦਿੰਦਾ ਹੈ। ਮਛੇਰਿਆਂ ਦੀਆਂ ਗਤੀਵਿਧੀਆਂ ਵਧ ਜਾਂਦੀਆਂ ਹਨ, ਕਿਉਂਕਿ ਨਦੀ ਉਨ੍ਹਾਂ ਦੀ ਰੋਜ਼ੀ-ਰੋਟੀ ਹੈ। ਅੱਜ, ਅਸੀਂ ਨਦੀ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਕੋਸ਼ਿਸ਼ ਕਰਾਂਗੇ, ਤਾਂ ਜੋ ਅਸੀਂ ਇਸਨੂੰ ਸੰਪੂਰਨ ਰੂਪ ਵਿੱਚ ਸਮਝ ਸਕੀਏ।

ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ, ਤਾਂ ਉਸ ਸਮੇਂ ਨਦੀਆਂ ਸਦੀਵੀ ਸਨ, ਸਾਰਾ ਸਾਲ ਵਗਦੀਆਂ ਸਨ। ਮੱਧ ਪ੍ਰਦੇਸ਼ ਦੇ ਸਤਪੁਰਾ ਖੇਤਰ ਵਿੱਚ, ਜਿੱਥੇ ਮੈਂ ਆਪਣਾ ਬਚਪਨ ਬਿਤਾਇਆ ਸੀ, ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰੀਆਂ ਨਦੀਆਂ ਸੁੱਕ ਗਈਆਂ ਹਨ। ਲਗਾਤਾਰ ਸੋਕੇ ਅਤੇ ਘੱਟ ਬਾਰਿਸ਼ ਕਾਰਨ, ਬਹੁਤ ਸਾਰੀਆਂ ਸਦੀਵੀ ਨਦੀਆਂ ਹੁਣ ਮੌਸਮੀ ਨਾਲੇ ਬਣ ਗਈਆਂ ਹਨ। ਦੂੱਧੀ, ਮਾਛਵਾਸਾ, ਪਾਲਕਾਮਤੀ, ਸ਼ੱਕਰ ਅਤੇ ਛਿੰਗਰੀ ਵਰਗੀਆਂ ਨਦੀਆਂ ਜਾਂ ਤਾਂ ਸੁੱਕ ਗਈਆਂ ਹਨ ਜਾਂ ਸੁੱਕਣ ਦੇ ਕੰਢੇ ’ਤੇ ਹਨ। ਸਾਡੇ ਪਿੰਡ ਵਿੱਚ ਕੋਈ ਦੁੱਧੀ ਨਦੀ ਨਹੀਂ ਸੀ। ਪਿੰਡ ਵਿੱਚ ਮਛੇਰੇ ਸਨ ਜੋ ਸਵੇਰੇ ਜਲਦੀ ਮੱਛੀਆਂ ਫੜਨ ਜਾਂਦੇ ਸਨ, ਮੱਛੀਆਂ ਨੂੰ ਖੁਦ ਪਕਾਉਂਦੇ ਅਤੇ ਖਾਂਦੇ ਸਨ ਅਤੇ ਇਸਨੂੰ ਆਂਢ-ਗੁਆਂਢ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਵੇਚਦੇ ਸਨ। ਇਹ ਉਨ੍ਹਾਂ ਲਈ ਪੋਸ਼ਣ ਅਤੇ ਰੋਜ਼ੀ-ਰੋਟੀ ਦੋਵਾਂ ਦਾ ਸਰੋਤ ਸੀ। ਇਹ ਨਦੀ ਬੱਚਿਆਂ ਲਈ ਇੱਕ ਬਹੁਤ ਹੀ ਯਾਦਗਾਰੀ ਅਨੁਭਵ ਹੈ।

ਇੱਥੇ, ਬਹੁਤ ਸਾਰੀਆਂ ਛੋਟੀਆਂ ਨਦੀਆਂ ਸਤਪੁਰਾ ਪਹਾੜਾਂ ਤੋਂ ਨਿਕਲਦੀਆਂ ਹਨ ਅਤੇ ਨਰਮਦਾ ਨਦੀ ਵਿੱਚ ਵਗਦੀਆਂ ਹਨ। ਇਹ ਸਾਰੀਆਂ ਨਦੀਆਂ, ਜੋ ਕਦੇ ਨਰਮਦਾ ਵਰਗੀਆਂ ਵੱਡੀਆਂ ਨਦੀਆਂ ਨੂੰ ਪਾਣੀ ਦਿੰਦੀਆਂ ਸਨ, ਹੁਣ ਜਾਂ ਤਾਂ ਮਰ ਰਹੀਆਂ ਹਨ ਜਾਂ ਸੁੱਕ ਰਹੀਆਂ ਹਨ। ਇਹ ਨਰਮਦਾ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਇਸ ਨੂੰ ਹੁਣ ਗਰਮੀਆਂ ਦੇ ਮੌਸਮ ਵਿੱਚ ਪੈਦਲ ਪਾਰ ਕੀਤਾ ਜਾ ਸਕਦਾ ਹੈ, ਜਦੋਂ ਕਿ ਪਹਿਲਾਂ, ਇਸਨੂੰ ਕਿਸ਼ਤੀ ਦੁਆਰਾ ਪਾਰ ਕਰਨਾ ਪੈਂਦਾ ਸੀ। ਨਦੀਆਂ ਅਤੇ ਪਹਾੜਾਂ ਨੇ ਹਮੇਸ਼ਾ ਮਨੁੱਖਾਂ ਨੂੰ ਆਕਰਸ਼ਿਤ ਕੀਤਾ ਹੈ। ਸਭਿਅਤਾਵਾਂ ਨਦੀਆਂ ਦੇ ਕੰਢਿਆਂ ’ਤੇ ਵਧੀਆਂ-ਫੁੱਲੀਆਂ ਹਨ ਅਤੇ ਸੱਭਿਆਚਾਰਾਂ ਦਾ ਵਿਕਾਸ ਹੋਇਆ ਹੈ। ਕਵੀਆਂ, ਲੇਖਕਾਂ ਅਤੇ ਰਿਸ਼ੀਆਂ ਨੇ ਵੀ ਨਦੀਆਂ ਦੀ ਮਹਿਮਾ ਦਾ ਗੁਣਗਾਨ ਕੀਤਾ ਹੈ। ਸਭਿਅਤਾਵਾਂ ਕਦੇ ਇਨ੍ਹਾਂ ਨਦੀਆਂ ਦੇ ਕੰਢਿਆਂ ’ਤੇ ਵਧੀਆਂ-ਫੁੱਲੀਆਂ ਸਨ। ਸਤਪੁਰਾ ਦੀਆਂ ਨਦੀਆਂ ਵੰਜਾ ਹਨ, ਹਿਮਜਾ ਨਹੀਂ। ਇਸਦਾ ਮਤਲਬ ਹੈ ਕਿ ਉਨ੍ਹਾਂ ਦਾ ਪਾਣੀ ਦਾ ਸਰੋਤ ਜੰਗਲ ਹੈ, ਜਦੋਂ ਕਿ ਉੱਤਰੀ ਭਾਰਤ ਦੀਆਂ ਸਾਰੀਆਂ ਨਦੀਆਂ ਹਿਮਾਲਿਆ ਵਿੱਚ ਉਤਪੰਨ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ ਉਹ ਹਿਮਜਾ, ਬਰਫ਼ ਹਨ। ਇੱਕ ਸਮੇਂ ਦੀ ਗੱਲ ਹੈ ਕਿ ਸਤਪੁਰਾ ਸੰਘਣੇ ਜੰਗਲਾਂ ਨਾਲ ਢੱਕਿਆ ਹੋਇਆ ਸੀ, ਜੋ ਹੁਣ ਨਹੀਂ ਰਹੇ। ਮੈਦਾਨੀ ਇਲਾਕਿਆਂ ਵਿੱਚ ਜੰਗਲ ਘੱਟ ਗਏ ਹਨ। ਇਹ ਪ੍ਰਭਾਵ ਦਰਿਆਵਾਂ ’ਤੇ ਵੀ ਦਿਖਾਈ ਦੇ ਰਿਹਾ ਹੈ। ਇਨ੍ਹਾਂ ਦਰਿਆਵਾਂ ਦੇ ਕੰਢੇ ਰਹਿਣ ਵਾਲੇ ਕੇਵਟ, ਬੜੌਆ, ਮਾਂਝੀ ਅਤੇ ਕਹਾਰ ਭਾਈਚਾਰੇ, ਜੋ ਪਹਿਲਾਂ ਦਰਿਆਵਾਂ ਵਿੱਚ ਮੱਛੀਆਂ ਫੜਦੇ ਸਨ, ਹੁਣ ਦਰਿਆਵਾਂ ਦੇ ਸੁੱਕਣ ਕਾਰਨ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਮੱਛੀਆਂ ਫੜਨ ਦੇ ਨਾਲ-ਨਾਲ, ਇਹ ਲੋਕ ਦਰਿਆ ਦੀ ਰੇਤ ਵਿੱਚ ਕਿਸ਼ਤੀ ਚਲਾਉਣ ਅਤੇ ਡੰਗਰਬਾੜੀ (ਤਰਬੂਜ ਅਤੇ ਖਰਬੂਜੇ ਦੀ ਖੇਤੀ) ਦਾ ਵੀ ਅਭਿਆਸ ਕਰਦੇ ਸਨ। ਨਰਮਦਾ ਡੈਮਾਂ ਤੋਂ ਪਾਣੀ ਦੇ ਅਚਾਨਕ ਛੱਡਣ ਕਾਰਨ, ਦਰਿਆ ਦੇ ਕੰਢੇ ਹੋਣ ਵਾਲੀ ਤਰਬੂਜ ਅਤੇ ਖਰਬੂਜੇ ਦੀ ਖੇਤੀ ਹੁਣ ਸੰਭਵ ਨਹੀਂ ਹੈ। ਪਾਣੀ ਕਿੱਥੇ ਗਿਆ ਹੈ ? ਦਰਿਆ ਕਿਉਂ ਸੁੱਕ ਰਹੇ ਹਨ ? ਪਹਿਲਾਂ, ਜੰਗਲ ਘੱਟ ਰਹੇ ਹਨ। ਸਤਪੁਰਾ ਅਤੇ ਖਾਸ ਕਰਕੇ ਨਰਮਦਾ ਬੇਸਿਨਾਂ ਵਿੱਚ ਸੰਘਣੀ ਬਨਸਪਤੀ ਅਤੇ ਝਾੜੀਆਂ ਹੁੰਦੀਆਂ ਸਨ। ਰੁੱਖ ਪਾਣੀ ਦੀ ਸੰਭਾਲ ਕਰਦੇ ਹਨ। ਉਹ ਆਪਣੇ ਸਿਰਾਂ, ਜਾਂ ਪੱਤਿਆਂ ’ਤੇ ਮੀਂਹ ਦਾ ਪਾਣੀ ਰੱਖਦੇ ਹਨ। ਪਾਣੀ ਪੱਤਿਆਂ ਤੋਂ ਟਾਹਣੀਆਂ, ਜਾਂ ਬਾਹਾਂ ਤੱਕ ਵਗਦਾ ਹੈ, ਅਤੇ ਫਿਰ ਟਾਹਣੀਆਂ ਤੋਂ ਹੇਠਾਂ ਜੜ੍ਹਾਂ ਤੱਕ ਜਾਂਦਾ ਹੈ। ਦਰੱਖਤਾਂ ਦੇ ਆਲੇ-ਦੁਆਲੇ ਸਿਉਂਕ ਅਤੇ ਹੋਰ ਕੀੜੇ ਮਿੱਟੀ ਨੂੰ ਨਰਮ ਅਤੇ ਢਿੱਲਾ ਬਣਾਉਂਦੇ ਹਨ, ਜਿਸ ਨਾਲ ਪਾਣੀ ਜ਼ਮੀਨ ਵਿੱਚ ਰਿਸ ਜਾਂਦਾ ਹੈ, ਜਿਸ ਨਾਲ ਧਰਤੀ ਨੂੰ ਪੋਸ਼ਣ ਮਿਲਦਾ ਹੈ। ਇਸੇ ਤਰ੍ਹਾਂ, ਪਿੰਡਾਂ ਵਿੱਚ ਪਹਿਲਾਂ ਮਿੱਟੀ ਦੇ ਘਰ ਹੁੰਦੇ ਸਨ। ਘਰ ਬਣਾਉਣ ਲਈ ਆਲੇ-ਦੁਆਲੇ ਤੋਂ ਮਿੱਟੀ ਲਈ ਜਾਂਦੀ ਸੀ। ਮਿੱਟੀ ਪੁੱਟਣ ਨਾਲ ਇੱਕ ਟੋਆ ਬਣ ਜਾਂਦਾ ਸੀ। ਫਿਰ, ਘਰਾਂ ਦੇ ਅੱਗੇ ਅਤੇ ਪਿੱਛੇ ਵਾੜਾਂ ਸਨ। ਘਰੇਲੂ ਰਹਿੰਦ-ਖੂੰਹਦ ਸੁੱਟਣ ਲਈ ਇੱਕ ਘੁਰ (ਕੂੜਾ ਡੰਪਿੰਗ ਏਰੀਆ) ਸੀ। ਇਨ੍ਹਾਂ ਟੋਇਆਂ ਵਿੱਚ ਇਕੱਠਾ ਹੋਇਆ ਪਾਣੀ ਜ਼ਮੀਨ ਵਿੱਚ ਰਿਸ ਜਾਂਦਾ ਸੀ। ਪਰ ਹੁਣ, ਘਰ ਕੰਕਰੀਟ ਬਣ ਰਹੇ ਹਨ। ਸੜਕਾਂ ਅਤੇ ਨਾਲੀਆਂ ਵੀ ਕੰਕਰੀਟ ਬਣ ਰਹੀਆਂ ਹਨ, ਇਸ ਲਈ ਪਾਣੀ ਹੁਣ ਹੇਠਾਂ ਨਹੀਂ ਰਿਸਦਾ। ਰਸਾਇਣਕ ਖੇਤੀ ਤੋਂ ਪਿਆਸੇ ਬੀਜਾਂ ਦੀ ਸ਼ੁਰੂਆਤ ਨਦੀਆਂ ਦੇ ਸਤਹੀ ਪਾਣੀ ਨੂੰ ਵੀ ਕੱਢ ਰਹੀ ਹੈ। ਡੀਜ਼ਲ ਇੰਜਣਾਂ ਜਾਂ ਇਲੈਕਟ੍ਰਿਕ ਮੋਟਰ ਪੰਪਾਂ ਦੀ ਵਰਤੋਂ ਕਰਕੇ ਦਰਿਆਵਾਂ ਤੋਂ ਸਿੱਧਾ ਪਾਣੀ ਕੱਢਿਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਦਰਿਆ ਦੇ ਕਿਨਾਰੇ ਅਰਜੁਨ, ਖਾਕਰਾ (ਪਲਾਸ਼), ਗੁਲਰ ਅਤੇ ਹੋਰ ਛੋਟੇ-ਵੱਡੇ ਪੌਦਿਆਂ ਜਿਵੇਂ ਕਿ ਘਾਹ ਅਤੇ ਬੰਜਰ ਜ਼ਮੀਨ ਨਾਲ ਢੱਕੇ ਹੋਏ ਸਨ। ਇਹ ਮਿੱਟੀ ਅਤੇ ਪਾਣੀ ਨੂੰ ਵੀ ਪੋਸ਼ਣ ਦਿੰਦਾ ਹੈ। ਬਾਬੂ ਲਾਲ ਦਹੀਆ, ਜੋ ਦੇਸੀ ਬੀਜਾਂ ਨੂੰ ਬਚਾਉਣ ਵਿੱਚ ਲੱਗੇ ਹੋਏ ਹਨ, ਕਹਿੰਦੇ ਹਨ ਕਿ ਜਦੋਂ ਬਰਸਾਤ ਦੇ ਮੌਸਮ ਵਿੱਚ ਨਦੀਆਂ ਵਿੱਚ ਹੜ੍ਹ ਆਉਂਦਾ ਹੈ, ਤਾਂ ਮੱਛੀਆਂ ਪਹਾੜਾਂ ਵਿੱਚ ਹਵਾਈ ਜਹਾਜ਼ਾਂ ਵਾਂਗ ਚੜ੍ਹ ਜਾਂਦੀਆਂ ਹਨ ਅਤੇ ਫਿਰ ਤਲਾਬਾਂ ਅਤੇ ਖੇਤਾਂ ਵਿੱਚ ਫੈਲ ਜਾਂਦੀਆਂ ਹਨ। ਉਹ ਉੱਥੇ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਉੱਥੇ ਭੋਜਨ ਮਿਲਦਾ ਹੈ, ਅਤੇ ਉੱਥੇ ਕੀੜੇ-ਮਕੌੜੇ ਭਰਪੂਰ ਹੁੰਦੇ ਹਨ। ਉਹ ਦੱਸਦੇ ਹਨ ਕਿ ਪੂਰੀ ਭੋਜਨ ਲੜੀ ਬਰਕਰਾਰ ਰਹਿੰਦੀ ਹੈ। ਜਲਪੰਛੀ ਮੱਛੀਆਂ ਨੂੰ ਖਾਂਦੇ ਹਨ, ਗਿੱਦੜ ਅਤੇ ਲੂੰਬੜੀ ਉਨ੍ਹਾਂ ਨੂੰ ਖਾਂਦੇ ਹਨ, ਉਕਾਬ ਅਤੇ ਸੱਪ ਉਨ੍ਹਾਂ ਨੂੰ ਖਾਂਦੇ ਹਨ। ਪਰ ਰਸਾਇਣਕ ਖੇਤੀ ਦੇ ਆਉਣ ਅਤੇ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਬੇਤਹਾਸ਼ਾ ਵਰਤੋਂ ਤੋਂ ਬਾਅਦ, ਇਹ ਲੜੀ ਟੁੱਟ ਗਈ ਹੈ। ਹੁਣ, ਮੱਛੀਆਂ ਮਰ ਰਹੀਆਂ ਹਨ। ਪਿੰਡ ਵਾਸੀ ਮੱਛੀਆਂ ਵਿੱਚ ਗਿਰਾਵਟ ਦੇ ਦੋ ਹੋਰ ਕਾਰਨ ਦੱਸਦੇ ਹਨ। ਪਹਿਲਾ, ਮੱਛੀਆਂ ਦਾ ਹੁਣ ਜ਼ਹਿਰੀਲੇ ਰਸਾਇਣਾਂ ਨਾਲ ਸ਼ਿਕਾਰ ਕੀਤਾ ਜਾ ਰਿਹਾ ਹੈ, ਜੋ ਨਾ ਸਿਰਫ਼ ਦਰਿਆ ਦੀਆਂ ਮੱਛੀਆਂ ਨੂੰ ਸਗੋਂ ਹੋਰ ਜਾਨਵਰਾਂ ਨੂੰ ਵੀ ਮਾਰਦੇ ਹਨ।

(ਬਾਕੀ ਸਫ਼ਾ 27 ’ਤੇ)




ਪੰਦਰਾਂ-ਸੋਲ੍ਹਾਂ ਵਰ੍ਹਿਆਂ ਦੀ ਪਟੋਲਾ ਤੇ ਮਲੂਕ ਜਿਹੀ ਨੂਰੀ, ਜਿਹਨੂੰ ਇਹ ਵੀ ਪਤਾ ਨਹੀਂ ਸੀ ਪਈ ਉਹ ਜਵਾਨੀ ਦੀ ਬਰੂੰਹਾਂ ਉੱਤੇ ਪੈਰ ਰੱਖ ਚੁੱਕੀ ਏ। ਛਾਊਂ ਮਾਊਂ, ਭੋਲੀ ਭਾਲੀ ਤੇ ਸ਼ਰਮੀਲੀ ਜਿਹੀ ਨੂਰੀ ਰੋਜ਼ ਸ਼ਾਮ ਵੇਲੇ ਆਪਾਂ ਹਮੀਦਾਂ ਕੋਲ ਪੜ੍ਹਨ ਆਉਂਦੀ ਸੀ। ਆਪਾਂ ਜੀ ਕੋਲ ਸਵੇਰੇ-ਸ਼ਾਮੀਂ ਹੋਰ ਵੀ ਬਥੇਰੇ ਬਾਲ ਪੜ੍ਹਨ ਆਉਂਦੇ। ਲੋਕ ਆਪਣੀਆਂ ਕੁੜੀਆਂ ਨੂੰ ਬੇ-ਧੜਕ ਹੋ ਕੇ ਉਨ੍ਹਾਂ ਕੋਲ ਸਬਕ ਪੜ੍ਹਨ ਲਈ ਘੱਲਦੇ ਸਨ। ਆਪਾਂ ਹੋਰੀਂ ਹੈ ਵੀ ਤਾਂ ਪਿੰਡ ਦੀ ਬਹੁਤ ਈ ਨੇਕੋ-ਕਾਰ ਬੀਬੀ ਸਨ। ਉਨ੍ਹਾਂ ਉੱਤੇ ਇਤਬਾਰ ਨਾ ਕਰਦੇ ਤਾਂ ਹੋਰ ਕੀਹਦੇ ਉੱਤੇ ਕਰਨਾ ਸੀ। ਆਪਾਂ ਜੀ ਦਾ ਘਰ ਵਾਲਾ ਸਾਦਿਕ ਮਸਕਟ ਵਿੱਚ ਡਰਾਈਵਰੀ ਕਰਦਾ ਸੀ ਤੇ ਉਹ ਆਪ ਦੋ ਇਆਣੀਆਂ ਨਾਲ ਇਕੱਲੇ ਈ ਰਹਿੰਦੇ ਸਨ।

ਵਿਆਹ ਕੇ ਉਹ ਸਾਂਝੇ ਟੱਬਰ ਵਿੱਚ ਸਹੁਰੇ ਘਰ ਈ ਆਏ। ਮਦਰਸੇ ਦੇ ਪੜ੍ਹੇ ਸਨ, ਇਸ ਲਈ ਉਨ੍ਹਾਂ ਦਾ ਆਪਣਾ ਵੱਖਰਾ ਹੀ ਸੁਭਾਅ ਸੀ। ਹਰ ਮਸਲੇ ਦਾ ਉਨ੍ਹਾਂ ਨੂੰ ਪਤਾ ਸੀ ਪਰ ਘਰ ਦੇ ਪੀਰ ਨੂੰ ਕੌਣ ਮੰਨਦਾ ਏ! ਨਾ ਇਹ ਸਹੁਰਿਆਂ ਵਿੱਚ ਰੱਲੇ ਤੇ ਨਾ ਉਨ੍ਹਾਂ ਰਲਾਇਆ। ਤੂੰ-ਤੂੰ, ਮੈਂ-ਮੈਂ ਹੁੰਦੀ ਰਹਿੰਦੀ। ਅਖ਼ੀਰ ਭੰਡੀ ਮੁਕਾਉਣ ਲਈ ਸਾਦਿਕ ਨੇ ਇਹ ਵੱਖਰਾ ਮਕਾਨ ਬਣਾ ਲਿਆ, ਜਿੱਥੇ ਹੁਣ ਉਹਦਾ ਬਾਲ-ਬੱਚਾ ਰਹਿੰਦਾ ਪਿਆ ਏ।

ਆਪਾਂ ਹਮੀਦਾਂ ਦੇ ਘਰ ਦੇ ਸਾਹਮਣੇ ਈ ਗੋਗੇ ਦੀ ਵੀਡੀਓ-ਸ਼ਾਪ ਸੀ। ਜਿੱਥੇ ਉਹ ਸੀ. ਡੀ. ਪਲੇਅਰ, ਫ਼ਿਲਮਾਂ ਤੇ ਡਰਾਮਿਆਂ ਦੀਆਂ ਸੀਡੀਆਂ ਕਿਰਾਏ ’ਤੇ ਦਿੰਦਾ। ਜੇ ਕਿਸੇ ਸੀ. ਡੀ. ਮੁੱਲ ਲੈਣੀ ਹੁੰਦੀ, ਉਹ ਵੀ ਉਹਦੇ ਕੋਲੋਂ ਲੱਭ ਜਾਂਦੀ। ਦੁਕਾਨ ਉੱਤੇ ਡੈੱਕ ਚਲਦਾ ਰਹਿੰਦਾ। ਉਹਦਾ ਵਾਹਵਾ ਕੰਮ ਚੱਲਿਆ ਹੋਇਆ ਸੀ। ਮੈਟ੍ਰਿਕ ਫ਼ੇਲ੍ਹ ਗੋਗਾ ਚੌਵੀ ਪੰਜੀ ਵਰ੍ਹਿਆਂ ਦਾ ਦਰਮਿਆਨੀ ਸ਼ਕਲ-ਸੂਰਤ ਦਾ ਮੁੰਡਾ ਸੀ। ਠੀਹਾ ਉਹਦਾ ਆਪਣਾ ਸੀ ਤੇ ਆਮਦਨੀ ਗੁਜ਼ਾਰੇ ਮਾਫ਼ਕ ਚੰਗੀ, ਪਰ ਫ਼ਿਰ ਵੀ ਉਹ ਬਾਹਰ ਜਾਣਾ ਚਾਹੁੰਦਾ ਸੀ ਤਾਂ ਜੇ ਰੱਜ ਕੇ ਕਮਾਈ ਕਰ ਸਕੇ।

ਦੁਕਾਨ ’ਤੇ ਕਦੀ ਕੋਈ ਲੱਸੀ-ਪਾਣੀ ਦੀ ਜਾਂ ਕੋਈ ਛੋਟੀ ਮੋਟੀ ਲੋੜ ਪੈਂਦੀ ਤਾਂ ਆਪਾਂ ਹਮੀਦਾਂ ਕਦੀ ਨੱਕ-ਦੰਦੀ ਨਹੀਂ ਸੀ ਵੱਟਦੀ। ਗੋਗੇ ਦਾ ਵੀ ‘ਆਪਾਂ, ਆਪਾਂ’ ਆਖਦਿਆਂ ਮੂੰਹ ਸੁੱਕਦਾ ਸੀ। ਹਮੀਦਾਂ ਦੀ ਜ਼ਰਾ ਜਿੰਨੀ ਆਵਾਜ਼ ਉੱਤੇ ਵੀ ਉਹ ਹਰ ਵੇਲੇ ਹਾਜ਼ਰ ਹੁੰਦਾ। ਗੋਗੇ ਨੂੰ ਥੋੜ੍ਹਾ ਇਹ ਵੀ ਲਾਲਚ ਹੋਵੇਗਾ ਪਈ ਸਾਦਿਕ ਉਹਨੂੰ ਬਾਹਰ ਲੈ ਜਾਏ। ਉਂਝ ਵੀ ਗੁਆਂਢ ਚੰਗਾ ਹੋਵੇ ਤਾਂ ਬੰਦਾ ਇੱਕ ਦੂਜੇ ਦੀ ਲੋੜ ਬਣ ਜਾਂਦਾ ਏ। ਵੇਲੇ ਨੇ ਆਪਾਂ ਹਮੀਦਾਂ ਤੇ ਗੋਗੇ ਨੂੰ ਵੀ ਇੱਕ ਦੂਜੇ ਦੀ ਲੋੜ ਬਣਾ ਛੱਡਿਆ। ਸੀਮਾ ਤੇ ਗੋਗੇ ਨੂੰ ਹੁੱਜਤਾਂ ਕਰਦਾ ਰਹਿੰਦਾ ਸੀ ਪਈ, ਨਿਰਾ ਸੁੱਕੇ ’ਤੇ ਮਿਲ ਮਾਹੀਆ ਏ! ਜਾਂ ਹਮੀਦਾਂ ਕੋਲੋਂ ਤੂੰ ਵੀ ਕੋਈ ਸਬਕ ਲੈਣਾ ਐਂ?

ਗੋਗਾ ਅੱਗੋਂ ਹੱਸ ਕੇ ਗੱਲ ਟਾਲ ਦਿੰਦਾ।

ਸ਼ਾਮ ਤੋਂ ਬਾਅਦ ਗੋਗੇ ਦੀ ਦੁਕਾਨ ’ਤੇ ਬਹੁਤਾ ਰਸ਼ ਹੁੰਦਾ ਤੇ ਕੁਫ਼ਤਾਂ ਵੇਲੇ ਤੱਕ ਗਾਹਕਾਂ ਦਾ ਆਉਣ-ਜਾਣ ਲੱਗਾ ਰਹਿੰਦਾ। ਉਹਦੀ ਦੁਕਾਨ ਉੱਤੇ ਮੁੰਡੀਕੇ ਦੀ ਵੀ ਮੰਡਲੀ ਲੱਗੀ ਰਹਿੰਦੀ ਪਰ ਸੀਮਾ ਈ ਉਹਦਾ ਇਕੱਲਾ ਜਿਗਰੀ ਯਾਰ ਸੀ ਜਿਹਦੇ ਨਾਲ ਉਹ ਦੁੱਖ-ਸੁਖ ਵੀ ਫੋਲ ਲੈਂਦਾ ਸੀ।

ਸਾਰਾ ਦਿਨ ਉਹ ਡੈੱਕ ਚਲਾਈ ਰੱਖਦਾ ਪਰ ਜਦੋਂ ਆਪਾਂ ਜੀ ਕੋਲ਼ ਬੱਚੀਆਂ ਤੇ ਕੁੜੀਆਂ ਦੇ ਸਬਕ ਪੜ੍ਹਨ ਦਾ ਵੇਲਾ ਹੁੰਦਾ, ਉਹ ਆਵਾਜ਼ ਹੌਲੀ ਕਰ ਦਿੰਦਾ।

ਆਪਾਂ ਜੀ ਵੱਲ ਪੜ੍ਹਨ ਲਈ ਆਉਂਦੀ-ਜਾਂਦੀ ਨੂਰੀ ਵੱਲ ਕਦੀ ਗੋਗੇ ਦੀ ਝਾਤੀ ਪੈ ਜਾਣੀ ਤੇ ਉਹਦੇ ਦਿਲ ਨੂੰ ਇੱਕ ਖਿੱਚ ਜਿਹੀ ਪੈਣੀ। ਜਿੰਨੀ ਦੇਰ ਨੂਰੀ ਨਜ਼ਰਾਂ ਤੋਂ ਓਹਲੇ ਨਾ ਹੋਣਾ, ਗੋਗੇ ਨੇ ਉਹਦੇ ਵੱਲ ਵੇਖਦਿਆਂ ਈ ਰਹਿਣਾ।

ਕਦੀ ਮੁੰਡਿਆਂ ਨੂਰੀ ਦੀ ਅੱਲ੍ਹੜ ਜਵਾਨੀ ਦੀ ਗੱਲ ਛੋਹਣੀ ਤਾਂ ਗੋਗੇ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗ ਪੈਣਾ। ਨੂਰੀ ਦੇ ਇੱਕ ਫੇਰੇ ਤੋਂ ਬਾਅਦ ਉਹਦੇ ਦੂਜੀ ਵਾਰ ਆਉਣ ਨੂੰ ਉਹ ਉਡੀਕਦਾ ਰਹਿੰਦਾ।

ਇੱਕ ਦਿਨ ਉਹ ਦੁਕਾਨ ’ਤੇ ਇਕੱਲਾ ਈ ਸੀ, ਉਹਨੇ ਨੂਰੀ ਨੂੰ ਲੰਘਦਿਆਂ ਵੇਖਿਆ ਤਾਂ ਮਾੜਾ ਜਿਹਾ ਖੰਘਿਆ। ਨੂਰੀ ਨੇ ਮੁੜ ਕੇ ਵੇਖਿਆ ਤੇ ਨਾਲ ਈ ਆਪਾਂ ਦੇ ਘਰ ਵੜ ਗਈ। ਫ਼ਿਰ ਕੁੱਝ ਦਿਨਾਂ ਮਗਰੋਂ ਢੋਹ ਲੱਗਿਆ; ਗੋਗੇ ਕੋਲ ਕੋਈ ਵੀ ਗਾਹਕ ਨਹੀਂ ਸੀ। ਨੂਰੀ ਉਹਨੂੰ ਆਪਾਂ ਜੀ ਵੱਲ ਜਾਂਦੀ ਦਿਸੀ ਤੇ ਉਹ ਜ਼ੋਰ-ਜ਼ੋਰ ਦੀ ਖੰਘਿਆ। ਨੂਰੀ ਮੁੜੀ, ਹੱਸ ਕੇ ਵੇਖਿਆ ਅਤੇ ਨੱਸ ਕੇ ਬੂਹਾ ਟੱਪ ਗਈ।

ਦੋਹਾਂ ਵਿੱਚ ਹੱਸਣ-ਵੇਖਣ ਦਾ ਮਾਮਲਾ ਚੱਲ ਪਿਆ। ਗੋਗੇ ਨੇ ਬੜੇ ਚਾਅ ਨਾਲ ਆਪਣੇ ਗੂੜ੍ਹੇ ਬੇਲੀ ਸੀਮੇ ਨੂੰ ਦੱਸਿਆ, ਲੈ ਭਈ ਮਿੱਤਰਾ! ਸਰਬਾਲ੍ਹਾ ਬਣਨ ਦੀ ਤਿਆਰੀ ਫੜ ਲੈ।

ਸੀਮਾ ਬੜਾ ਖੋਚਲ ਬੰਦਾ ਸੀ। ਉਸ ਗੋਗੇ ਨੂੰ ਸਮਝਾਇਆ, ਝੱਲਾ ਹੋਇਆ ਐਂ? ਏਡਾ ਰਾਂਝਾ ਬਣਨ ਦੀ ਲੋੜ ਨਹੀਂ। ਰਲ-ਮਿਲ ਕੇ ਮੌਜ-ਮੇਲਾ ਕਰਨੇ ਆਂ। ਚੋਪੜੀਆਂ ਤੇ ਦੋ-ਦੋ, ਇੰਝ ਨਾ ਕਰ!

ਸੀਮੇ ਨੂੰ ਯਕੀਨ ਸੀ ਕਿ ਹਮੀਦਾਂ ਤੇ ਗੋਗੇ ਵਿਚਕਾਰ ਕੋਈ ਪੱਕੀ ਗੰਢ ਵੱਜੀ ਏ।

ਗੋਗੇ ਨੇ ਸੀਮੇ ਦੀ ਇਸ ਗੱਲ ਦਾ ਗੁੱਸਾ ਕੀਤਾ। ਉਸ ਸਮਝਾਇਆ ਕਿ ਮੇਰਾ ਨੂਰੀ ਨਾਲ ਕਿਸੇ ਲੋੜ ਦਾ ਰਿਸ਼ਤਾ ਨਹੀਂ। ਮੈਂ ਤਾਂ ਉਹਨੂੰ ਆਪਣੀ ਘਰ ਵਾਲੀ ਬਣਾਉਣਾ ਚਾਹੁਣਾਂ।

ਅਜੇ ਗੋਗੇ ਤੇ ਨੂਰੀ ਦੀ ਗੱਲ ਟੁਰੀ ਈ ਸੀ ਕਿ ਗੋਗੇ ਦੇ ਮਾਮੇ ਨੇ ਉਹਦਾ ਕੁਵੇਤ ਦਾ ਵੀਜ਼ਾ ਘੱਲ ਦਿੱਤਾ। ਗੋਗੇ ਨੇ ਬੜੇ ਚਾਅ ਨਾਲ ਇਹ ਨੂਰੀ ਨੂੰ ਦੱਸਿਆ ਤੇ ਖ਼ੁਸ਼ ਹੋਣ ਦੀ ਥਾਂ ਉਹ ਪ੍ਰੇਸ਼ਾਨ ਹੋ ਕੇ ਕਹਿਣ ਲੱਗੀ, ਤੇ ਮੇਰਾ ਕੀ ਬਣੇਗਾ?

ਅੱਗੋਂ ਗੋਗਾ ਆਖਣ ਲੱਗਾ, ਤੂੰ ਦਿਲ ਛੋਟਾ ਨਾ ਕਰ, ਤੈਨੂੰ ਮੈਂ ਕੋਈ ਹਮੇਸ਼ ਲਈ ਛੱਡ ਕੇ ਥੋੜ੍ਹਾ ਜਾਣਾ ਏ! ਵਿਆਹ ਜੋਗੇ ਪੈਸੇ ਇਕੱਠੇ ਕਰ ਕੇ ਮੈਂ ਪਰਤ ਆਉਣਾ ਏ। ਨਾਲ ਈ ਉਹਨੇ ਨੂਰੀ ਨੂੰ ਇਕੱਲਿਆਂ ਮਿਲਣ ਦੀ ਫ਼ਰਮਾਇਸ਼ ਪਾ ਦਿੱਤੀ। ਨੂਰੀ ਨੇ ਕਿਹਾ, ਮੈਨੂੰ ਡਰ ਲੱਗਦਾ ਏ। ਗੋਗਾ ਕਹਿਣ ਲੱਗਾ, ਮੇਰੇ ਹੁੰਦਿਆਂ ਤੈਨੂੰ ਡਰਨ ਦੀ ਕਿਹੜੀ ਲੋੜ ਏ। ਅਸੀਂ ਆਪਾਂ ਦੇ ਘਰ ਮਿਲਾਂਗੇ, ਹੁਣ ਤਾਂ ਕੋਈ ਡਰਨ ਵਾਲੀ ਗੱਲ ਨਹੀਂ ਨਾ!

ਜੇਠ-ਹਾੜ ਦੇ ਦਿਨੀਂ ਸਕੂਲਾਂ ’ਚ ਗਰਮੀਆਂ ਦੀਆਂ ਛੁੱਟੀਆਂ ਸਨ। ਇਹਨੀਂ ਦਿਨੀਂ ਜ਼ੋਰਾਂ ਦੀ ਲੂ ਵਗਦੀ ਏ ਤੇ ਗਲੀਆਂ ਵੀ ਸੁੰਞੀਆਂ ਹੁੰਦੀਆਂ ਜਾਂਦੀਆਂ ਨੇਂ, ਆਲੇ ਦੁਆਲੇ ਕੋਈ ਬੰਦਾ-ਬਸ਼ਰ ਔਖਾ ਈ ਲੱਭਦਾ ਏ। ਬਹੁਤੇ ਲੋਕ ਗਰਮੀ ਤੇ ਲੋਅ ਤੋਂ ਬਚਣ ਲਈ ਘਰਾਂ ਵਿੱਚ ਈ ਪਏ ਰਹਿੰਦੇ ਨੇਂ।

ਮਿਥੇ ਹੋਏ ਵੇਲੇ ਉੱਤੇ ਨੂਰੀ ਚੁੱਪ ਕਰਕੇ ਆਪਾਂ ਦੇ ਘਰ ਆ ਗਈ। ਆਪਾਂ ਦੇ ਇਆਣੇ ਨਾਨਕੇ ਗਏ ਹੋਏ ਸਨ। ਆਪਾਂ ਨੇ ਹੱਥ ਵਿੱਚ ਕੱਪੜਿਆਂ ਵਾਲਾ ਸ਼ਾਪਰ ਫੜਿਆ ਕਿ ਜਿਵੇਂ ਉਹ ਦਰਜ਼ੀ ਵੱਲ ਜਾ ਰਹੀ ਹੋਵੇ ਤੇ ਬਾਹਰ ਟੁਰ ਪਈ। ਨੂਰੀ ਅੰਦਰ ਬੈਠਕ ਵਿੱਚ ਘਾਬਰੀ ਜਿਹੀ ਬਹਿ ਗਈ। ਉਹਨੂੰ ਆਪਾਂ ਜੀ ਕੋਲੋਂ ਸ਼ਰਮ ਆ ਰਹੀ ਸੀ। ਪਰ ਆਪਾਂ ਨੇ ਉਹਦੇ ਨਾਲ ਕੋਈ ਗੱਲ ਨਾ ਕੀਤੀ, ਜਿਵੇਂ ਕੁੱਝ ਵੀ ਵੱਖਰਾ ਤੇ ਨਵਾਂ ਨਹੀਂ ਹੋ ਰਿਹਾ। ਹਮੀਦਾਂ ਨੇ ਘਰ ਵਾਲੇ ਪਾਸਿਉਂ ਬੈਠਕ ਨੂੰ ਕੁੰਡੀ ਮਾਰੀ ਤੇ ਗਲੀ ’ਚ ਨਿਕਲ ਕੇ ਬਾਹਰਲੇ ਗੇਟ ਨੂੰ ਜਿੰਦਰਾ ਮਾਰਨ ਲੱਗ ਪਈ।

ਗੋਗੇ ਨੇ ਜਦੋਂ ਇੱਧਰ-ਉੱਧਰ ਵੇਖਿਆ ਤਾਂ ਗਲੀ ਵਿੱਚ ਹਮੀਦਾਂ ਤੋਂ ਅੱਡ ਹੋਰ ਕੋਈ ਵੀ ਨਹੀਂ ਸੀ। ਅਡੋਲ ਬੂਹਾ ਖੋਲ੍ਹ ਕੇ ਹਮੀਦਾਂ ਦੀ ਬੈਠਕ ’ਚ ਵੜਦਿਆਂ ਈ ਉਸ ਅੰਦਰੋਂ ਕੁੰਡੀ ਲਾ ਲਈ। ਅੱਗੇ ਨੂਰੀ ਨੂੰ ਬੈਠਾ ਵੇਖ ਕੇ ਉਹਨੂੰ ਚਾਅ ਚੜ੍ਹ ਗਿਆ।

ਗੋਗਾ ਜਦੋਂ ਹਮੀਦਾਂ ਦੀ ਬੈਠਕੇ ਵੜ ਰਿਹਾ ਸੀ ਤਾਂ ਉਹ ਬਾਹਰਲੇ ਬੂਹੇ ਨੂੰ ਜਿੰਦਰਾ ਲਾ ਰਹੀ ਸੀ। ਹੋਣੀ ਨੂੰ ਉਸੇ ਵੇਲੇ ਮਾਈ ਫੱਤੋ ਫਿਰਦੀ-ਫਿਰਾਉਂਦੀ ਗਲੀ ਵਿੱਚ ਆ ਵੜੀ। ਉਹਦੇ ਕੰਨ ਖਲੋ ਗਏ। ਉਹ ਸਾਰੇ ਪਿੰਡ ਦੀ ਫੁੱਫੀ ਸੀ। ਉਹਨੇ ਆਪਣੇ ਵਿਆਹ ਦੇ ਚੌਥੇ ਮਹੀਨੇ ਤਲਾਕ ਲੈ ਲਈ ਸੀ। ਆਪਣਾ ਵਿਆਹ ਟੁੱਟਣ ਤੋਂ ਬਾਅਦ ਉਹ ਹੁਣ ਲੋਕਾਂ ਦੇ ਵਿਆਹ ਕਰਵਾਉਂਦੀ ਸੀ। ਇੱਧਰ ਦੀ ਗੱਲ ਉੱਧਰ ਕਰਨਾ ਉਹਦੀ ਆਦਤ ਸੀ। ਗਲੀ ਮੁੱਕਣ ਤੋਂ ਪਹਿਲਾਂ ਅੱਗੋਂ ਆਉਂਦਾ ਸੀਮਾ ਉਹਨੂੰ ਟੱਕਰ ਗਿਆ।

ਫੁੱਫੀ ਨੇ ਮਿਲਦਿਆਂ ਈ ਸੀਮੇ ਨੂੰ ਕਿਹਾ, ਕੀ ਗੱਲ ਏ? ਤੇਰਾ ਯਾਰ ਦੁਕਾਨ ਬੰਦ ਕਰਕੇ ਹਮੀਦਾਂ ਦੇ ਘਰ ਵੜ ਗਿਆ ਏ ਤੇ ਹਮੀਦਾਂ ਆਪਣਾ ਬੂਹਾ ਬੰਦ ਕਰਕੇ ਪਤਾ ਨਹੀਂ ਵਗਦੀ ਲੂ ਵਿੱਚ ਕਿਸ ਕੰਮੇਂ ਟੁਰ ਗਈ ਏ। ਹੱਥ ਵਿੱਚ ਉਹਨੇ ਕੱਪੜਿਆਂ ਵਾਲਾ ਸ਼ਾਪਰ ਫੜਿਆ ਸੀ। ਸਿਖਰ ਦੁਪਹਿਰੇ ਕੌਣ ਕੱਪੜੇ ਸਿਲਾਈ ਕਰਾਉਣ ਜਾਂਦਾ ਏ?

ਫੁੱਫੀ ਦੀ ਗੱਲ ਸੁਣ ਕੇ ਸੀਮਾ ਜਿਵੇਂ ਗੂੰਗਾ-ਥੱਬਾ ਹੋ ਗਿਆ। ਉਹ ਅੱਗੋਂ ਜਵਾਬ ਦੇਣ ਜੋਗਾ ਈ ਨਾ ਰਿਹਾ। ਉਹਦੀ ਤੇ ਜਿਵੇਂ ਜੀਭ ਤਾਲੂ ਨਾਲ਼ ਸੀਪ ਗਈ ਹੋਵੇ। ਸੀਮੇ ਨੇ ਅਸਲ ’ਚ ਨੂਰੀ ਨੂੰ ਆਪਣੇ ਘਰੋਂ ਨਿਕਲਦਿਆਂ ਵੇਖ ਲਿਆ ਸੀ।

ਪਤਾ ਨਹੀਂ ਕਿਉਂ ਉਹਨੂੰ ਸੁੱਝ ਗਈ ਪਈ ਨੂਰੀ ਗੋਗੇ ਨੂੰ ਈ ਮਿਲਣ ਚੱਲੀ ਏ। ਇਹ ਤਾਂ ਸੀਮੇ ਨੂੰ ਪਤਾ ਸੀ ਪਈ ਗੋਗਾ ਬਾਹਰਲੇ ਦੇਸ ਉਡਾਰੀ ਭਰਨ ਵਾਲਾ ਏ। ਨੂਰੀ ਦਾ ਖੁਰਾ ਨੱਪਦਾ ਹੋਇਆ ਸੀਮਾ ਗੋਗੇ ਤੇ ਆਪਾਂ ਹਮੀਦਾਂ ਵਾਲੀ ਗਲੀ ਵਿੱਚ ਆ ਵੜਿਆ। ਤੇ ਅੱਗੋਂ ਉਹਨੂੰ ਫੁੱਫੀ ਨੇ ਇਹ ਲੂਤੀ ਲਾ ਦਿੱਤੀ। ਸੀਮੇ ਨੇ ਗੋਗੇ ਦੀ ਦੁਕਾਨ ਵੇਖੀ ਤੇ ਉਹਦਾ ਸ਼ਟਰ ਥੱਲੇ ਸੀ। ਮਤਲਬ ਪਈ ਗੋਗਾ ਕਿਤੇ ਨੇੜੇ-ਤੇੜੇ ਈ ਏ। ਉਹਦਾ ਧਿਆਨ ਸਿੱਧਾ ਆਪਾਂ ਹਮੀਦਾਂ ਦੇ ਬਾਹਰਲੇ ਬੂਹੇ ਵੱਲ ਗਿਆ ਜਿੱਥੇ ਜਿੰਦਰਾ ਲੱਗਾ ਸੀ।

ਸੀਮਾ ਗਵੇੜ ਲਾਉਣ ਲੱਗ ਪਿਆ, ‘ਨੂਰੀ ਗਲੀ ’ਚ ਵੜਦਿਆਂ ਈ ਗ਼ਾਇਬ ਹੋ ਗਈ। ਗੋਗੇ ਦੀ ਦੁਕਾਨ ਦਾ ਬਸ ਸ਼ਟਰ ਥੱਲੇ ਹੈ, ਤਾਲੇ ਨਹੀਂ ਵਜੇ ਹੋਏ, ਤੇ ਆਪਾਂ ਦੇ ਘਰ ਨੂੰ ਜਿੰਦਰਾ ਵਜਾ ਏ?’ ਉਹਨੂੰ ਕੋਈ ਗੱਲ ਸਮਝ ਨਾ ਆਈ। ਫ਼ਿਰ ਉਹਨੂੰ ਫੁੱਫੀ ਫੱਤੋ ਦੀ ਗੱਲ ਯਾਦ ਆ ਗਈ। ਉਹਦੇ ਲੂੰ ਕੰਡੇ ਖਲੋ ਗਏ ਤੇ ਰੰਗ ਉੱਡ ਗਿਆ। ਉਹ ਪੋਲੇ ਪੈਰਾਂ ਨਾਲ ਆਪਾਂ ਹਮੀਦਾਂ ਦੀ ਬੈਠਕ ਵਾਲੀ ਗਲੀ ਵੱਲ ਖੁੱਲ੍ਹਦੀ ਬਾਰੀ ਨਾਲ ਜਾ ਕੇ ਖਲੋ ਗਿਆ। ਉਹਨੇ ਕੰਨ ਲਾ ਕੇ ਸੁਣਿਆ ਤੇ ਘੁਸਰ-ਮੁਸਰ ਜਿਹੀਆਂ ਗੱਲਾਂ ਦੀ ਆਵਾਜ਼ ਉਹਨੂੰ ਆਉਣ ਲੱਗ ਪਈ। ਉਹਨੇ ਗੋਹ ਨਾਲ ਸੁਣਿਆ ਤੇ ਇਹ ਗੋਗੇ ਅਤੇ ਨੂਰੀ ਦੀਆਂ ਆਵਾਜ਼ਾਂ ਸਨ। ਪਤਾ ਨਹੀਂ ਸੀਮੇ ਨੂੰ ਕੀ ਸੁੱਝੀ ਕਿ ਉਹਨੇ ਗਲੀ ਵਿੱਚ ਖੁੱਲ੍ਹਣ ਵਾਲੇ ਬੈਠਕ ਦੇ ਬੂਹੇ ਦੀ ਬਾਹਰੋਂ ਇਸ ਤਰ੍ਹਾਂ ਹੌਲੀ-ਹੌਲੀ ਕੁੰਡੀ ਮਾਰ ਦਿੱਤੀ ਕਿ ਅੰਦਰ ਬੈਠਿਆਂ ਨੂੰ ਕਿੜ ਵੀ ਨਾ ਹੋਈ। ਇਸੇ ਵੇਲੇ ਗਲੀ ’ਚੋਂ ਲੰਘਦੇ ਝਾਰੀ ਤੇ ਮਾਜੂ ਓਥੇ ਆ ਗਏ। ਉਨ੍ਹਾਂ ਨੂੰ ਵੇਖ ਕੇ ਉਹ ਕੱਚਾ ਪੈ ਗਿਆ ਜਿਵੇਂ ਉਹਦੀ ਕੋਈ ਚੋਰੀ ਫੜੀ ਗਈ ਹੋਵੇ। ਉਹ ਫ਼ੱਟਾ ਫ਼ਟ ਇੰਝ ਖਲੋ ਗਿਆ ਜਿਵੇਂ ਅੰਦਰੋਂ ਕੋਈ ਗੱਲ ਸੁਣਨ ਦਾ ਚਾਰਾ ਕਰ ਰਿਹਾ ਹੋਵੇ। ਉਹ ਉਹਨੂੰ ਪੁੱਛਣ ਲੱਗੇ ਕਿ ਤੂੰ ਇੰਨੀ ਗਰਮੀ ’ਚ ਕਿੱਥੇ ਕੰਧਾਂ ਨੂੰ ਕੰਨ ਲਾ ਕੇ ਸੂਹਾਂ ਲੈਂਦਾ ਫਿਰਦਾ ਐਂ! ਖ਼ੈਰ ਤਾਂ ਹੈ?

ਸੀਮਾ ਘਾਬਰ ਗਿਆ, ਅਗਲੀਆਂ-ਪਿਛਲੀਆਂ ਮਾਰਨ ਲੱਗਾ ਪਰ ਉਹ ਦੋਵੇਂ ਖੱਡ ਕਾਰ ਸਨ। ਉਨ੍ਹਾਂ ਸਾਰੀ ਗੱਲ ਪੁੱਛ ਕੇ ਈ ਸਾਹ ਲਿਆ।

ਆਖਦੇ ਨੇਂ ਕਿ ਗੱਲ ਆਂਹਦੀ ਏ ਤੂੰ ਮੈਨੂੰ ਮੂੰਹੋਂ ਕੱਢ ਤੇ ਮੈਂ ਤੈਨੂੰ ਪਿੰਡੋਂ ਕੱਢਾਂਗੀ। ਇੱਕ ਦੂਜੇ ਤੋਂ ਹੁੰਦੀ-ਹਵਾਉਂਦੀ ਪਲਾਂ-ਛੰਨਾਂ ਵਿੱਚ ਗੱਲ ਪੂਰੇ ਪਿੰਡ ਵਿੱਚ ਫੈਲ ਗਈ। ਸਾਰੇ ਪਿੰਡ ਨੂੰ ਪਤਾ ਲੱਗ ਗਿਆ ਸੀ ਪਈ ਆਪਾਂ ਹਮੀਦਾਂ ਦੇ ਘਰ ਕੀ ਚੰਨ ਚੜ੍ਹਿਆ ਏ। ਪਤਾ ਨਹੀਂ ਸੀ ਤਾਂ ਬਸ ਗੋਗੇ ਤੇ ਨੂਰੀ ਦੇ ਘਰ ਦਿਆਂ ਨੂੰ। ਉਨ੍ਹਾਂ ਦੇ ਘਰੀਂ ਕੋਈ ਦੱਸਦਾ ਵੀ ਕਿੰਝ?

ਜਗਤ ਫੁੱਫੀ ਫਾਤਾਂ ਨੇ ਪਿੰਡ ਦੀ ਦੂਜੀ ਬਾਹੀ ਨੂਰੀ ਦੀ ਚਾਚੀ ਜੀਜਾਂ ਦੇ ਘਰ ਜਾ ਕੇ ਆਨੇ-ਬਹਾਨੇ ਗੋਲ-ਮੋਲ ਗੱਲ ਕੀਤੀ ਤੇ ਜੀਜਾਂ ਨੇ ਆਪਣੇ ਸੱਤਵੀਂ ਜਮਾਤੇ ਪੜ੍ਹਦੇ ਪੁੱਤਰ ਨੂੰ ਪਿਓ ਨੂੰ ਸੱਦਣ ਲਈ ਡੇਰੇ ਟੋਰ ਦਿੱਤਾ।

ਆਪਾਂ ਹਮੀਦਾਂ ਦੇ ਘਰ ਨੂਰੀ ਤੇ ਗੋਗਾ ਆਪਣੇ ਵਿਆਹ ਦੀਆਂ ਸਲਾਹਾਂ ਬਣਾ ਰਹੇ ਸਨ ਤੇ ਉੱਧਰ ਗੱਲਾਂ ਕਰ-ਕਰ ਲੋਕਾਂ ਦੀਆਂ ਵਰਾਛਾਂ ਪਾਟ ਚੱਲੀਆਂ ਸਨ।

ਕੋਈ ਕਹਿ ਰਿਹਾ ਸੀ, ਹਮੀਦਾਂ ਤੇ ਬੜੀ ਨੇਕ ਬੀਬੀ ਸੀ ਇਹ ਉਹਨੇ ਕੀ ਹਨੇਰ ਪਾਇਆ ਏ?

ਕਿਸੇ ਹੋਰ ਨੇ ਕਿਹਾ, ਗੋਗੇ ਦੀ ਦੁਕਾਨ ਤਾਂ ਐਵੇਂ ਬਹਾਨਾ ਸੀ, ਖ਼ਰੇ ਅੰਦਰ ਖਾਤੇ ਉਹ ਕੀ ਗੰਦ ਘੋਲ਼ ਰਿਹਾ ਸੀ?

ਬੀਬੀਆਂ ਗੱਲ ’ਚੋਂ ਗੱਲ ਕੱਢ ਰਹੀਆਂ ਸਨ। ਇੱਕ ਕਹਿਣ ਲੱਗੀ, ਵੇਖੋ ਨੀ! ਭੈਣ ਹਮੀਦਾਂ ਦੀ ਚੰਗਿਆਈ ਦੀਆਂ ਤੇ ਲੋਕ ਮਿਸਾਲਾਂ ਦਿੰਦੇ ਸਨ।

ਦੂਜੀ ਬੋਲੀ, ਬਸ ਇਸਬਗੋਲ ਤੇ ਕੁੱਝ ਨਾ ਫੋਲ। ਮੈਨੂੰ ਤੇ ਪਹਿਲਾਂ ਈ ਸ਼ੱਕ ਸੀ ਮੀਸਣੀ-ਘੜੀਸਣੀ ਉੱਤੇ।

ਕੋਈ ਹੋਰ ਬੋਲ ਪਈ, ਉਹ ਕਿੰਨੀ ਪਵਿੱਤਰ ਏ? ਚਲੋ ਇਹ ਵੀ ਪਤਾ ਚੱਲ ਗਿਆ!

ਇੱਕ ਹੋਰ ਆਖਣ ਲੱਗੀ, ਭੈਣਾਂ, ਮੈਨੂੰ ਤੇ ਅਜੇ ਵੀ ਹਮੀਦਾਂ ਉੱਤੇ ਯਕੀਨ ਏ। ਮੈਂ ਉਹਨੂੰ ਚੰਗੀ ਤਰ੍ਹਾਂ ਜਾਣਦੀ ਆਂ। ਉਹ ਇੰਝ ਦੀ ਨਹੀਂ। ਮੈਨੂੰ ਤੇ ਇਹ ਔਂਤਰਾ ਕੋਈ ਹੋਰ ਈ ਚੱਕਰ ਲੱਗਦਾ ਏ।

ਲੋਕ ਗਲੀ ਦੇ ਚੱਕਰ ਲਾ ਰਹੇ ਸਨ। ਖ਼ਾਸ ਕਰ ਮੁੰਡੇ ਟੋਲੀਆਂ ਬਣਾ ਕੇ ਘੁਸਰ-ਮੁਸਰ ਕਰ ਰਹੇ ਸਨ।

ਉੱਧਰ ਗੋਗਾ ਤੇ ਨੂਰੀ ਉੱਕਾ ਬੇਖ਼ਬਰੇ ਸਨ ਪਈ ਬਾਹਰ ਕੀ ਹੋ ਰਿਹਾ ਏ? ਉਨ੍ਹਾਂ ਨੂੰ ਇਸ਼ਕ ਨੇ ਅੰਨ੍ਹਿਆਂ ਕੀਤਾ ਸੀ। ਗੋਗਾ ਨੂਰੀ ਨੂੰ ਕਹਿ ਰਿਹਾ ਸੀ, ਆਪਾਂ ਵੀ ਆਉਣ ਵਾਲੀ ਏ।

ਨੂਰੀ ਨੇ ਕਿਹਾ, ਫ਼ਿਰ?

ਗੋਗੇ ਨੇ ਆਪਣਾ ਹੱਥ ਅੱਗੇ ਵਧਾਉਂਦਿਆਂ ਆਖਿਆ, ਆਪਣਾ ਹੱਥ ਮੇਰੇ ਹੱਥ ਵਿੱਚ ਦੇ ਅਤੇ ਦੋਵੇਂ ਇਕੱਠੇ ਜਿਊਣ-ਮਰਨ ਦੀ ਸਹੁੰ ਖਾਈਏ।

ਨੂਰੀ ਦੁਪੱਟੇ ਵਿੱਚ ਮੂੰਹ ਲੁਕਾਉਂਦੀਆਂ ਬੋਲੀ, ਮੈਨੂੰ ਸ਼ਰਮ ਆਉਂਦੀ ਏ। ਗੋਗਾ ਕਹਿਣ ਲੱਗਾ, ਹੁਣ ਮੇਰੇ ਅੱਗੇ ਕੀਤੇ ਹੱਥ ਦੀ ਲਾਜ ਰੱਖੀਂ, ਲਿਆ ਆਪਣਾ ਹੱਥ ਮੇਰੇ ਹੱਥ ਵਿੱਚ ਦੇ।

ਨੂਰੀ ਨੇ ਅਜੇ ਆਪਣਾ ਹੱਥ ਗੋਗੇ ਦੇ ਹੱਥ ਵੱਲ ਵਧਾਇਆ ਈ ਸੀ ਕਿ ਬਾਹਰ ਗਲੀ ਵਿੱਚ ਰੌਲ਼ਾ ਪੈ ਗਿਆ। ਨੂਰੀ ਦਾ ਚਾਚਾ ਲਲਕਾਰਾ ਮਾਰ ਕੇ ਗੱਜਿਆ, ਜਿਸ ਨੇ ਜਿੰਦਰਾ ਖੋਲ੍ਹਿਆ ਉਹ ਸਮਝੇ ਉਹਦੀ ਮੌਤ ਆ ਗਈ ਏ!

ਨੂਰੀ ਦੀ ਜਿਵੇਂ ਜਾਣ ਈ ਨਿਕਲ ਗਈ। ਨੂਰੀ ਤੇ ਗੋਗਾ ਭੁੱਲ ਈ ਗਏ ਕਿ ਉਨ੍ਹਾਂ ਦੇ ਹੱਥ ਕਿੱਥੇ ਨੇਂ? ਉਨ੍ਹਾਂ ਨੂੰ ਆਪਣੀ ਜਾਨ ਦੀ ਪੈ ਗਈ ਸੀ। ਗੋਗੇ ਫ਼ੱਟਾ ਫ਼ਟ ਗਲੀ ’ਚ ਖੁੱਲ੍ਹਣ ਵਾਲੀ ਬਾਰੀ ਦੀ ਤਾਕੀ ਖੋਲ੍ਹੀ ਤੇ ਵੇਖਿਆ ਕਿ ਬਾਹਰ ਤਾਂ ਮੇਲਾ ਲੱਗਿਆ ਸੀ। ਨੂਰੀ ਦਾ ਚਾਚਾ ਗੁੱਸੇ ਨਾਲ ਕਿੱਲ੍ਹ ਰਿਹਾ ਸੀ, ਅੱਜ ਰੱਤ ਵਗੇਗੀ ਗਲੀਆਂ ਵਿੱਚ!

ਗੋਗੇ ਨੇ ਦੌੜ ਕੇ ਬੈਠਕ ਦਾ ਵਿਹੜੇ ਵਾਲਾ ਬੂਹਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤੇ ਉਹਦੀ ਬਾਹਰੋਂ ਕੁੰਡੀ ਵੱਜੀ ਹੋਈ ਸੀ। ਫ਼ਿਰ ਵੀ ਉਹਨੇ ਬੜਾ ਜ਼ੋਰ ਲਾਇਆ ਪਰ ਬੂਹਾ ਕਿੱਥੋਂ ਖੁੱਲ੍ਹਣਾ ਸੀ? ਉਹ ਫ਼ੱਟਾ ਫ਼ਟ ਗਲੀ ’ਚ ਖੁੱਲ੍ਹਣ ਵਾਲਾ ਬੂਹਾ ਖੋਲ੍ਹਣ ਲੱਗਾ ਤੇ ਉਹ ਵੀ ਬਾਹਰੋਂ ਬੰਦ ਸੀ। ਗੋਗੇ ਦੇ ਤੋਤੇ ਉੱਡ ਗਏ। ਉਹ ਕਾਹਲ ਨਾਲ ਬਾਰੀ ਵੱਲ ਆਇਆ ਤੇ ਉਹਦਾ ਧਿਆਨ ਆਪਣੇ ਯਾਰ ਸੀਮੇ ਵੱਲ ਪਿਆ ਹੁਣ ਉਸ ਸੀਮੇ ਨੂੰ ਆਵਾਜ਼ ਮਾਰੀ, ਯਾਰਾ! ਖ਼ੁਦਾ ਵਾਸਤੇ ਬਾਹਰਲਾ ਬੂਹਾ ਤੇ ਖੋਲ੍ਹਦੇ।

ਸੀਮੇ ਨੇ ਗੋਗੇ ਦੀ ਗੱਲ ਸੁਣ ਕੇ ਮੂੰਹ ਦੂਜੇ ਪਾਸੇ ਕਰ ਲਿਆ ਜਿਵੇਂ ਉਸ ਗੱਲ ਈ ਨਾ ਸੁਣੀ ਹੋਵੇ। ਗੋਗੇ ਨੇ ਘਾਬਰ ਕੇ ਬਾਰੀ ਬੰਦ ਕਰ ਦਿੱਤੀ। ਨੂਰੀ ਪਹਿਲਾਂ ਕੰਬਦੀ ਰਹੀ ਫ਼ਿਰ ਉਸ ਰੋਣਾ ਸ਼ੁਰੂ ਕਰ ਦਿੱਤਾ।

ਏਨੇ ਚਿਰ ਵਿੱਚ ਪਿੰਡ ਦੇ ਪ੍ਰਧਾਨ ਬੰਦੇ ਆ ਗਏ। ਉਨ੍ਹਾਂ ਵਿੱਚੋਂ ਇੱਕ ਕੌਂਸਲਰ ਸੀ। ਉਸ ਪਹਿਲਾਂ ਈ ਥਾਣੇ ਇਤਲਾਹ ਕਰਨ ਲਈ ਬੰਦਾ ਟੋਰ ਦਿੱਤਾ ਸੀ। ਥਾਣਾ ਪੰਜ-ਛੇ ਮੀਲ ਦੂਰ ਸੀ।

ਪਿੰਡ ਦੇ ਪ੍ਰਧਾਨ ਬੰਦਿਆਂ ਨੇ ਜਦੋਂ ਨੂਰੀ ਦੇ ਚਾਚੇ ਨੂੰ ਮੂੰਹ ’ਚੋਂ ਅੱਗ ਕੱਢਦਿਆਂ ਵੇਖਿਆ ਤਾਂ ਉਹ ਆਪਣੀ ਇੱਜ਼ਤ ਬਚਾਉਣ ਲਈ ਇੱਕ ਪਾਸੇ ਹੋ ਗਏ। ਕੌਂਸਲਰ ਨੇ ਵੀ ਕਿਹਾ, ਇਹ ਗ਼ੈਰਤ ਦਾ ਮਸਲਾ ਏ, ਇੱਥੇ ਹੁਣ ਬੰਦਾ ਕੀ ਕਰੇ?

ਗੋਗੇ ਨੇ ਅੰਦਰੋਂ ਲੱਕੜ ਦਾ ਬੂਹਾ ਮੋਢੇ ਦੇ ਜ਼ੋਰ ਨਾਲ ਤੋੜਨ ਦਾ ਬੜਾ ਚਾਰਾ ਕੀਤਾ ਪਰ ਉਹਦੀ ਵਾਹ ਨਾ ਗਈ।

ਗੋਗੇ ਦੇ ਘਰ ਵਾਲਿਆਂ ਨੂੰ ਵੀ ਮਾਮਲੇ ਦੀ ਸੂਹ ਲੱਗ ਗਈ ਸੀ ਪਰ ਘਰ ਦਾ ਕੋਈ ਵੀ ਬੰਦਾ ਇਸ ਵੇਲੇ ਪਿੰਡ ਵਿੱਚ ਨਹੀਂ ਸੀ। ਗੋਗੇ ਦੀ ਮਾਂ ਰੋਂਦੀ ਹੋਈ ਹਮੀਦਾਂ ਦੇ ਘਰ ਵੱਲ ਨੱਸੀ। ਏਨੇ ਚਿਰ ਵਿੱਚ ਨੂਰੀ ਕੇ ਟੱਬਰ ਦੇ ਕਈ ਜਣੇ ਹੱਥਾਂ ਵਿੱਚ ਸੋਟੇ, ਡਾਂਗਾਂ, ਛਵੀਆਂ, ਕੁਹਾੜੀਆਂ ਤੇ ਪਿਸਤੌਲ, ਬੰਦੂਕਾਂ ਫੜੀ ਹਮੀਦਾਂ ਦੇ ਘਰ ਆ ਗਏ। ਬਾਹਰਲਾ ਜਿੰਦਰਾ ਉਨ੍ਹਾਂ ਤੋੜ ਦਿੱਤਾ। ਕੁੱਝ ਜਣਿਆਂ ਨੇ ਅੰਦਰ ਵੜ ਕੇ ਬੈਠਕ ਦਾ ਵਿਹੜੇ ਵਾਲਾ ਬੂਹਾ ਖੋਲ੍ਹ ਦਿੱਤਾ। ਤੇ ਬਾਕੀ ਗਲੀ ਵਾਲੇ ਬੂਹੇ ਰਾਹੀਂ ਅੰਦਰ ਆਨ ਵੜੇ।

ਗੋਗਾ ਦੋਵੇਂ ਹੱਥ ਜੋੜ ਕੇ ਖਲੋ ਗਿਆ। ਨੂਰੀ ਰੋ ਰਹੀ ਸੀ ਤੇ ਗੋਗਾ ਮੁਆਫ਼ੀਆਂ ਮੰਗ ਰਿਹਾ ਸੀ। ਗੋਗੇ ਨੂੰ ਨੂਰੀ ਦੇ ਘਰ ਦੇ ਜੀਆਂ ਨੇ ਡੰਡਿਆਂ-ਸੋਟਿਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਉਹ ਥੱਲੇ ਡਿਗ ਪਿਆ। ਨੂਰੀ ਨੂੰ ਉਹਦੇ ਭਰਾ ਨੇ ਪੁੱਛਿਆ, ਨਾ ਕਵਾਇਆ, ਸਿੱਧੀ ਗੋਲੀ ਮਾਰੀ ਤੇ ਉਹ ਥਾਂ ਉੱਤੇ ਈ ਮੂੰਦੀ ਹੋ ਕੇ ਜਾ ਪਈ। ਨਾਲ਼ ਈ ਨੂਰੀ ਦਾ ਭਰਾ ਗੋਗੇ ਵੱਲ ਮੁੜਿਆ ਤੇ ਹੇਠ-ਉੱਤੇ ਤਿੰਨ ਗੋਲੀਆਂ ਉਹਦੀ ਹਿੱਕ ਵਿੱਚ ਮਾਰ ਦਿੱਤੀਆਂ। ਜਦੋਂ ਗੋਗਾ ਦੋਹਰਾ ਹੋ ਕੇ ਲੁੱਝਛ ਰਿਹਾ ਸੀ, ਕਿਸੇ ਨੇ ਉਹਦੇ ਸਿਰ ਵਿੱਚ ਕੁਹਾੜੀ ਮਾਰ ਕੱਢੀ। ਲਹੂ ਦੀਆਂ ਫੁਹਾਰਾਂ ਛੁੱਟ ਪਈਆਂ। ਨੂਰੀ ਦੇ ਨਾਲ਼ ਈ ਗੋਗਾ ਵੀ ਮੁੰਦੜੇ ਮੂੰਹ ਢਹਿ ਗਿਆ। ਨੂਰੀ ਕੇ ਟੱਬਰ ਦੇ ਸਾਰੇ ਜਣੇ ਕੁਦਾੜਦੇ ਹੋਏ ਬਾਹਰ ਨਿਕਲੇ ਤੇ ਗੋਗੇ ਦੀ ਮਾਂ ਪਿੱਟਦੀ, ਦੁਹੱਥੜ ਮਾਰਦੀ ਅੰਦਰ ਵੜੀ। ਗਲੀ ਵਿੱਚ ਤੇ ਘਰ ਦੇ ਆਲ ਦੁਆਲੇ ਖਲੋਤੇ ਲੋਕਾਂ ਦੇ ਚਿਹਰਿਆਂ ’ਤੇ ਕਨਸੋ ਲੈਣ ਦੀ ਥਾਂ ਖ਼ੌਫ਼ ਤੇ ਸਦਮੇ ਦੇ ਪਰਛਾਵਿਆਂ ਨੇ ਛਾਂ ਕਰ ਦਿੱਤੀ। ਏਨੇ ਚਿਰ ਵਿੱਚ ਪੁਲਿਸ ਦੀ ਹੂਟਰ ਵਜਾਉਂਦੀ ਤੇ ਧੂੜ ਉਡਾਉਂਦੀ ਗੱਡੀ ਪਿੰਡ ਆ ਵੜੀ ਸੀ। ਸਿਪਾਹੀ ਇੰਝ ਡਾਲੇ ਵਿੱਚੋਂ ਛਾਲਾਂ ਮਾਰਦੇ ਉੱਤਰੇ ਜਿਵੇਂ ਉਹ ਕੋਈ ਵੱਡਾ ਨੁਕਸਾਨ ਹੋਣ ਤੋਂ ਡੱਕ ਲੈਣਗੇ।

ਛੋਟੇ ਥਾਣੇਦਾਰ ਤੇ ਸਿਪਾਹੀਆਂ ਨੇ ਬੈਠਕ ਨੂੰ ਘੇਰ ਲਿਆ। ਅੰਦਰ ਗੋਗੇ ਦੀ ਮਾਂ ਉਹਦੀ ਲਾਸ਼ ਨਾਲ ਜੱਫੇ ਮਾਰ-ਮਾਰ ਕੇ ਵੈਣ ਪਾ ਰਹੀ ਸੀ। ਥਾਣੇਦਾਰ ਨੇ ਦੋ ਸਿਪਾਹੀਆਂ ਨੂੰ ਅੰਦਰ ਜਾਣ ਦਾ ਇਸ਼ਾਰਾ ਕੀਤਾ। ਸਿਪਾਹੀ ਅੰਦਰ ਵੜੇ ਤੇ ਵਿੱਚੋਂ ਇੱਕ ਨੇ ਮਾਈ ਨੂੰ ਮੋਢੇ ਤੋਂ ਫੜ ਕੇ ਲਾਸ਼ ਤੋਂ ਹਟਾਉਂਦਿਆਂ ਦਾਬਾ ਮਾਰਿਆ, ਮਾਈ ਬਾਹਰ ਚਲੀ ਜਾ। ਵਕੂਆ ਨਾ ਖ਼ਰਾਬ ਕਰ! ਗਲੀ ’ਚ ਨਿਕਲ ਕੇ ਗੋਗੇ ਦੀ ਮਾਂ ਨੇ ਅਜਿਹੀ ਚੀਕ ਮਾਰੀ ਕਿ ਰੁੱਖਾਂ ’ਤੇ ਕਲੋਲ ਕਰਦੀਆਂ ਘੁੱਗੀਆਂ ਤੇ ਲਾਲੜੀਆਂ ਦਾ ਤ੍ਰਾਹ ਨਿਕਲ ਗਿਆ।

# ਕਾਵਿ ਸੰਸਾਰ

## ਗ਼ਜ਼ਲ
**ਗੁਰਵਿੰਦਰ ਸਿੰਘ 'ਗੋਸਲ'**

ਜਿਸ ਬੰਦੇ ਦਾ ਮੰਗ ਕੇ ਖੀਸਾ ਭਰ ਜਾਂਦਾ ਹੈ।
ਸਮਝੋ ਉਸ ਦਾ ਕੰਮ ਬਿਨਾਂ ਵੀ, ਸਰ ਜਾਂਦਾ ਹੈ।
ਦੁੱਖ 'ਚ ਅਪਣਾ ਹੋਵੇ ਜੇ ਕੋਈ ਨਾਲ ਖੜ੍ਹਾ,
ਤਾਂ ਫਿਰ ਬੰਦਾ ਲੱਖਾਂ ਦੁੱਖ ਵੀ ਜਰ ਜਾਂਦਾ ਹੈ।
ਬੰਦਾ ਇਹ ਨਾ ਸੋਚੇ ਮੈਂ ਗ਼ਲਤੀ ਕਰਦਾ ਨਹੀਂ,
ਜੀਵਨ ਦੇ ਵਿੱਚ ਬੰਦਾ ਗਲ਼ਤੀ ਕਰ ਜਾਂਦਾ ਹੈ।
ਜਿਉਂਦੇ ਜੀਅ ਤਾਂ ਜਿਸ ਨੂੰ ਮਾੜਾ ਆਖਣ ਲੋਕੀ,
ਐਪਰ ਚੰਗਾ ਆਖਣ ਜਦ ਉਹ ਮਰ ਜਾਂਦਾ ਹੈ।
ਉਸ ਨੂੰ ਚੇਤੇ ਰੱਖਣ ਲੋਕ ਕਦੇ ਨਾ ਭੁੱਲਣ,
ਸੱਚ ਲਈ ਜੋ ਜਾਨ ਤਲੀ 'ਤੇ ਧਰ ਜਾਂਦਾ ਹੈ।
ਜਿਹੜਾ ਮਨ ਚਿੱਤ ਲਾ ਕੇ ਪੜ੍ਹਦਾ ਨਿੱਤ ਗੁਰਬਾਣੀ,
'ਗੋਸਲ' ਉਸ ਦਾ ਡੁੱਬਦਾ ਬੇੜਾ ਤਰ ਜਾਂਦਾ ਹੈ।

## ਗ਼ਜ਼ਲ
**ਪ੍ਰਤਾਪ 'ਪਾਰਸ' ਗੁਰਦਾਸਪੁਰੀ**

ਮੁਜਰਿਮ ਬਣਕੇ ਤੇਰੀ ਸੱਜਣਾ ਕਰਦੀ ਹਾਂ ਇਕਬਾਲ।
ਮੁੰਦਰੀ ਦੇ ਨਾਲ ਤੇਰਾ ਛੱਲਾ ਮੈਂ ਨਾ ਸਕੀ ਸੰਭਾਲ।
ਇੰਤਜ਼ਾਰ ਤਾਂ ਬੜਾ ਮੈਂ ਕੀਤਾ ਆਖ਼ਰ ਬੇਵੱਸ ਹੋ ਗਈ,
ਵਕਤ ਕੁਲਹਿਣੇ ਨੇ ਵੀ ਖੇਡੀ ਉਸ ਮੋੜ 'ਤੇ ਚਾਲ।
ਭੈਅ ਦੇ ਥੱਲੇ ਦੱਬੀ ਜਿੰਦ ਦਾ ਕੀ ਮਰਨਾ ਕੀ ਜਿਉਣਾ,
ਕੂੰਜਾਂ ਕੁੜੀਆਂ ਤੇ ਗਊਆਂ ਦੀ ਕਿਹੜਾ ਬਣਦਾ ਢਾਲ?
ਨਾ ਕਾਸਦ ਨਾ ਕਾਂ ਕਬੂਤਰ ਨਾ ਪੱਤਰ ਕੋਈ ਆਇਆ,
ਦਿਨ ਦਿਨ ਕਰਕੇ ਗਏ ਮਹੀਨੇ ਬੀਤ ਗਏ ਹੁਣ ਸਾਲ।
ਮੈਂ ਤਾਂ ਤੇਰੀ ਦੋਸ਼ਣ ਮੰਨਿਆ ਤੂੰ ਕਿਉਂ ਬੁਜ਼ਦਿਲ ਬਣਿਆ,
ਕੁਝ ਨਾ ਕੁਝ ਤਾਂ ਤੇਰੇ ਨਾਲ ਵੀ ਮੈਨੂੰ ਰਿਹਾ ਮਲਾਲ।
ਮਰ ਕੇ ਤਾਂ ਮੈਂ ਤੇਰੀ 'ਪਾਰਸ' ਸਾਂਭ ਲੈ ਅੱਜ ਵਸੀਅਤ,
ਜਿਉਂਦੇ ਤੇਰੀ ਕਿਉਂ ਨਾ ਹੋਈ ਖ਼ੁਦ ਨੂੰ ਰਿਹੈ ਸਵਾਲ।
ਤੇਰੀਆਂ ਗ਼ਜ਼ਲਾਂ ਦਾ ਮੈਂ ਉੱਤਰ ਇੱਕ ਵਾਰੀ ਸੀ ਦੇਣਾ,
ਸ਼ਿਕਵੇ, ਸ਼ੱਕ, ਸ਼ਿਕਾਇਤਾਂ ਵਾਜਬ ਸਹਿਮਤ ਤੇਰੇ ਨਾਲ।

## ਗ਼ਜ਼ਲ
**ਬਲਵਿੰਦਰ ਬਾਲਮ ਗੁਰਦਾਸਪੁਰ**

ਕਿੰਨੇ ਸੱਜਣ ਦੂਰ ਗਏ ਨੇ ਕਿੰਨੇ ਕੁ ਨਜ਼ਦੀਕ ਰਹੇ।
ਸੋਚ ਰਿਹਾ ਹਾਂ ਕਿੰਨੇ ਤੁਰ ਗਏ ਕਿੰਨੇ ਬਾਕੀ ਠੀਕ ਰਹੇ।
ਅਗਰ ਜ਼ਰੂਰਤ ਪੈ ਗਈ ਏ ਆਪਾਂ ਸਭ ਦਾ ਸਾਥ ਨਿਭਾਇਆ,
ਜੀਵਨ ਦੇ ਵਿੱਚ ਬੇਸ਼ੱਕ ਆਪਾਂ ਹਾਸ਼ੀਏ ਵਾਲੀ ਲੀਕ ਰਹੇ।
ਜਿਹੜੇ ਲੋਕੀਂ ਰਾਹ ਦਸੇਰਾ ਉਨ੍ਹਾਂ ਸ਼ੋਭਾ ਪਾਉਣੀ ਏ,
ਜੁਗਨੂੰ, ਦੀਪਕ, ਸੂਰਜ, ਤਾਰੇ ਨ੍ਹੇਰੇ ਦੇ ਪ੍ਰਤੀਕ ਰਹੇ।
ਤੇਜ਼ ਹਵਾਵਾਂ ਨੇ ਰੁੱਖਾਂ ਨੂੰ ਏਦਾਂ ਦੀ ਆਵਾਜ਼ ਹੈ ਬਖ਼ਸ਼ੀ,
ਬੰਦ ਗੁਫ਼ਾਵਾਂ ਦੇ ਵਿੱਚ ਰਹਿ ਕੇ ਜਿੱਦਾਂ ਲੋਕੀਂ ਚੀਕ ਰਹੇ।
ਨਾ ਉਡੀਕਾਂ ਨਾ ਉਮੀਦਾਂ ਨਾ ਮੰਗੀ ਮਦਦ ਕਿਸੇ ਤੋਂ,
ਮੇਰੇ ਦੁੱਖ ਵਿੱਚ ਮੇਰੇ ਹਾਸੇ ਅਪਣੇ ਆਪ ਸ਼ਰੀਕ ਰਹੇ।
ਫੁੱਲਾਂ ਉੱਤੇ ਸ਼ਬਨਮ ਏਦਾਂ ਪੱਥਰ ਹੋ ਕੇ ਰਹਿ ਗਈ ਏ,
ਅੱਜ ਵੀ ਤੜਕ ਸਵੇਰੇ ਤੈਨੂੰ ਗੁਲਸ਼ਨ ਵਿੱਚ ਉਡੀਕ ਰਹੇ।
ਮੇਰੀ ਇਹ ਕਮਜ਼ੋਰੀ ਨਹੀਂ ਏ ਸਿਰਫ਼ ਤਿਰਾ ਰਾਜ਼ ਛੁਪਾਇਆ,
ਮੇਰੇ ਹੰਝੂ ਤਾਂ ਹੀ ਦਿਲ ਵਿੱਚ ਰੁਕ ਕੇ ਪਲਕਾਂ ਤੀਕ ਰਹੇ।
ਹਾਕਮ ਦੇ ਦਰਬਾਰ 'ਚ ਸਾਰੇ ਨੇਤਾ ਅੰਨ੍ਹੇ ਬੋਲ਼ੇ ਨੇ,
ਬਸਤੀ ਦੇ ਵਿੱਚ ਕੀ ਕੁਝ ਹੋਇਆ ਕਿਉਂ ਲੋਕੀਂ ਫਿਰ ਚੀਕ ਰਹੇ।
ਬਾਲਮ ਉਹੋ ਹਰ ਸੱਚੇ ਵਿੱਚ ਢਲ ਨਾ ਹੋਏ ਆਖ਼ਿਰ ਤਕ,
ਜਿਹੜੇ ਲੋਕ ਵਿਚਾਰਾਂ ਅੰਦਰ ਰੇਤੇ ਵਾਂਗ ਬਾਰੀਕ ਰਹੇ।

## ਅਖਾਣ ਪੱਥਰ 'ਤੇ ਲੀਕ
**ਤਰਲੋਚਨ ਸਿੰਘ ਦੁਪਾਲਪੁਰ**

'ਸੌ ਦਿਨ' ਚੋਰ ਦੇ ਹੁੰਦੇ ਨੇ ਬਹੁਤ ਭਾਵੇਂ,
ਦਿਨ ਸਾਧ ਦਾ ਹੁੰਦਾ ਨਜ਼ਦੀਕ ਯਾਰੋ।
ਮਾਤਾ ਚੋਰ ਦੀ 'ਕੋਠੀ ਵਿੱਚ ਮੂੰਹ' ਰੱਖੇ,
ਹੱਸੇ ਦੁਨੀਆ ਤੇ ਨਾਲ ਸ਼ਰੀਕ ਯਾਰੋ।
ਖਾਂਦੇ ਚੋਰਾਂ ਨੂੰ ਹੁੱਬ ਹੁੱਬ ਕੇ ਦੇਖੀਏ ਨਾ,
ਪੈ ਰਹੀ ਕੁੱਟ ਹੀ ਦੇਖਣੀ ਠੀਕ ਯਾਰੋ।
ਮਿਣਦੇ 'ਕੱਪੜੇ ਚੋਰੀ' ਦੇ ਨਾਲ ਡਾਂਗਾਂ,
ਆਵੇ ਯਾਦ ਜਦ ਨਿਕਲੇ ਚੀਕ ਯਾਰੋ।
ਇਹ 'ਅਖਾਣ' ਜੋ ਬੈਂਤ ਦੇ ਵਿੱਚ ਵਰਤੇ,
ਝੂਠੇ ਨਹੀਂ ਇਹ ਪੱਥਰ 'ਤੇ ਲੀਕ ਯਾਰੋ।
ਚਲਦੀ 'ਬਾਬੇ ਦੀ ਚੱਕੀ' ਬੇਸ਼ੱਕ ਹੌਲੀ,
ਪਰ ਪੀਂਹਦੀ ਐ ਬਹੁਤ ਬਰੀਕ ਯਾਰੋ।

## ਸ਼ਸਤਰ
**ਡਾ.(ਆਨਰੇਰੀ) ਸੁਰਿੰਦਰਪਾਲ ਸਿੰਘ**

ਜ਼ੁਲਮਾਂ ਦੇ ਝੁੱਲਦੇ ਝੱਖੜਾਂ ਨੂੰ ਜੋ ਠੱਲ੍ਹੇ
ਹੋਣੀ ਦੇ ਸਨਮੁੱਖ ਬਣ ਕਾਲ ਚੱਲੇ।
ਸ਼ਸਤਰਾਂ ਨੂੰ ਸਤਿਕਾਰਿਆ ਆਖ ਕੱਕਾਰ
ਗੁਰੂ ਸਾਹਿਬ ਧਾਰਿਆ ਬਣਾ ਸ਼ਿੰਗਾਰ
ਆਤਮ ਰੱਖਿਆ ਬਿਨ ਸ਼ਸਤਰ ਸੱਖਣੀ
ਜਦ ਹੁੰਦਾ ਹੱਥ ਕਾਲ ਆਖੇ ਰੱਤ ਚੱਖਣੀ।
ਮਜ਼ਲੂਮਾਂ ਖਾਤਰ ਬਣ ਜਾਂਦਾ ਇਹ ਮਾਣ
ਨਿਹੱਥੇ ਤੇ ਨਾ ਤਾਣੇ ਮਰਦ ਦੀ ਪਹਿਚਾਣ॥
ਕਾਲਯੁੱਗ ਵਿੱਚ ਸ਼ਸਤਰ ਦਾ ਗੂੰਜੇ ਜੈਕਾਰਾ
ਸ਼ਸਤਰ ਵਿੱਚ ਸਮਾਇਆ ਬ੍ਰਹਿਮੰਡ ਸਾਰਾ।
ਸ਼ਸਤਰਾਂ ਨੂੰ ਗੁਰੂ ਸਾਹਿਬ ਬਣਾਇਆ ਪੀਰ
ਮੌਤ ਬਾਅਦ ਸ਼ਸਤ੍ਰ ਛੱਡਦੇ ਸੱਚੇ ਸੂਰਬੀਰ॥
ਦਸ ਲੱਖ ਦੀ ਫ਼ੌਜ ਮੂਹਰੇ ਸ਼ਸਤਰ ਅੜ੍ਹਦੇ
ਨਾ ਕਦੇ ਹਰਦੇ ਜੋ ਸ਼ਸਤਰ ਮਹਿਮਾ ਪੜ੍ਹਦੇ।
ਸ਼ਸਤਰਾਂ ਨੂੰ ਸਾਧੂ ਸੰਤਾਂ ਨੇ ਹੈ ਵਡਿਆਇਆ
ਸ਼ਸਤਰਾਂ ਵਿੱਚ ਹੀ ਅਕਾਲ ਨੂੰ ਪਾਇਆ॥

ਸ੍ਰੀ ਅੰਮ੍ਰਿਤਸਰ ਸਾਹਿਬ।

## ਇਹੀ ਡਰ ਲੱਗਾ ਰਹੇ...
**ਡਾ. ਲਾਭ ਸਿੰਘ ਖੀਵਾ**

ਕੋਈ ਨਾ ਖ਼ਰੀਦੇ ਫੇਰ, ਵਿਕੇ ਹੋਏ ਬੰਦੇ ਨੂੰ।
ਕਰੇ ਨਾ ਸਲਾਮ ਕੋਈ, ਝੁਕੇ ਹੋਏ ਝੰਡੇ ਨੂੰ।
ਕਿਸੇ ਕਿਸੇ ਕਿਸੇ ਨੂੰ, ਉੱਡ ਗਲ਼ੇ ਲਾਈਦਾ।
ਕਿਸੇ ਵੱਲ ਪਿੱਠ ਫੇਰ, ਕੋਲੋਂ ਲੰਘ ਜਾਈਦਾ।
ਚੁੰਮਿਆ ਨਾ ਜਾਂਦਾ ਕਦੇ, ਪੈਰ ਚੁਭੇ ਕੰਡੇ ਨੂੰ।
ਕੁਝ ਵੀ ਸਥਾਈ ਨਹੀਂ, ਇਸ ਕਾਇਨਾਤ 'ਚ।
ਜਾਨੀ ਸ਼ਾਮ ਤੱਕ ਦਾ, ਰੰਗਲੀ ਬਰਾਤ 'ਚ।
ਪਿੰਡ ਪਿੱਛੋਂ ਯਾਦ ਰੱਖੂ, ਕੀਤੇ ਚੰਗੇ-ਮੰਦੇ ਨੂੰ।
ਜ਼ਮੀਰਾਂ ਨਾ ਸੰਭਾਲੀਆਂ, ਜ਼ਮੀਨਾਂ ਨਾ ਸੰਭਾਲੀਆਂ।
ਅਣਖੀ ਪੰਜਾਬ ਨੇ, ਵਿਦੇਸ਼ ਠੇਹੀਆਂ ਭਾਲੀਆਂ।
ਉੱਡ ਗਿਆ ਚੋਗ ਲਈ, ਮਿਹਣਾ ਕੀ ਪਰਿੰਦੇ ਨੂੰ?
ਕੋੜਮੇ ਦੇ ਕੱਟੇ-ਵੱਛੇ, ਮੋਟੇ-ਭਾਰੇ ਕਰਕੇ।
ਆਉਣ ਵਾਲੀ ਪੀੜ੍ਹੀ ਲਈ, ਗੁਦਾਮ-ਕੋਠੇ ਭਰ ਕੇ।
ਫੇਰ ਵੀ ਸੇਵਾ ਕਹਿੰਦੇ, ਸਿਆਸਤ ਦੇ ਧੰਦੇ ਨੂੰ।
ਇਸ਼ਾਰਾ ਕਿਸੇ ਹੋਰ ਦਾ, ਨਾਅਰਾ ਕਿਸੇ ਹੋਰ ਦਾ,
ਰਾਖੇ ਸਾਡੇ ਧੀਆਂ-ਪੁੱਤ, ਮਾਲ ਕਿਸੇ ਚੋਰ ਦਾ।
ਗੰਜਿਆਂ ਦੀ ਭੀੜ ਕਹਿੰਦੀ ਮੋਹਰ ਲਾਇਓ ਕੰਘੇ ਨੂੰ।
ਅੱਜ ਅਸਮਾਨੇ ਜਿਹੜੀ, ਗੁੱਡੀ ਚੜ੍ਹੀ ਹੋਈ ਹੈ।
ਉਹਨੂੰ ਵੀ ਪਤਾ ਹੈ, ਡੋਰ ਕੀਹਨੇ ਫੜੀ ਹੋਈ ਹੈ।
ਦੇਵਾਂ ਦਾ ਸਹੇਲਪੁਣਾ ਦਿਸਦਾ ਹੈ ਅੰਧੇ ਨੂੰ।
ਪੱਤੀ ਪੱਤੀ ਕਰਕੇ, ਹੁਸਨ ਖੋਹਿਆ ਫੁੱਲ ਦਾ।
ਪੰਜ ਆਬਾਂ ਵਾਲਿਆ, ਤੂੰ ਪਾਣੀ ਪੀਂਦਾ ਮੁੱਲ ਦਾ।
ਵਰਤ ਗਿਆ ਸ਼ਿਕਾਰੀ ਕੋਈ, ਤੇਰੇ ਸੁੰਨੇ ਕੰਧੇ ਨੂੰ।
ਭਾਵੇਂ ਕੁੱਜਾ ਟੁੱਟ ਜਾਵੇ, ਬੰਦਾ ਵੱਖ ਕਰੇ ਨਾ।
ਤੇਰੇ ਵਿੱਚੋਂ ਨਾਬਰੀ, ਪੰਜਾਬ ਸਿਆਂ ਮਰੇ ਨਾ।
ਇਹੀ ਡਰ ਲੱਗਾ ਰਹੇ, ਅੱਜ ਦੇ 'ਔਰੰਗੇ' ਨੂੰ।

## ਸੋਨ ਚਿੜੀ
**ਜਤਿੰਦਰ ਭੁੱਚੋ**



ਪਹੁ ਫੁਟਦੇ ਹੀ,
ਚਿੜੀ ਇੱਕ ਆਣ ਬਨੇਰੇ ਬਹਿ ਗਈ।
ਪੁੱਛਿਆ ਜਦ ਸ਼ਹਿਰ ਗਰਾਂ,
ਦੁੱਖ ਰੋਂਦੀ ਰੋਂਦੀ ਕਹਿ ਗਈ।
ਦਮ ਆਖ਼ਰੀ ਭਰਦੀ ਪਈ ਸੀ,
ਮੇਰੇ ਕੋਲੋਂ ਡਰਦੀ ਪਈ ਸੀ।
ਸ਼ਕਲੋਂ ਲੱਗੇ ਬਿਮਾਰ ਜਿਹੀ ਉਹ,
ਪੁੱਟੇ ਖੰਭ ਲਾਚਾਰ ਜਿਹੀ ਉਹ।
ਬੋਲੀ ਤਦ, ਜਦ ਦੁਪਹਿਰ ਖਿੜੀ ਸੀ
ਮੈਨੂੰ ਕਹਿੰਦੀ ਮੈਂ ਥੋਡੀ ਸੋਨ ਚਿੜੀ ਸੀ।
ਲੁੱਟਿਆ ਹਾਕਮਾਂ ਬੜੇ ਚਿਰਾਂ ਤੋਂ
ਉੱਡਣੋਂ ਰਹਿਗੀ ਅਪਣੇ ਪਰਾਂ ਤੋਂ।
ਵਾਲ ਵਾਲ ਮੇਰਾ ਡੁੱਬਿਆ ਕਰਜ਼ੇ,
ਕਿਸਾਨ ਵੀਰ ਕੋਈ ਨਿੱਤ ਹੀ ਮਰਜੇ।
ਬੇਰੁਜ਼ਗਾਰੀ ਹੁਣ ਪਾਈਆਂ ਕੈਂਚੀਆਂ,
ਨਸ਼ਾ ਹੈ ਪੱਲੇ ਜਾਂ ਪਾਣੀ ਦੀਆਂ ਟੈਂਕੀਆਂ।
ਰੁਜ਼ਗਾਰ ਦੇ ਵੀ ਕਿਹੜੇ ਝੰਡੇ ਗੱਡੇ,
ਗੋਲ਼ੀਆਂ ਛਿੱਤਰ ਪੁਲੀਸ ਦੇ ਡੰਡੇ।
ਹਾਲ ਸੁਣਾਵੇ ਜਿਵੇਂ ਕੋਈ ਜੰਗ ਛਿੜੀ ਸੀ,
ਮੈਨੂੰ ਕਹਿੰਦੀ ਮੈਂ ਥੋਡੀ ਸੋਨ ਚਿੜੀ ਸੀ।
ਹੁਣ ਵੀਰਾ ਮੈਂ ਉੱਡਣਾ ਚਾਹਵਾਂ
ਥਾਂ ਥਾਂ ਲੱਗੇ ਫੱਟ ਵਿਖਾਵਾਂ,
ਪੁੱਤਾਂ ਬਾਝੋਂ ਰੋਂਦੀਆਂ ਮਾਵਾਂ
ਘਰ ਘਰ ਇੱਥੇ ਸੁੰਨੀਆਂ ਬਾਹਵਾਂ,
ਅਣਜੰਮੀਆਂ ਨੂੰ ਮੈਂ ਕਿਵੇਂ ਬਚਾਵਾਂ
ਬੇਹਿੰਮਤਿਆਂ ਨੂੰ ਲਾਹਨਤ ਪਾਵਾਂ,
ਅੰਨ੍ਹੇ ਵਿਸ਼ਵਾਸ ਦੀ ਚਲਦੀ ਚੱਕੀ
ਦਰ ਦਰ ਭਟਕਦੇ ਹਲੂਣ ਜਗਾਵਾਂ,
ਇਨ੍ਹਾਂ ਜ਼ੁਲਮਾਂ ਨਾਲ ਮੈਂ ਬਹੁਤ ਭਿੜੀ ਸੀ
ਮੈਨੂੰ ਕਹਿੰਦੀ ਮੈਂ ਥੋਡੀ ਸੋਨ ਚਿੜੀ ਸੀ॥

## ਬਾਪ ਜਿਹਾ ਕਿਰਦਾਰ
**ਸੁੱਚਾ ਸਿੰਘ ਪਸਨਾਵਾਲ**

ਫੁੱਲ ਹੋਰ ਵੀ ਬੇਸ਼ੱਕ ਨੇ ਬੜੇ ਸੋਹਣੇ,
ਗੁਲਾਬ ਵਰਗਾ ਨਾ ਖੁਸ਼ਬੂਦਾਰ ਹੋਵੇ।
ਨਗ ਲੱਖਾਂ ਜੜਾ ਲਉ ਗਹਿਣਿਆਂ ਵਿੱਚ,
ਹੀਰੇ ਜਿਹਾ ਨਾ ਕੋਈ ਚਮਕਦਾਰ ਹੋਵੇ।
ਰਿਸ਼ਤੇ ਜੱਗ 'ਤੇ ਭਾਵੇਂ ਹਜ਼ਾਰ ਹੋਵਣ,
ਪਿਓ ਵਰਗਾ ਨਾ ਮਦਦਗਾਰ ਹੋਵੇ।
ਤਾਏ ਚਾਚੇ ਬੇਸ਼ੱਕ ਹੋਣ ਜਿੰਨੇ ਮਰਜ਼ੀ,
ਬਾਪ ਜਿਹਾ ਨਾ ਕਿਤੇ ਕਿਰਦਾਰ ਹੋਵੇ।
ਲੱਖਾਂ ਕਰੋੜਾਂ ਵਿੱਚ ਭਾਵੇਂ ਖੇਡੇ ਬੰਦਾ,
ਮਾਂ ਪਿਓ ਦਾ ਸਦਾ ਕਰਜ਼ਦਾਰ ਹੋਵੇ।
ਮਨ ਨੀਵਾਂ ਤੇ ਸੋਚ ਨੂੰ ਉੱਚੀ ਰੱਖੀਏ,
ਸੋਚ ਉੱਚੀ ਨਾਲ ਚੰਗਾ ਵਿਹਾਰ ਹੋਵੇ।
ਮੁਰੀਦ ਦਿਲ ਦੇ ਭਾਵੇਂ ਹੋਣ ਲੱਖਾਂ,
ਦਿਲ ਉੱਥੇ ਲਾਈਏ ਜਿਹੜਾ ਕਦਰਦਾਨ ਹੋਵੇ।
ਕੋਇਲ ਉਦੋਂ ਹੀ ਬਾਗੀਂ ਕੂਕਦੀ ਏ,
ਜਦੋਂ ਅੰਬਾਂ ਤੇ ਆਈ ਬਹਾਰ ਹੋਵੇ।
ਧੀ ਪੁੱਤ ਨਾ ਕਦੇ ਵਿਆਹੀਏ ਉੱਥੇ,
ਨਸ਼ਿਆਂ ਦਾ ਜਿੱਥੇ ਕਾਰੋਬਾਰ ਹੋਵੇ।
'ਪਸਨਾਵਾਲੀਆ' ਫ਼ੌਜਾਂ ਉਹ ਕਦੇ ਜਿੱਤੀਆਂ ਨਾ,
ਫ਼ੌਜਾਂ ਜਿਹੜੀਆਂ ਦੇ ਵਿੱਚ ਗਦਾਰ ਹੋਵੇ।

## ਬੰਦੀ
**ਅਮਰਜੀਤ ਸਿੰਘ ਫ਼ੌਜੀ**



ਬੰਦਾ ਉਹ ਜੋ ਸਦਾ ਵਿੱਚ ਰਹੇ ਬੰਦੀ,
ਬਾਹਰ ਬੰਦੀਓਂ ਬੰਦਾ ਸ਼ੈਤਾਨ ਹੋਵੇ।
ਬੰਦੀ ਹੋਵੇ ਤਾਂ ਲੱਖ ਨੂੰ ਕੱਖ ਜਾਣੇ,
ਬਾਹਰ ਬੰਦੀਓਂ ਕੱਖ ਤੇ ਬੇਈਮਾਨ ਹੋਵੇ।
ਬੰਦਾ ਹੋਵੇ ਜੋ ਵਕਤ ਵਿਚਾਰ ਜਾਵੇ,
ਬਿਨਾਂ ਬੰਦੀ ਤੋਂ ਸਦਾ ਖੁਆਰ ਹੋਵੇ।
ਵਿੱਚ ਬੰਦੀ ਦੇ ਮਿਲੇ ਸਤਿਕਾਰ ਪੂਰਾ,
ਬਾਹਰ ਬੰਦੀਓਂ ਸਦਾ ਸ਼ਰਮਸਾਰ ਹੋਵੇ।
ਵਿੱਚ ਬੰਦੀ ਦੇ ਬੰਦੇ ਦੀ ਹੋਏ ਸੇਵਾ,
ਬਾਹਰ ਬੰਦੀ ਦੇ ਦਰਕਿਨਾਰ ਹੋਵੇ।
ਵਿੱਚ ਬੰਦੀ ਮਸਕੀਨ ਨੂੰ ਮਿਲੇ ਸ਼ੋਹਰਤ,
ਬਾਹਰ ਬੰਦੀਓਂ ਦੁਖੀ ਸ਼ਾਹੂਕਾਰ ਹੋਵੇ।
ਵਿੱਚ ਬੰਦੀ ਦੇ ਸਿਰ ਦਾ ਤਾਜ ਬਣ ਜੇ,
ਬਿਨਾਂ ਬੰਦੀ ਦੇ ਬੰਦਾ ਰੁਲ ਜਾਵੇ।
ਬੰਦੀ ਵਿੱਚ ਰਹਿਣ ਦਾ ਕਰੇ ਨਾਟਕ,
ਭੇਤ ਬੰਦੇ ਦਾ ਇੱਕ ਦਿਨ ਖੁੱਲ੍ਹ ਜਾਵੇ।
ਵਿੱਚ ਬੰਦੀ ਦੇ ਬੰਦੇ ਦੀ ਕਦਰ ਹੁੰਦੀ,
ਬਾਹਰ ਬੰਦੀਓਂ ਬੇਕਦਰਾ ਫਿਰੇ ਬੰਦਾ।
ਵਿੱਚ ਬੰਦੀ, ਸੱਜਣ ਬਣ ਜਾਣ ਸਾਰੇ,
ਬਾਹਰ ਬੰਦੀਓਂ ਨਫ਼ਰਤੀਂ ਘਿਰੇ ਬੰਦਾ।
ਕਾਮ ਕ੍ਰੋਧ ਬੰਦੀ ਵਿੱਚ ਵੱਸ ਹੋਵਣ,
ਲੋਭ ਲਾਲਚ, ਬੰਦੀ ਵਿੱਚ ਰੱਖ ਬੰਦੇ।
ਬਾਝ ਬੰਦੀਓਂ ਬੇਲਗਾਮ ਹੋਵਣ,
ਪੱਲੇ ਬੰਦੇ ਦੇ ਛੱਡੇ ਨਾ ਕੱਖ ਬੰਦੇ।
ਵਿੱਚ ਬੰਦੀ, ਪਰਾਈਆਂ ਵੀ ਦਿਸਣ ਧੀਆਂ,
ਬਾਹਰ ਬੰਦੀਓਂ ਦ੍ਰਿਸ਼ਟ ਮਲੀਨ ਹੋਵੇ।
ਬਾਹਰ ਬੰਦੀਓਂ ਬੰਦੇ ਨੂੰ ਇਉਂ ਜਾਣੋ,
ਜਿਵੇਂ ਕੱਲਰੀ ਬੰਜਰ ਜ਼ਮੀਨ ਹੋਵੇ।
ਬੰਦੀ, ਬੰਦੀ ਵਿੱਚ ਵੀ ਫ਼ਰਕ ਹੁੰਦੇ,
ਬੰਦੀ ਹੁੰਦੀ, ਸਮਾਜਿਕ ਅਸੂਲ ਬੰਦੇ।
ਵਿੱਚ ਬੰਦੀ ਦੇ ਰਹਿ ਕੇ ਮਾਣ ਮੌਜਾਂ,
ਬਾਹਰ ਇਸ ਤੋਂ ਜਾਈਂ ਨਾ ਮੂਲ ਬੰਦੇ।
ਦੀਨੇ ਵਾਲਿਆ ਉਣ ਪਟਾਂਗ ਲਿਖਦੇ,
ਪਰ ਲਿਖਦੇ ਬੰਦੀ ਦੇ ਵਿੱਚ ਰਹਿ ਕੇ।
ਪੜ੍ਹਨ ਵਾਲੇ 'ਫ਼ੌਜੀਆ' ਪਿਆਰ ਬਖ਼ਸ਼ਣ,
ਝੋਲੀਆਂ ਭਰ ਲੈ ਚਰਨਾਂ ਵਿੱਚ ਬਹਿ ਕੇ।

## ਫੁੱਟਬਾਲ ਨਾਲ ਵਾਵਰੋਲਾ ਬਣਨ ਵਾਲਾ

# ਕਿਲੀਅਨ ਐਮਬਾਪੇ



ਪ੍ਰਿੰ. ਸਰਵਣ ਸਿੰਘ
+1-905-779-1661





ਕਿਲੀਅਨ ਐਮਬਾਪੇ ਵਿਸ਼ਵ ਦਾ ਸਭ ਤੋਂ ਤੇਜ਼ਤਰਾਰ ਫ਼ੁੱਟਬਾਲਰ ਹੈ। ਉਹ ਫ਼ਾਰਵਰਡ ਖੇਡਦਾ ਬਾਲ ਨਾਲ ਵਾਵਰੋਲਾ ਬਣ ਜਾਂਦੈ। ਉਹਦੀ ਡ੍ਰਿਬਲਿੰਗ ਤੇ ਪਾਸਿੰਗ ਕਮਾਲ ਦੀ ਹੈ ਤੇ ਕਿੱਕ ਦੇ ਵੀ ਕਿਆ ਕਹਿਣੇ! 2022 ਦਾ ਵਿਸ਼ਵ ਕੱਪ ਖੇਡਦਿਆਂ ਫ਼ਾਈਨਲ ਮੈਚ ਵਿੱਚ ਉਸ ਨੇ ਹੈਟ੍ਰਿਕ ਮਾਰਿਆ। ਮੈਚ ਮੁੱਕਣ ’ਚ ਉਦੋਂ ਸਿਰਫ਼ 10 ਮਿੰਟ ਬਾਕੀ ਸਨ। ਅਰਜਨਟੀਨਾ 2 ਗੋਲਾਂ ਨਾਲ ਲੀਡ ਕਰ ਰਿਹਾ ਸੀ, ਪਰ ਐਮਬਾਪੇ ਨੇ ਦੋ ਮਿੰਟਾਂ ’ਚ ਦੋ ਗੋਲ ਕਰ ਦਿੱਤੇ। ਉਸ ਨੇ ਸਟੇਡੀਅਮ ਵਿੱਚ ਹਨੇਰੀ ਲਿਆ ਦਿੱਤੀ। ਦਰਸ਼ਕ ਅਸ਼-ਅਸ਼ ਕਰ ਉੱਠੇ! ਵਾਧੂ ਸਮੇਂ ’ਚ ਮੈਸੀ ਨੇ ਗੋਲ ਕੀਤਾ ਤਾਂ ਉਹ ਵੀ ਉਸ ਨੇ ਲਾਹ ਦਿੱਤਾ। ਮੈਚ ਫ਼ਿਰ ਬਰਾਬਰ ਰਹਿ ਜਾਣ ਕਰਕੇ ਪੈਨਲਟੀ ਸ਼ੂਟ ਆਊਟ ’ਚ ਐਮਬਾਪੇ ਦੀ ਸਫ਼ਲ ਕਿੱਕ ਦੇ ਬਾਵਜੂਦ ਫ਼ਰਾਂਸ, ਅਰਜਨਟੀਨਾ ਤੋਂ ਹਾਰ ਗਿਆ। ਜਿੱਤ ਜਾਂਦਾ ਤਾਂ ਐਮਬਾਪੇ ਲਗਾਤਾਰ ਦੋ ਵਿਸ਼ਵ ਕੱਪਾਂ ਦਾ ਜੇਤੂ ਬਣ ਜਾਂਦਾ।

ਇਸ ਵੇਲੇ ਫ਼ੀਫ਼ਾ ਦਾ 23ਵਾਂ ਵਿਸ਼ਵ ਕੱਪ ਖੇਡਿਆ ਜਾ ਰਿਹੈ। 27 ਸਾਲਾਂ ਦਾ ਐਮਬਾਪੇ ਫ਼ਰਾਂਸ ਦੀ ਟੀਮ ਦਾ ਕਪਤਾਨ ਹੈ।

ਐਮਬਾਪੇ ਗੋਲ ਕਰਨ ’ਚ ਪੂਰਾ ਜੁਗਤੀ ਹੈ। ਉਹ ਬਾਲ ਨਾਲ ਜਾਦੂਮਈ ਡ੍ਰਿਬਲਿੰਗ ਕਰਦਾ, ਪਾਸ ਦਿੰਦਾ ਲੈਂਦਾ, ਵਿਰੋਧੀਆਂ ਨੂੰ ਪਿਛਾੜਦਾ, ਪੈਰਾਂ ਤੋਂ ਲੈ ਕੇ ਸਿਰ ਦੀ ਪੂਰੀ ਵਰਤੋਂ ਕਰਦਾ, ਬਾਲ ਗੋਲ ਪੋਸਟ ’ਚੋਂ ਲੰਘਾਉਣ ਦਾ ਹਰ ਹੀਲਾ ਵਰਤਦਾ ਹੈ। ਉਹਦੀ ਪਾਸ ਦੇਣ ਤੇ ਲੈਣ ਦੀ ਤਕਨੀਕ ਕਮਾਲ ਦੀ ਹੈ ਜਿਵੇਂ ਕੋਈ ਬਾਲ ਨਾਲ ਜਾਦੂਗਰੀ ਕਰਦਾ ਅੱਗੇ ਵਧ ਰਿਹਾ ਹੋਵੇ। ਉਹਦਾ ਮੁਹਾਂਦਰਾ ਅਫ਼ਰੀਕੀ ਖਿਡਾਰੀਆਂ ਨਾਲ ਮਿਲਦਾ ਜੁਲਦਾ ਹੈ। ਰੰਗ ਸਾਂਵਲਾ, ਦੰਦ ਮੋਤੀਆਂ ਵਰਗੇ, ਮੱਥਾ ਚੌੜਾ, ਕੰਨ ਗੋਲ, ਵਾਲ ਘੁੰਗਰਾਲੇ ਅਤੇ ਜੁੱਸਾ ਸਡੌਲ ਤੇ ਛਾਂਟਵਾਂ ਹੈ। ਕੱਦ 5 ਫ਼ੁੱਟ 10 ਇੰਚ ਹੈ ਤੇ ਵਜ਼ਨ 75 ਕਿਲੋਗ੍ਰਾਮ। ਜਿਵੇਂ ਉਸ ਨੇ ਜੂਨੀਅਰ ਪੱਧਰ ’ਤੇ ਵਿਸ਼ਵ ਰਿਕਾਰਡ ਰੱਖੇ ਹਨ, ਉਵੇਂ ਸੀਨੀਅਰ ਪੱਧਰ ’ਤੇ ਵੀ ਨਵੇਂ ਰਿਕਾਰਡ ਰੱਖ ਰਿਹੈ।

ਹੁਣ ਉਹ ਆਪਣਾ ਤੀਜਾ ਵਿਸ਼ਵ ਕੱਪ ਖੇਡ ਰਿਹੈ। 2018 ਦੇ ਵਿਸ਼ਵ ਕੱਪ ਵਿੱਚ ਉਸ ਨੇ 4 ਗੋਲ ਕੀਤੇ ਸਨ ਜਿਨ੍ਹਾਂ ਦਾ ਫ਼ਰਾਂਸ ਨੂੰ ਵਿਸ਼ਵ ਚੈਂਪੀਅਨ ਬਣਾਉਣ ਵਿੱਚ ਵੱਡਾ ਯੋਗਦਾਨ ਸੀ। 2022 ਦੇ ਆਪਣੇ ਦੂਜੇ ਵਿਸ਼ਵ ਕੱਪ ਦੌਰਾਨ ਉਸ ਨੇ 8 ਗੋਲ ਕੀਤੇ ਜੋ ਸਭ ਤੋਂ ਵੱਧ ਸਨ। ਉਦੋਂ ਫ਼ਰਾਂਸ ਉਪ ਜੇਤੂ ਰਿਹਾ ਸੀ। ਐਮਬਾਪੇ ਨੂੰ ‘ਗੋਲਡਨ ਬੂਟ’ ਐਵਾਰਡ ਨਾਲ ਸਨਮਾਨਿਆ ਗਿਆ ਸੀ। ਦੋ ਵਿਸ਼ਵ ਕੱਪਾਂ ਵਿੱਚ 12 ਗੋਲ ਕਰ ਕੇ ਉਸ ਨੇ ਬ੍ਰਾਜ਼ੀਲ ਦੇ ਲੀਜੈਂਡ ਖਿਡਾਰੀ ਪੇਲੇ ਦੀ ਬਰਾਬਰੀ ਕਰ ਲਈ ਸੀ। ਉਹ ਵਿਸ਼ਵ ਕੱਪਾਂ ਦੇ ਫ਼ਾਈਨਲ ਮੈਚਾਂ ਵਿੱਚ 4 ਗੋਲ ਕਰਨ ਦਾ ਵੀ ਰਿਕਾਰਡ ਰੱਖ ਗਿਆ ਸੀ। ਉਂਞ ਵੀ ਉਸ ਨੇ ਫ਼ੁੱਟਬਾਲ ਕੈਰੀਅਰ ਦੇ 400 ਗੋਲ ਕਰ ਲਏ ਸਨ। ਉਸ ਨੂੰ ਨਾਇਕੀ ਦੀ ਸਪਾਂਸਰਸ਼ਿਪ ਮਿਲਣ ’ਤੇ ਬੂਟਾਂ ਉਤੇ ਉਹਦੇ ਦਸਤਖ਼ਤ ਛਪਣ ਲੱਗ ਪਏ।

ਐਮਬਾਪੇ ਦੀ ਏਨੀ ਹਰਮਨ ਪਿਆਰਤਾ ਹੈ ਕਿ 2023 ਤੱਕ ਇੰਸਟਗ੍ਰਾਮ ਉਤੇ ਉਹਦੇ 100 ਮਿਲੀਅਨ ਤੋਂ ਵੱਧ ਫ਼ਾਲੋਅਰ ਬਣ ਚੁੱਕੇ ਸਨ। ਉਹ ਫ਼ਰਾਂਸੀਸੀ ਦੇ ਨਾਲ ਅੰਗਰੇਜ਼ੀ ਤੇ ਸਪੈਨਿਸ਼ ਭਾਸ਼ਾਵਾਂ ਵੀ ਬੋਲ ਲੈਂਦਾ ਹੈ। ਉਹਦਾ ਜਨਮ 20 ਦਸੰਬਰ 1998 ਨੂੰ ਫ਼ਰਾਂਸ ਦੇ ਸ਼ਹਿਰ ਪੈਰਿਸ ਨੇੜਲੀ ਬਸਤੀ ਬੋਂਡੀ ਵਿਖੇ ਹੋਇਆ ਸੀ। ਉਸ ਦਾ ਪੂਰਾ ਨਾਂ ਕਿਲੀਅਨ ਸਾਂਮੀ ਐਮਬਾਪੇ ਲੋਟਿਨ ਰੱਖਿਆ ਗਿਆ। ਉਹਦਾ ਪਿਤਾ ਵਿਲਫ਼੍ਰਿਡ ਐਮਬਾਪੇ ਖ਼ੁਦ ਫ਼ੁੱਟਬਾਲ ਦਾ ਤਕੜਾ ਖਿਡਾਰੀ ਸੀ ਜੋ ਬਾਅਦ ਵਿੱਚ ਫ਼ੁੱਟਬਾਲ ਦਾ ਕੋਚ ਬਣਿਆ। ਉਹਦਾ ਪਿਛੋਕੜ ਕੈਮਰੂਨ ਦਾ ਹੈ। ਫ਼ਰਾਂਸ ਦਾ ਉਹ ਪੱਕਾ ਪਰਵਾਸੀ ਬਣ ਗਿਆ ਸੀ। ਐਮਬਾਪੇ ਦੀ ਮਾਂ ਫ਼ਾਯਜ਼ਾ ਲਮਾਰੀ ਅਲਜੀਰੀਆਈ ਮੂਲ ਦੀ ਹੈ। ਉਹ ਵੀ ਹੈਂਡਬਾਲ ਦੀ ਤਕੜੀ ਖਿਡਾਰਨ ਸੀ। ਘਰ ਵਿੱਚ ਖੇਡਾਂ ਦਾ ਮਾਹੌਲ ਕੁਦਰਤੀ ਸੀ। ਐਮਬਾਪੇ ਨੇ ਤੁਰਨਾ ਸਿੱਖਣ ਦੇ ਨਾਲ ਫ਼ੁੱਟਬਾਲ ਪਿੱਛੇ ਭੱਜਣਾ ਸ਼ੁਰੂ ਕਰ ਲਿਆ। ਉਸ ਦੀ ਮੁੱਢਲੀ ਪੜ੍ਹਾਈ ਬੋਂਡੀ ਦੇ ਕੈਥੋਲਿਕ ਸਕੂਲ ਵਿੱਚ ਹੋਈ ਤੇ ਖੇਡ ਦੀ ਸਿਖਲਾਈ ਸਥਾਨਕ ਫ਼ੁੱਟਬਾਲ ਅਕੈਡਮੀ ਵਿੱਚ ਕਰਾਈ ਗਈ। ਉਹਦਾ ਸਿੱਟਾ ਇਹ ਨਿਕਲਿਆ ਕਿ ਉਸ ਨੇ ਬਹੁਤ ਛੋਟੀ ਉਮਰ ਵਿੱਚ ਫ਼ਰਾਂਸ ਦੀ ਜੂਨੀਅਰ ਤੇ ਫ਼ਿਰ ਸੀਨੀਅਰ ਟੀਮ ਵਿੱਚ ਥਾਂ ਬਣਾ ਲਈ। ਉਹ ਛੇਤੀ ਹੀ ਟੀਮ ਦਾ ਅਹਿਮ ਖਿਡਾਰੀ ਗਿਣਿਆ ਜਾਣ ਲੱਗਾ। ਉਹਦੀ ਚੁਸਤੀ ਫ਼ੁਰਤੀ, ਤੇਜ਼ ਰਫ਼ਤਾਰ ਤੇ ਹਮਲਾਵਰ ਖੇਡ ਨੇ ਫ਼ਰਾਂਸ ਦੀਆਂ ਟੀਮਾਂ ਨੂੰ ਵਾਰ-ਵਾਰ ਜਿੱਤਾਂ ਜਿੱਤਵਾਈਆਂ। ਇਸ ਵੇਲੇ ਉਹ ਫ਼ਰਾਂਸ ਦੀ ਟੀਮ ਦਾ ਸਭ ਤੋਂ ਤਕੜਾ ਸਟਰਾਈਕਰ ਮੰਨਿਆ ਜਾ ਰਿਹੈ ਜਿਸ ਤੋਂ ਵੱਡੀਆਂ ਆਸਾਂ ਹਨ।

2018 ਦਾ ਵਿਸ਼ਵ ਕੱਪ ਜਿੱਤਣ ਤੇ 2022 ਦੇ ਕੱਪ ਵਿੱਚ ਦੋਇਮ ਰਹਿਣ ਨਾਲ ਉਸ ਨੇ ਸਾਬਤ ਕਰ ਦਿੱਤਾ ਸੀ ਕਿ ਉਹ ਦੁਨੀਆ ਦੇ ਸਰਬੋਤਮ ਖਿਡਾਰੀਆਂ ’ਚੋਂ ਇੱਕ ਹੈ, ਪਰ ਅਜੇ ਉਸ ਨੇ ਸਭ ਤੋਂ ਸਰਬੋਤਮ ਖਿਡਾਰੀ ਹੋਣ ਦਾ ਮਾਣ ਹਾਸਲ ਕਰਨਾ ਹੈ। ਉਹਦੇ ਲਈ ਉਹ ਲਗਾਤਾਰ ਜੱਦੋਜਹਿਦ ਕਰ ਰਿਹਾ ਹੈ। ਉਸ ਦੀ ਖੇਡ-ਸ਼ੈਲੀ ਵਿੱਚ ਤੇਜ਼ਤਰਾਰੀ ਉਹਦੀ ਸਭ ਤੋਂ ਵੱਡੀ ਤਾਕਤ ਹੈ। ਜੇਕਰ ਸਪਰਿੰਟਰ ਬਣਨ ਦਾ ਈਵੈਂਟ ਚੁਣਦਾ ਤਾਂ ਸੰਭਵ ਸੀ 100 ਮੀਟਰ ਦੌੜਾਂ ਦੇ ਉਲੰਪਿਕ ਤਗ਼ਮੇ ਜਿੱਤਦਾ, ਪਰ ਉਸ ਨੇ ਵਿਸ਼ਵ ਦੀ ਸਭ ਤੋਂ ਵੱਧ ਖੇਡੀ ਤੇ ਵੇਖੀ ਜਾਣ ਵਾਲੀ ਖੇਡ ਫ਼ੁੱਟਬਾਲ ਚੁਣੀ। ਉਸ ਵਿੱਚ ਉਸ ਨੇ ਨਾਂਅ ਤੇ ਨਾਵਾਂ ਦੋਹੇਂ ਰੱਜ ਕੇ ਕਮਾਏ ਤੇ ਲੱਗਦੈ ਅਜੇ ਕਈ ਸਾਲ ਹੋਰ ਕਮਾਉਂਦਾ ਰਹੇਗਾ।ਉਸ ਦੀਆਂ ਵੱਡੀਆਂ ਪ੍ਰਾਪਤੀਆਂ ਵਿੱਚ ਫ਼ੀਫ਼ਾ ਵਿਸ਼ਵ ਦਾ ਜੇਤੂ ਤੇ ਉਪ ਜੇਤੂ ਹੋਣਾ, ਵਰਲਡ ਕੱਪ ਗੋਲਡਨ ਬੂਟ ਜੇਤੂ ਹੋਣਾ, ਅਨੇਕ ਵਾਰ ਫ਼ਰੈਂਚ ਲੀਗ ਦਾ ਸਰਬੋਤਮ ਖਿਡਾਰੀ ਹੋਣਾ, ਯੂਰਪ ਦਾ ਸਰਬੋਤਮ ਨੌਜਵਾਨ ਖਿਡਾਰੀ ਹੋਣਾ, ਅੰਤਰਰਾਸ਼ਟਰੀ ਪੁਰਸਕਾਰਾਂ ਦਾ ਜੇਤੂ ਹੋਣਾ ਤੇ ਅਨੇਕ ਅੰਤਰਰਾਸ਼ਟਰੀ ਰਿਕਾਰਡ ਤੋੜਨ ਵਾਲਾ ਹੋਣਾ ਸ਼ਾਮਲ ਹੈ। ਅਜੇ ਕਿਹੜਾ ਬਸ ਹੈ। ਉਹਦੀ ਗੁੱਡੀ ਚੜ੍ਹੀ ਹੋਈ ਹੈ ਤੇ ਲੱਗਦੈ ਅਜੇ ਕੁਝ ਸਾਲ ਹੋਰ ਅਸਮਾਨੀ ਚੜ੍ਹੀ ਰਹੇਗੀ।

# ਕੀਨੀਆ ਦਾ ਸਿੱਖ ਹਾਕੀ ਉਲੰਪੀਅਨ ਅਵਤਾਰ ਸਿੰਘ ਤਾਰੀ

## ਲਗਾਤਾਰ ਤਿੰਨ ਉਲੰਪਿਕ ਖੇਡਾਂ ਵਿੱਚ ਕੀਨੀਆ ਦੀ ਕੌਮੀ ਟੀਮ ਦੀ ਕਪਤਾਨੀ ਕਰਨ ਦਾ ਮਾਣ ਹੈ ਹਾਸਲ

ਸੁਖਵਿੰਦਰਜੀਤ ਸਿੰਘ ਮਨੌਲੀ



ਕੌਮੀ ਅਤੇ ਕੌਮਾਂਤਰੀ ਹਾਕੀ ਦੇ ਹਲਕਿਆਂ ਵਿੱਚ ‘ਤਾਰੀ’ ਦੇ ਨਾਮ ਨਾਲ ਮਸ਼ਹੂਰ ਅਵਤਾਰ ਸਿੰਘ ਇੱਕ ਅਜਿਹਾ ਨਾਮ ਹੈ, ਜਿਸ ਨੇ ਕੀਨੀਆ ਦੀ ਧਰਤੀ ’ਤੇ ਰਹਿ ਕੇ ਵਿਸ਼ਵ ਹਾਕੀ ਵਿੱਚ ਪੰਜਾਬੀਆਂ ਦਾ ਨਾਮ ਰੌਸ਼ਨ ਕੀਤਾ। ਬਾਈ ਮਾਰਚ 1938 ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਵਿਖੇ ਪਿਤਾ ਪਿਆਰਾ ਸਿੰਘ ਅਤੇ ਮਾਤਾ ਪ੍ਰਮੇਸ਼ਵਰੀ ਕੌਰ ਦੇ ਘਰ ਜਨਮੇ ਅਵਤਾਰ ਸਿੰਘ ਦੇ ਨਾਮ ਇੱਕ ਅਜਿਹਾ ਵਿਲੱਖਣ ਰਿਕਾਰਡ ਦਰਜ ਹੈ, ਜੋ ਅੱਜ ਵੀ ਦੁਨੀਆ ਦੇ ਵੱਡੇ-ਵੱਡੇ ਖਿਡਾਰੀਆਂ ਲਈ ਮਿਸਾਲ ਹੈ। ਅਵਤਾਰ ਸਿੰਘ ‘ਤਾਰੀ’ ਦੁਨੀਆ ਦਾ ਪਹਿਲਾ ਅਜਿਹਾ ਹਾਕੀ ਖਿਡਾਰੀ ਹੈ, ਜਿਸ ਨੂੰ ਲਗਾਤਾਰ ਤਿੰਨ ਉਲੰਪਿਕ ਖੇਡਾਂ ਵਿੱਚ ਕੀਨੀਆ ਦੀ ਕੌਮੀ ਟੀਮ ਦੀ ਕਪਤਾਨੀ ਕਰਨ ਦਾ ਮਾਣ ਹਾਸਲ ਹੋਇਆ। ਇਹ ਆਪਣੇ ਆਪ ਵਿੱਚ ਉਲੰਪਿਕ ਰਿਕਾਰਡ ਹੈ।

ਤਾਰੀ ਦੀ ਹਾਕੀ ਦਾ ਮੁੱਢ ਨੈਰੋਬੀ ਦੇ ਸਿਟੀ ਪ੍ਰਾਇਮਰੀ ਸਕੂਲ ਅਤੇ ਗਲੋਸਟਰ ਸਕੂਲ ਤੋਂ ਬੱਝਿਆ। ਤਾਰੀ ਨੂੰ ਆਪਣੀ ਪ੍ਰਤਿਭਾ ਸਦਕਾ ਮਹਿਜ਼ 19 ਸਾਲ ਦੀ ਉਮਰ ਵਿੱਚ ਦੱਖਣੀ ਅਫ਼ਰੀਕਾ ਵਿਰੁੱਧ ਆਪਣਾ ਪਹਿਲਾ ਕੌਮਾਂਤਰੀ ਮੈਚ ਖੇਡਣ ਦਾ ਮੌਕਾ ਮਿਲਿਆ। ਇਸ ਮੈਚ ਵਿੱਚ ਉਸ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਚੋਣਕਾਰਾਂ ਦਾ ਦਿਲ ਜਿੱਤ ਲਿਆ, ਜਿਸ ਸਦਕਾ ਉਹ ਰੋਮ 1960 ਓਲੰਪਿਕ ਲਈ ਚੁਣੀ ਗਈ ਕੀਨਿਆਈ ਟੀਮ ਦਾ ਹਿੱਸਾ ਬਣਿਆ। ਸਾਲ 1962 ਵਿੱਚ ਅਵਤਾਰ ਸਿੰਘ ਨੂੰ ਕੀਨਿਆਈ ਟੀਮ ਦਾ ਕਪਤਾਨ ਨਿਯੁਕਤ ਕੀਤਾ ਗਿਆ। ਉਸ ਦੀ ਅਗਵਾਈ ਹੇਠ ਟੀਮ ਨੇ ਲਗਾਤਾਰ 10 ਸਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਤਿੰਨ ਓਲੰਪਿਕ ਮੁਕਾਬਲਿਆਂ ਵਿੱਚ ਹਿੱਸਾ ਲਿਆ। 1971 ਦੇ ਬਾਰਸੀਲੋਨਾ ਵਿਸ਼ਵ ਕੱਪ ਵਿੱਚ ਉਸ ਨੇ ਕੀਨੀਆ ਦੀ ਨੁਮਾਇੰਦਗੀ ਕੀਤੀ। ਉਸ ਨੇ ਆਪਣੇ 15 ਸਾਲ ਲੰਮੇ ਕੌਮਾਂਤਰੀ ਕੈਰੀਅਰ (1957 ਤੋਂ 1972) ਦੌਰਾਨ ਰਿਕਾਰਡ 167 ਕੌਮਾਂਤਰੀ ਮੈਚ ਖੇਡੇ, ਜੋ ਕੀਨੀਆ ਵੱਲੋਂ ਇੱਕ ਵੱਡੀ ਉਪਲਬਧੀ ਹੈ।

ਅਵਤਾਰ ਸਿੰਘ ‘ਤਾਰੀ’ ਦਾ ਉਲੰਪਿਕ ਸਫ਼ਰ ਕੀਨਿਆਈ ਹਾਕੀ ਦੇ ਸੁਨਹਿਰੀ ਦੌਰ ਦੀ ਗਾਥਾ ਹੈ। ਆਪਣੇ ਪਹਿਲੇ ਹੀ ਉਲੰਪਿਕ (ਰੋਮ ਓਲੰਪਿਕ 1960) ਮੁਕਾਬਲਿਆਂ ਵਿੱਚ ਅਵਤਾਰ ਸਿੰਘ ਦੀ ਅਗਵਾਈ ਹੇਠਲੀ ਕੀਨੀਆ ਦੀ ਟੀਮ ਨੇ ਸੱਤਵਾਂ ਨੰਬਰ ਹਾਸਲ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਟੂਰਨਾਮੈਂਟ ਵਿੱਚ ਪਾਕਿਸਤਾਨ ਨੇ ਸੋਨੇ ਅਤੇ ਭਾਰਤ ਨੇ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਕੀਨੀਆ ਦੇ 16 ਮੈਂਬਰੀ ਦਸਤੇ ਵਿੱਚ ਤਾਰੀ ਸਮੇਤ 7 ਸਿੱਖ ਖਿਡਾਰੀ (ਜਗਨੰਦਨ ਸਿੰਘ, ਸੁਰਜੀਤ ਸਿੰਘ ਦਿਓਲ, ਸੁਰਜੀਤ ਸਿੰਘ ਪਨੇਸਰ, ਪ੍ਰੀਤਮ ਸਿੰਘ ਸੰਧੂ, ਕਿਰਪਾਲ ਸਿੰਘ ਭਾਰਦਵਾਜ ਅਤੇ ਗੁਰਸ਼ਰਨ ਸਿੰਘ ਸਹਿਮੀ) ਸ਼ਾਮਿਲ ਸਨ। ਟੋਕੀਓ ਉਲੰਪਿਕਸ (1964) ਵਿੱਚ ਅਵਤਾਰ ਸਿੰਘ ਤਾਰੀ ਨੇ ਇਤਿਹਾਸ ਸਿਰਜਿਆ, ਜਦੋਂ ਉਹ ਕੀਨੀਆ ਦੀ ਟੀਮ ਦੀ ਕਪਤਾਨੀ ਕਰਨ ਵਾਲਾ ਪਹਿਲਾ ਸਿੱਖ ਖਿਡਾਰੀ ਬਣਿਆ। ਉਸ ਦੀ ਅਗਵਾਈ ਹੇਠ ਟੀਮ ਨੇ ਆਪਣੇ ਪ੍ਰਦਰਸ਼ਨ ਵਿੱਚ ਸੁਧਾਰ ਕਰਦਿਆਂ ਛੇਵਾਂ ਸਥਾਨ ਹਾਸਲ ਕੀਤਾ।



ਮੈਕਸਿਕੋ ਉਲੰਪਿਕ (1968) ਖੇਡਾਂ ’ਚ ਤਾਰੀ ਦੀ ਕਪਤਾਨੀ ਹੇਠ ਛੇ ਸਿੱਖ ਖਿਡਾਰੀਆਂ ਨੇ ਕੀਨੀਆ ਦਾ ਝੰਡਾ ਬੁਲੰਦ ਰੱਖਿਆ। ਮਿਊਨਿਖ (1972) ਖੇਡਾਂ ਦਾ ਟੂਰਨਾਮੈਂਟ ਖ਼ਾਸ ਸੀ ਕਿਉਂਕਿ ਕੀਨੀਆ ਦੀ 18 ਮੈਂਬਰੀ ਟੀਮ ਵਿੱਚ 13 ਖਿਡਾਰੀ ਪੰਜਾਬੀ ਮੂਲ ਦੇ ਸਨ। ਇਸ ਵਿੱਚ ਬਰਜਿੰਦਰ ਸਿੰਘ ਦਵੇਦ, ਜਗਮੇਲ ਸਿੰਘ ਰੂਪਰਾਏ ਅਤੇ ਸੁਰਜੀਤ ਸਿੰਘ ਰਿਹਾਲ ਵਰਗੇ ਨਾਮ ਸ਼ਾਮਿਲ ਸਨ। ਸਪੇਨ ਦੇ ਬਾਰਸੀਲੋਨਾ ਵਿੱਚ ਖੇਡਿਆ ਗਿਆ ਪਹਿਲਾ ਵਿਸ਼ਵ ਹਾਕੀ ਕੱਪ (1971) ਅਵਤਾਰ ਸਿੰਘ ਤਾਰੀ ਦੇ ਕੈਰੀਅਰ ਦੀ ਇੱਕ ਹੋਰ ਵੱਡੀ ਉਪਲਬਧੀ ਸੀ। ਕਪਤਾਨ ਅਵਤਾਰ ਸਿੰਘ ਤਾਰੀ ਨੇ ਮੂਹਰੇ ਹੋ ਕੇ ਟੀਮ ਦੀ ਅਗਵਾਈ ਕੀਤੀ ਅਤੇ ਟੂਰਨਾਮੈਂਟ ਵਿੱਚ ਚਾਰ ਅਹਿਮ ਗੋਲ ਕੀਤੇ। ਕੀਨੀਆ ਦੀ ਟੀਮ ਵਿਸ਼ਵ ਦੀਆਂ ਸਿਖਰਲੀਆਂ ਦਸ ਟੀਮਾਂ ਨੂੰ ਪਛਾੜ ਕੇ ਸੈਮੀਫਾਈਨਲ ਤੱਕ ਪਹੁੰਚੀ। ਹਾਲਾਂਕਿ ਸੈਮੀਫਾਈਨਲ ਵਿੱਚ ਮੇਜ਼ਬਾਨ ਸਪੇਨ ਤੋਂ ਹਾਰਨ ਕਰਕੇ ਉਹ ਖ਼ਿਤਾਬੀ ਦੌੜ ਤੋਂ ਬਾਹਰ ਹੋ ਗਈ, ਪਰ ਚੌਥੇ ਸਥਾਨ ’ਤੇ ਰਹਿ ਕੇ ਇਸ ਟੀਮ ਨੇ ਵਿਸ਼ਵ ਹਾਕੀ ਵਿੱਚ ਆਪਣੀ ਪੈਂਠ ਬਣਾਈ।

ਮੈਦਾਨ ਤੋਂ ਸੰਨਿਆਸ ਲੈਣ ਤੋਂ ਬਾਅਦ ਵੀ ਅਵਤਾਰ ਸਿੰਘ ਤਾਰੀ ਹਾਕੀ ਨਾਲ ਜੁੜਿਆ ਰਿਹਾ। ਉਸ ਦੀਆਂ ਸੇਵਾਵਾਂ ਦੇ ਮੱਦੇਨਜ਼ਰ 1984 ਲਾਸ ਏਂਜਲਸ ਉਲੰਪਿਕ ਲਈ ਉਸ ਨੂੰ ਕੀਨਿਆਈ ਟੀਮ ਦਾ ਮੁੱਖ ਕੋਚ ਥਾਪਿਆ ਗਿਆ। ਸਾਲ 1980 ਵਿੱਚ ਉਸ ਨੂੰ ਕੌਮਾਂਤਰੀ ਹਾਕੀ ਫੈਡਰੇਸ਼ਨ ਦੇ ਅੰਪਾਇਰਾਂ ਦੇ ਪੈਨਲ ਵਿੱਚ ਸ਼ਾਮਿਲ ਕੀਤਾ ਗਿਆ। 1988 ਦੀਆਂ ਸਿਓਲ ਉਲੰਪਿਕ ਖੇਡਾਂ ਵਿੱਚ ਉਹ ਜੱਜਾਂ ਦੀ ਜਿਊਰੀ ਦੇ ਮੈਂਬਰ ਅਤੇ ਕੋਚਿੰਗ ਕਮੇਟੀ ਦਾ ਹਿੱਸਾ ਰਿਹਾ। ਹਾਕੀ ਲਈ ਦਿੱਤੀਆਂ ਬੇਮਿਸਾਲ ਸੇਵਾਵਾਂ ਬਦਲੇ ਉਸ ਨੂੰ ਕੌਮਾਂਤਰੀ ਹਾਕੀ ਫੈਡਰੇਸ਼ਨ ਵੱਲੋਂ ‘ਡਿਪਲੋਮਾ ਔਫ ਮੈਰਿਟ’ ਨਾਲ ਸਨਮਾਨਿਤ ਕੀਤਾ ਗਿਆ। ਅੱਜ ਵੀ ਇਹ ਉਲੰਪੀਅਨ ਯੋਧਾ ਨੈਰੋਬੀ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ ਅਤੇ ‘ਸਿੱਖ ਯੂਨੀਅਨ ਹਾਕੀ ਕਲੱਬ’ ਵਿੱਚ ਜੂਨੀਅਰ ਖਿਡਾਰੀਆਂ ਨੂੰ ਹਾਕੀ ਦੇ ਗੁਰ ਸਿਖਾ ਕੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਅ ਰਿਹਾ ਹੈ।

# ਪੰਜਾਬੀ ਕਾਮੇਡੀ ਨੇ ਬਣਾਈ ਵੱਖਰੀ ਪਛਾਣ

ਰਘਵੀਰ ਸਿੰਘ ਚੰਗਾਲ









ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਕਾਮੇਡੀ ਦੇ ਖੇਤਰ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ। ਇਸ ਅਰਸੇ ਦੌਰਾਨ ਇਸ ਕਲਾ ਨੇ ਆਪਣੀ ਵੱਖਰੀ ਆਧੁਨਿਕ ਪਛਾਣ ਬਣਾ ਲਈ ਹੈ। ਇਸ ਖੇਤਰ ਵਿੱਚ ਵਿਚਰਦੇ ਸਾਰੇ ਕਲਾਕਾਰ ਪੰਜਾਬ ਦੀ ਰਵਾਇਤੀ ਭੰਡ ਪਰੰਪਰਾ ਨੂੰ ਆਧੁਨਿਕ ਸੰਚਾਰ ਸਾਧਨਾਂ ਦੀ ਬਦੌਲਤ ਨਵੇਂ ਰੂਪ ਵਿੱਚ ਪੇਸ਼ ਕਰ ਰਹੇ ਹਨ। ਭਗਵੰਤ ਮਾਨ ਤੇ ਜਸਪਾਲ ਭੱਟੀ ਦੀ ਇਸ ਖੇਤਰ ਵਿੱਚ ਆਮਦ ਤੋਂ ਪਹਿਲਾਂ ਪੰਜਾਬੀ ਕਾਮੇਡੀ ਦੀ ਉਹ ਪਛਾਣ ਨਹੀਂ ਸੀ ਬਣੀ ਜੋ ਅੱਜ ਬਣ ਚੁੱਕੀ ਹੈ। ਉਨ੍ਹਾਂ ਸਮਿਆਂ 'ਚ ਹਲਕੀ-ਫੁਲਕੀ ਚੁਟਕਲੇਬਾਜ਼ੀ, ਵਧੇਰੇ ਕਰਕੇ ਸਰੋਤਿਆਂ ਦੀਆਂ ਭਾਵਨਾਵਾਂ ਨਾਲ ਛੇੜ-ਛਾੜ ਤੱਕ ਹੀ ਸੀਮਿਤ ਸੀ। ਇਸ ਨਾਲ ਜੁੜੇ ਲੋਕਾਂ ਨੂੰ 'ਭੰਡ' ਕਿਹਾ ਜਾਂਦਾ ਸੀ।

ਪਹਿਲਾਂ ਕਾਮੇਡੀ ਕਲਾਕਾਰਾਂ ਦਾ ਖੇਤਰ ਫ਼ਿਲਮਾਂ ਤੱਕ ਹੀ ਸੀਮਿਤ ਸੀ। ਖਰੈਤੀ ਭੈਂਗਾ ਨਾਂਅ ਦਾ ਕਲਾਕਾਰ ਪੰਜਾਬੀ ਫ਼ਿਲਮਾਂ ਵਿੱਚ ਕਾਮੇਡੀਅਨਾਂ 'ਚੋਂ ਸਭ ਤੋਂ ਪਹਿਲਾ ਚਰਚਿਤ ਨਾਂਅ ਹੈ। ਇਸ ਤੋਂ ਬਾਅਦ ਮਿਹਰ ਮਿੱਤਲ ਨੇ ਪੰਜਾਬੀ ਫ਼ਿਲਮ ਜਗਤ ਵਿੱਚ ਆਪਣਾ ਮੁਕਾਮ ਕਾਇਮ ਕੀਤਾ। ਕੋਈ ਵੀ ਪੰਜਾਬੀ ਫ਼ਿਲਮ ਮਿਹਰ ਮਿੱਤਲ ਦੀ ਮੌਜੂਦਗੀ ਤੋਂ ਬਿਨਾਂ ਅਧੂਰੀ ਸਮਝੀ ਜਾਂਦੀ ਸੀ।



ਸਟੇਜੀ ਪੇਸ਼ਕਾਰੀ ਵਿੱਚ ਕਾਮੇਡੀਅਨ ਵਜੋਂ ਕੇ. ਦੀਪ ਤੇ ਜਗਮੋਹਨ ਕੌਰ ਦੀ ਜੋੜੀ ਨੇ 'ਪੋਸਤੀ' ਤੇ 'ਮਾਈ ਮੋਹਣੋਂ' ਦੇ ਕਿਰਦਾਰਾਂ ਵਿੱਚ 1980 ਵਿੱਚ ਸ਼ੁਰੂਆਤ ਕੀਤੀ ਸੀ ਤੇ ਤਵਿਆ ਦੇ ਰੂਪ ਵਿੱਚ ਕਾਮੇਡੀ ਦਾ ਰੂਪ ਉੱਭਰਕੇ ਸਾਹਮਣੇ ਆਇਆ ਸੀ। 'ਪੋਸਤੀ ਕੈਨੇਡਾ ਵਿੱਚ' 'ਪੋਸਤੀ ਲੰਡਨ ਵਿੱਚ' ਤੇ 'ਪੋਸਤੀ ਦੁਬਈ ਵਿੱਚ' ਆਦਿ ਤਵੇ ਰਿਕਾਰਡ ਹੋ ਕੇ ਮਾਰਕੀਟ ਵਿੱਚ ਆਏ ਜਿਨ੍ਹਾਂ ਨੇ ਕਾਮੇਡੀ ਦੇ ਖੇਤਰ ਵਿੱਚ ਅਹਿਮ ਸਥਾਨ ਪ੍ਰਾਪਤ ਕੀਤਾ। ਜਲੰਧਰ ਦੂਰਦਰਸ਼ਨ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਇਸ ਮਾਧਿਅਮ ਤੋਂ ਪੰਜਾਬੀ ਪ੍ਰੋਗਰਾਮ 'ਰੌਣਕ ਮੇਲਾ' ਸ਼ੁਰੂ ਹੋਇਆ। ਇਸ ਪ੍ਰੋਗਰਾਮ ਜ਼ਰੀਏ ਰੌਣਕੀ ਰਾਮ ਦੇ ਕਿਰਦਾਰ ਵਿੱਚ ਬਲਵਿੰਦਰ ਵਿੱਕੀ ਨੇ ਆਪਣਾ ਚੋਖਾ ਨਾਂਅ ਬਣਾਇਆ। ਕੈਸੇਟ ਕਲਚਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਨੇ 1988 ਵਿੱਚ ਆਪਣੀ ਕਾਮੇਡੀ ਦੇ ਅੰਦਾਜ਼ ਨੂੰ ਕੈਸੇਟਾਂ ਜ਼ਰੀਏ ਨਵਾਂ ਅੰਜ਼ਾਮ ਦਿੱਤਾ। 'ਛਣਕਾਟਾ-88' ਉਨ੍ਹਾਂ ਦੀ ਪਹਿਲੀ ਆਡੀਓ ਕੈਸੇਟ ਮਾਰਕੀਟ ਵਿੱਚ ਆਈ। ਇਸ ਤੋਂ ਬਾਅਦ ਇਹ ਸਫ਼ਰ ਬਾਦਸਤੂਰ ਜਾਰੀ ਰਿਹਾ। ਇਸ ਜੋੜੀ ਦੇ ਨਾਲ ਇਸਤਰੀ ਕਲਾਕਾਰਾ ਨੀਲੂ ਨੇ ਵੀ ਸ਼ਮੂਲੀਅਤ ਕੀਤੀ। 'ਛਣਕਾਟਾ-2004' (ਅੰਮ੍ਰਿਤਸਰ ਦਾ ਪਾਣੀ) ਵਿੱਚ ਨੀਲੂ ਦੀ ਥਾਂ ਚਰਚਿਤ ਮਾਡਲ ਤੇ ਐਂਕਰ ਸੁੱਖੀ ਪਵਾਰ ਨੂੰ ਲਿਆ ਗਿਆ। ਇਸ ਵਿੱਚ ਗਾਇਕੀ ਦਾ ਰੰਗ ਸੁਖਵਿੰਦਰ ਸੁੱਖੀ ਨੇ ਭਰਿਆ। ਭੱਲੇ ਹੁਰਾਂ ਦੀ ਕਾਮੇਡੀ ਵਿੱਚ ਭੰਡਪੁਣੇ ਨੂੰ ਆਧੁਨਿਕ ਢੰਗ ਨਾਲ ਪੇਸ਼ ਕੀਤਾ ਗਿਆ। ਡੇਢ ਦਰਜਨ ਦੇ ਕਰੀਬ ਆਡੀਓ ਕੈਸੇਟਾਂ ਨਾਲ ਇਨ੍ਹਾਂ ਨੇ ਮਾਰਕੀਟ ਵਿੱਚ ਭਰਵੀਂ ਹਾਜ਼ਰੀ ਲਗਵਾਈ।

ਫ਼ਿਰ ਇਸ ਖੇਤਰ ਵਿੱਚ 'ਅਤਰੋ-ਚਤਰੋ' ਔਰਤ ਪਾਤਰਾਂ ਦੇ ਰੂਪ ਵਿੱਚ ਦੇਸ਼ ਰਾਜ ਤੇ ਸਰੂਪ ਪਰਿੰਦਾ ਨੇ ਪ੍ਰਵੇਸ਼ ਕੀਤਾ। ਇਸ ਜੋੜੀ ਨੇ ਵੀ ਕਾਫ਼ੀ ਪ੍ਰਸਿੱਧੀ ਖੱਟੀ। ਇਨ੍ਹਾਂ ਦੀ ਠੇਠ ਬੋਲੀ ਨਾਲ ਔਰਤਾਂ ਦੇ ਲਿਬਾਸ ਵਿੱਚ ਕੀਤੀ ਕਾਮੇਡੀ ਦੀ ਕਾਫ਼ੀ ਚਰਚਾ ਹੋਈ। ਫ਼ਿਰ ਮਾਲਵੇ ਦੇ ਜੰਮਪਲ ਨੇਕ ਮਟਰਾਂ ਵਾਲੇ ਨੇ 'ਪੁਲਿਸ ਨਾਕਾ' ਨਾਂਅ ਦੀ ਆਡੀਓ ਕੈਸੇਟ ਨਾਲ ਧਮਾਕੇਦਾਰ ਢੰਗ ਨਾਲ ਕਾਮੇਡੀ ਖੇਤਰ ਵਿੱਚ ਪ੍ਰਵੇਸ਼ ਕੀਤਾ। ਇਸ ਦਾ ਆਪਣਾ ਵੱਖਰਾ ਅੰਦਾਜ਼ ਸੀ। ਬੜੀ ਕਾਹਲੀ ਵਿੱਚ ਬੋਲ ਕੇ ਲੋਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲ ਇਹ ਇਕੱਲਾ ਇਕਹਿਰਾ ਕਲਾਕਾਰ ਬਠਿੰਡਾ ਦੇ ਥਰਮਲ ਪਲਾਂਟ ਦੀ ਨੌਕਰੀ ਵਿੱਚ ਵਧੇਰੇ ਰੁਚਿਤ ਹੋ ਕੇ ਰਹਿ ਗਿਆ। ਇਸ ਨੇ 'ਪੁਲਿਸ ਨਾਕਾ' ਤੇ 'ਸਪੇਸ਼ਲ ਪੁਲਿਸ ਨਾਕਾ' ਦੋ ਕੁ ਆਡੀਓ ਕੈਸੇਟਾਂ ਹੀ ਰਿਕਾਰਡ ਕਰਵਾਈਆਂ।

ਆਧੁਨਿਕ ਸੰਚਾਰ ਸਾਧਨਾਂ ਤੇ ਇਲੈੱਕਟ੍ਰਾਨਿਕ ਤਕਨੀਕ ਦੀ ਆਮਦ ਨਾਲ ਕਾਮੇਡੀ ਖੇਤਰ ਵਿੱਚ ਕਈ ਸਥਾਪਿਤ ਤੇ ਚਰਚਿਤ ਨਾਂਅ ਉੱਭਰ ਕੇ ਸਾਹਮਣੇ ਆਏ ਹਨ। ਭਗਵੰਤ ਮਾਨ ਆਧੁਨਿਕ ਪੰਜਾਬੀ ਕਾਮੇਡੀ ਦਾ ਉਹ ਕਲਾਕਾਰ ਰਿਹਾ ਹੈ ਜਿਸ ਨਾਲ ਵੀਹਵੀਂ ਸਦੀ ਵਿੱਚ ਕਾਮੇਡੀ ਦੇ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੁੰਦੀ ਹੈ। ਪੰਜਾਬੀ ਕਾਮੇਡੀਅਨਾਂ ਵਿੱਚੋਂ ਮਾਨ ਹੀ ਅਜਿਹਾ ਕਲਾਕਾਰ ਹੈ ਜਿਹੜਾ ਇਸ ਕਲਾ ਨੂੰ ਪੇਸ਼ੇ ਵਜੋਂ ਸਥਾਪਿਤ ਕਰਨ ਲਈ ਸਿਧਾਂਤਕ ਅੰਦਾਜ਼ ਵਿੱਚ ਪੇਸ਼ ਹੋਇਆ। ਉਸ ਨੇ ਕਿਹਾ ਸੀ, "ਪਹਿਲਾਂ ਇਸ ਖੇਤਰ ਦੇ ਕਲਾਕਾਰਾਂ ਦੀ ਹਾਲਤ ਇਹ ਸੀ ਕਿ ਜਦੋਂ ਕੋਈ ਪਾਰਟੀ ਕਿਸੇ ਕਲਾਕਾਰ ਦੇ ਪ੍ਰੋਗਰਾਮ ਦੀ ਬੁਕਿੰਗ ਕਰਨ ਲੁਧਿਆਣੇ ਕਿਸੇ ਕਲਾਕਾਰ ਕੋਲ ਜਾਂਦੀ ਸੀ ਤਾਂ ਉਹ ਕਹਿੰਦੇ ਸਨ ਕਿ ਦਮ ਦਿਵਾਉਣ ਲਈ ਕੋਈ ਹਸਾਉਣ ਵਾਲਾ ਵੀ ਇੱਕ ਅੱਧਾ ਨਾਲ ਲੈ ਆਇਓ, ਪਰ ਅੱਜ ਹਾਲਾਤ ਇਹ ਹਨ ਕਿ ਲੋਕ ਜਦੋਂ ਪ੍ਰੋਗਰਾਮ ਲਈ ਮੇਰੇ ਕੋਲ ਆਉਂਦੇ ਹਨ ਤਾਂ ਕਹਿਣਗੇ ਕਿ 'ਦਮ ਦਿਵਾਉਣ ਲਈ ਇੱਕ ਅੱਧਾ ਗਾਉਣ ਵਾਲਾ ਵੀ ਨਾਲ ਲੈ ਆਇਓ।"

ਪੰਜਾਬੀ ਕਾਮੇਡੀ ਦਾ ਘੇਰਾ ਹੁਣ ਸਿਰਫ਼ ਅਮਲੀਆਂ, ਛੜਿਆਂ ਤੇ ਡਰਾਈਵਰਾਂ ਤੱਕ ਨਹੀਂ ਰਹਿ ਗਿਆ। ਭਗਵੰਤ ਮਾਨ ਪੰਜਾਬੀ ਦੀ ਇਸ ਕਲਾ ਨੂੰ ਪਿੰਡਾਂ ਦੀਆਂ ਸੱਥਾਂ 'ਚੋਂ ਕੱਢ ਕੇ ਪਾਰਲੀਮੈਂਟ ਦੀਆਂ ਬਰੂਹਾਂ 'ਤੇ ਲੈ ਗਿਆ। 17 ਸਾਲ ਦੀ ਅੱਲੜ੍ਹ ਉਮਰ ਵਿੱਚ ਉਸ ਨੇ ਆਪਣੀ ਕਲਾ ਦਾ ਸਫ਼ਰ 'ਗੋਭੀ ਦੀਏ ਕੱਚੀਏ ਵਪਾਰਨੇ' ਨਾਂਅ ਦੀ ਪੈਰੋਡੀ ਆਡੀਓ ਕੈਸੇਟ ਤੋਂ ਸ਼ੁਰੂ ਕੀਤਾ ਸੀ। ਜਰਨੈਲ ਘੁਮਾਣ ਦੀ ਸਰਪ੍ਰਸਤੀ ਹੇਠ ਉਸ ਨੇ 'ਕੁਲਫ਼ੀ ਗਰਮਾ ਗਰਮ', ਮਿੱਠੀਆਂ ਮਿਰਚਾਂ', 'ਗੁਸਤਾਖ਼ੀ ਮੁਆਫ਼', 'ਕੋਕੋ ਦੇ ਬੱਚੇ', 'ਕੁਰਸੀ ਰਾਣੀ', 'ਧੱਕਾ ਸਟਾਰਟ', 'ਮੁਆਫ਼ ਕਰੋ', 'ਭਗਵੰਤ ਮਾਨ ਨਾਨ ਸਟਾਪ', 'ਭਗਵੰਤ ਮਾਨ ਫ਼ੁੱਲ ਸਪੀਡ', 'ਸਾਵਧਾਨ! ਅੱਗੇ ਭਗਵੰਤ ਮਾਨ', 'ਭਗਵੰਤ ਮਾਨ 420', 'ਭਗਵੰਤ ਮਾਨ ਹਾਜ਼ਰ ਹੋ' ਤੇ 'ਕੀ ਮੈਂ ਝੂਠ ਬੋਲਿਆ' ਤੱਕ ਡੇਢ ਦਰਜਨ ਦੇ ਕਰੀਬ ਆਡੀਓ ਕੈਸੇਟਾਂ ਕਾਮੇਡੀ ਨਾਲ ਸਬੰਧਿਤ ਮਾਰਕੀਟ ਵਿੱਚ ਭੇਜੀਆਂ ਜਿਸ ਵਿੱਚ ਉਸ ਨੇ ਪਟਵਾਰੀ, ਅਧਿਆਪਕ, ਠੇਕੇਦਾਰ, ਆੜ੍ਹਤੀਏ, ਕ੍ਰਿਕਟਰ, ਕਾਲਜੀਏਟ ਮੁੰਡੇ-ਕੁੜੀਆਂ, ਅਮਲੀਆਂ ਤੋਂ ਇਲਾਵਾ ਭ੍ਰਿਸ਼ਟ ਸਿਆਸਤਦਾਨਾਂ, ਪੁਲਿਸ ਵਾਲਿਆਂ, ਸ਼ਰਾਬੀਆਂ, ਗਾਇਕਾਂ, ਗੀਤਕਾਰਾਂ, ਸਰਕਾਰੀ ਬੱਸਾਂ, ਕੰਡਕਟਰਾਂ, ਟਰੱਕ ਡਰਾਈਵਰਾਂ ਦੀਆਂ ਚਾਲਾਂ ਨੂੰ ਵਿਅੰਗਮਈ ਤਰੀਕੇ ਨਾਲ ਜਨਤਾ ਦੀ ਕਚਹਿਰੀ ਵਿੱਚ ਬੇਪਰਦ ਕੀਤਾ। ਭਗਵੰਤ ਮਾਨ ਨੇ ਦੋ ਨਿਰੋਲ ਗੀਤਾਂ ਦੀਆਂ ਕੈਸੇਟਾਂ 'ਜੱਟਾਂ ਦਾ ਮੁੰਡਾ ਗਾਉਣ ਲੱਗਿਆ' ਤੇ 'ਦਮ ਲੈ ਲਓ' ਆਪਣੇ ਵੱਖਰੇ ਅੰਦਾਜ਼ ਵਿੱਚ ਰਿਕਾਰਡ ਕਰਕੇ ਸਰੋਤਿਆਂ ਦੀ ਝੋਲੀ ਪਾਈਆਂ ਹਨ। ਟੀ.ਵੀ. ਚੈਨਲਾਂ ਰਾਹੀਂ 'ਜੁਗਨੂੰ ਕਹਿੰਦਾ ਹੈ', 'ਜੁਗਨੂੰ ਮਸਤ-ਮਸਤ' ਤੇ 'ਡਾਇਲ ਏ ਪੰਜਾਬ' ਨਾਲ ਉਹ ਆਪਣੀ ਕਲਾ ਦੀ ਮਹਿਕ ਬਿਖੇਰਦਾ ਰਿਹਾ। 'ਬੀਬੋ ਭੂਆ', 'ਝੰਡਾ ਅਮਲੀ', 'ਭੋਲੇ ਕਾ ਟਿੱਡਾ' ਉਸ ਦੁਆਰਾ ਸਿਰਜੇ ਚਰਚਿਤ ਪੇਂਡੂ ਪਾਤਰ ਹਨ।

ਪੰਜਾਬੀ ਕਾਮੇਡੀ ਖੇਤਰ ਵਿੱਚ ਜਸਪਾਲ ਭੱਟੀ ਕੌਮਾਂਤਰੀ ਪੱਧਰ ਦੀ ਪ੍ਰਸਿੱਧੀ ਵਾਲਾ ਨਾਮਵਰ ਕਾਮੇਡੀਅਨ ਰਿਹਾ ਹੈ। ਪੰਜਾਬੀ ਤੇ ਹਿੰਦੀ ਦੋਵੇਂ ਭਾਸ਼ਾਵਾਂ ਵਿੱਚ ਉਹ ਬਰਾਬਰ ਨਿਭਦਾ ਰਿਹਾ ਹੈ। ਉਸ ਨੇ ਆਪਣੀ ਕਲਾ ਦੀ ਸ਼ੁਰੂਆਤ ਹਿੰਦੀ ਤੋਂ ਹੀ ਕੀਤੀ ਸੀ। ਉਸ ਦਾ ਖੇਤਰ ਵਧੇਰੇ ਕਰਕੇ ਸ਼ਹਿਰੀ ਰਿਹਾ। ਪੜ੍ਹਿਆ-ਲਿਖਿਆ ਵਰਗ ਉਸ ਦੀ ਕਾਮੇਡੀ ਤੋਂ ਵਧੇਰੇ ਵਾਕਿਫ਼ ਹੈ। ਜਦੋਂਕਿ ਪੇਂਡੂ ਖਿੱਤੇ ਵਿੱਚ ਉਸ ਦੀ ਜਾਣ-ਪਛਾਣ ਕਾਫ਼ੀ ਘੱਟ ਹੈ। ਰੋਡ ਸ਼ੋਅ'ਜ਼ ਕਰਨ ਕਰਕੇ ਉਹ ਵਧੇਰੇ ਸ਼ਹਿਰੀ ਖੇਤਰ ਵਿੱਚ ਵਿਚਰਦਾ ਰਿਹਾ। ਉਸ ਦੀ ਕਾਮੇਡੀ ਪੂਰੀ ਤਰ੍ਹਾਂ ਆਧੁਨਿਕ ਹਾਲਾਤ ਦੇ ਅਨੁਕੂਲ ਸੀ। ਭੱਟੀ ਨੇ ਆਪਣੇ ਪ੍ਰੋਗਰਾਮਾਂ ਨੂੰ ਟੀ.ਵੀ. ਚੈਨਲਾਂ ਤੇ ਫ਼ਿਲਮਾਂ ਤੱਕ ਸੀਮਿਤ ਰੱਖਿਆ। ਸਿਆਸੀ ਵਿਅੰਗ ਉਸ ਦੀ ਕਾਮੇਡੀ ਦਾ ਮੁੱਖ ਆਧਾਰ ਰਹੇ ਹਨ।



ਸਟੇਜੀ ਪੇਸ਼ਕਾਰੀ ਵਿੱਚ ਭਗਵੰਤ ਮਾਨ ਤੋਂ ਬਾਅਦ ਗੁਰਪ੍ਰੀਤ ਘੁੱਗੀ ਦਾ ਨਾਂ ਆਉਂਦਾ ਹੈ। ਭਗਵੰਤ ਮਾਨ ਜਿੱਥੇ ਮਲਵਈ ਬੋਲੀ 'ਚ ਕਾਮੇਡੀ ਕਰਦਾ ਹੈ, ਪਰ ਘੁੱਗੀ ਦੀ ਕਾਮੇਡੀ ਵਿੱਚ ਦੁਆਬੇ ਦੀ ਬੋਲੀ ਦਾ ਪ੍ਰਭਾਵ ਵਧੇਰੇ ਝਲਕਦਾ ਹੈ। ਗੁਰਪ੍ਰੀਤ ਘੁੱਗੀ ਨੇ ਆਡੀਓ ਕੈਸੇਟਾਂ ਤੋਂ ਇਲਾਵਾ ਟੀ.ਵੀ. ਚੈਨਲ ਰਾਹੀਂ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ ਹੈ। 'ਘੁੱਗੀ ਐਕਸਪ੍ਰੈੱਸ' ਤੇ 'ਘੁੱਗੀ ਆਨਲਾਈਨ' ਟੀ.ਵੀ. ਪ੍ਰੋਗਰਾਮ ਉਸ ਦੇ ਚਰਚਿਤ ਸੀਰੀਅਲ ਹਨ। ਪੰਜਾਬੀ ਫ਼ਿਲਮਾਂ 'ਅਸਾਂ ਨੂੰ ਮਾਣ ਵਤਨਾਂ ਦਾ' ਵਿੱਚ ਪਟਵਾਰੀ ਦੇ ਕਿਰਦਾਰ ਤੇ 'ਜੀ ਆਇਆ ਨੂੰ' ਵਿੱਚ ਟਰੈਵਲ ਏਜੰਟ ਦਾ ਕਿਰਦਾਰ ਉਸ ਨੇ ਬਾਖ਼ੂਬੀ ਨਿਭਾਇਆ ਹੈ। ਦੁਆਬੇ ਤੇ ਮਾਝੇ ਦੇ ਖਿੱਤੇ ਵਿੱਚ ਘੁੱਗੀ ਸੱਭਿਆਚਾਰਕ ਮੇਲਿਆਂ ਵਿੱਚ ਭਰਵੀਂ ਹਾਜ਼ਰੀ ਲਗਾਉਂਦਾ ਹੈ। ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮਾਂ ਵਿੱਚ ਵੀ ਇਹ ਕਲਾਕਾਰ ਸਭ ਤੋਂ ਵੱਧ ਨਜ਼ਰ ਆਉਂਦਾ ਹੈ। ਘੁੱਗੀ ਦੀ ਜ਼ਿਹਨੀ ਸੋਚ ਭਗਵੰਤ ਮਾਨ ਨਾਲ ਕਾਫ਼ੀ ਮਿਲਦੀ-ਜੁਲਦੀ ਹੈ। ਮਾਰਕੀਟ ਵਿੱਚ ਉਸ ਦੀਆਂ 'ਘੁੱਗੀ ਛੂ ਮੰਤਰ' ਆਦਿ ਕੈਸੇਟਾਂ ਦੀ ਚਰਚਾ ਸੁਣੀ ਹੈ।

ਗੁਰਦੇਵ ਢਿੱਲੋਂ ਉਰਫ਼ ਭਜਨਾ ਅਮਲੀ ਇੱਕ ਅਮਲੀ ਦੇ ਕਿਰਦਾਰ ਵਿੱਚ ਕਾਮੇਡੀ



ਕਰਨ ਵਾਲਾ ਕਲਾਕਾਰ ਹੈ। ਸਿਹਤ ਪੱਖੋਂ ਉਹ ਇੰਨ-ਬਿੰਨ ਅਮਲੀ ਜਾਪਦਾ ਹੈ। ਸਟੇਜੀ ਪੇਸ਼ਕਾਰੀ ਵਿੱਚ ਉਸ ਦਾ ਵਿਲੱਖਣ ਮੁਕਾਮ ਹੈ। ਅਮਲੀ ਸਾਡੇ ਸਮਾਜ ਦੇ ਸਭ ਤੋਂ ਵੱਧ ਮਜ਼ਾਕੀਏ ਰਹੇ ਹਨ। ਭਲੇ ਵੇਲਿਆਂ ਵਿੱਚ ਅਮਲੀ ਸਾਡੇ ਰਵਾਇਤੀ ਪੇਂਡੂ ਸਮਾਜ ਦੇ ਸਭ ਤੋਂ ਦਿਲਚਸਪ ਮਜ਼ਾਕੀਆਂ ਪਾਤਰ ਵਜੋਂ ਜਾਣੇ ਜਾਂਦੇ ਸਨ। ਢਿੱਲੋਂ ਨੇ ਅਮਲੀਆਂ ਦੀ ਪਰੰਪਰਾ ਨੂੰ ਆਪਣੀ ਕਾਮੇਡੀ ਦਾ ਆਧਾਰ ਬਣਾ ਕੇ ਇਸ ਖੇਤਰ ਵਿੱਚ ਆਪਣੀ ਜ਼ਿਕਰਯੋਗ ਥਾਂ ਹਾਸਲ ਕਰ ਲਈ ਹੈ। ਭੋਟੂ ਸ਼ਾਹ ਤੇ ਕਾਕੇ ਸ਼ਾਹ ਨੇ ਭੰਡਾਂ ਵਾਲੀ ਰਵਾਇਤੀ ਕਾਮੇਡੀ ਨੂੰ ਅਪਣਾ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾਇਆ ਹੈ। ਭਈਏ ਕਲਚਰ ਨੂੰ ਕੈਸ਼ ਕਰਕੇ ਕੀਤੀ ਕਾਮੇਡੀ ਨਾਲ ਇਸ ਜੋੜੀ ਨੂੰ ਦਰਸ਼ਕਾਂ ਨੇ ਕਬੂਲ ਕੀਤਾ ਹੈ। ਸੁਰਿੰਦਰ ਫ਼ਰਿਸ਼ਤਾ ਨੇ ਘੁੱਲੇ ਸ਼ਾਹ ਦੇ ਰੂਪ ਵਿੱਚ ਦੂਰਦਰਸ਼ਨ 'ਤੇ ਕਈ ਪ੍ਰੋਗਰਾਮਾਂ ਵਿੱਚ ਭਾਗ ਲਿਆ ਹੈ।

ਜਗਤਾਰ ਜੱਗੀ ਨੇ ਆਪਣੀ ਸ਼ੁਰੂਆਤ ਭਗਵੰਤ ਮਾਨ ਨਾਲ ਸਹਿ-ਕਲਾਕਾਰ ਵਜੋਂ ਕੀਤੀ ਸੀ। ਪਿਛਲੇ ਕੁਝ ਅਰਸੇ ਤੋਂ ਉਹ ਆਪਣੇ ਆਪ ਨੂੰ ਵੱਖਰੇ ਤੌਰ 'ਤੇ ਸਥਾਪਤ ਕਰਨ ਦੀ ਕੋਸ਼ਿਸ਼ 'ਚ ਜੁਟਿਆ ਹੋਇਆ ਹੈ। 'ਚੁਗਲੀਆਂ' ਤੇ 'ਬਰੇਕਾਂ ਫ਼ੇਲ੍ਹ' ਆਡੀਓ ਕੈਸੇਟਾਂ ਨਾਲ ਉਸ ਨੇ ਆਪਣੀ ਆਜ਼ਾਦਾਨਾ ਪਛਾਣ ਕਾਇਮ ਕੀਤੀ ਹੈ। ਜਗਤਾਰ ਜੱਗੀ ਦੀ ਥਾਂ ਭਗਵੰਤ ਮਾਨ ਨਾਲ ਕੰਮ ਕਰਨ ਵਾਲਾ ਇੱਕ ਅਨੁਭਵੀ ਕਲਾਕਾਰ ਹੈ-ਰਾਣਾ ਰਣਬੀਰ। ਰਾਣਾ ਰਣਬੀਰ ਥੀਏਟਰ ਦਾ ਮੰਨਿਆ-ਪ੍ਰਮੰਨਿਆ ਕਲਾਕਾਰ ਹੈ। ਉਸ ਨੂੰ ਥੀਏਟਰ ਦੀ ਪੂਰੀ ਸੂਝ ਹੈ। ਅੱਜਕੱਲ੍ਹ ਉਹ ਫ਼ਿਲਮੀ ਕਲਾਕਾਰ ਵਜੋਂ ਆਪਣੀ ਕਲਾ ਦੇ ਜੌਹਰ ਵਿਖਾ ਰਿਹਾ ਹੈ। ਰਾਣਾ ਇੱਕ ਚੰਗਾ ਵਾਰਤਕ ਰਚੇਤਾ ਵੀ ਹੈ।

ਚਾਲੀ ਸਾਲ ਪਹਿਲਾਂ ਕਾਮੇਡੀ ਨੂੰ ਆਜ਼ਾਦਾਨਾ ਤੌਰ 'ਤੇ ਪ੍ਰਵਾਨਗੀ ਨਹੀਂ ਸੀ ਮਿਲੀ। ਇਸ ਕਲਾ ਨੂੰ ਨਵੇਂ ਰੂਪ ਵਿੱਚ ਪੇਸ਼ ਕਰਨ ਵਾਲਿਆਂ 'ਚ ਭਗਵੰਤ ਮਾਨ, ਜਸਪਾਲ ਭੱਟੀ, ਗੁਰਪ੍ਰੀਤ ਘੁੱਗੀ, ਜਸਵਿੰਦਰ ਭੱਲਾ ਤੇ ਗੁਰਦੇਵ ਢਿੱਲੋਂ ਦੀ ਅਹਿਮ ਭੂਮਿਕਾ ਰਹੀ ਹੈ।

ਉਪਰੋਕਤ ਕਾਮੇਡੀ ਕਲਾਕਾਰਾਂ ਤੋਂ ਇਲਾਵਾ ਡਿਪਟੀ ਰਾਜਾ, ਸੁਰਿੰਦਰ ਸ਼ਰਮਾ, ਸੁਰਿੰਦਰ ਫ਼ਰਿਸ਼ਤਾ ਉਰਫ਼ ਘੁੱਲੇ ਸ਼ਾਹ, ਨੇਕ ਜਮਾਲਪੁਰੀ, ਬੀਨਾ ਸਾਗਰ, ਮਿਲਾਪ ਚਮਕ, ਮਨੋਹਰ ਰਿਸ਼ੀ, ਅਨਿਲ ਸਨੌਰੀ, ਸਿਮਰਜੀਤ ਸਿੱਧੂ, ਰਣਜੀਤ ਪੱਪੂ, ਜਤਿੰਦਰ ਗੋਭੀ ਵਾਲਾ, ਨਹਿਲਾ-ਦਹਿਲਾ (ਗੁਰਤੇਜ ਸਿੰਘ-ਕੁਲਵੀਰ ਸਿੰਘ), ਚਾਚਾ ਚਪੇੜਾਂ ਵਾਲਾ (ਗੁਰਮੀਤ ਵੁੱਡਲਾਈਨ) ਤੇ ਬਲਵੰਤ ਮਾਨ ਆਦਿ ਕਲਾਕਾਰ ਵੀ ਗਾਹੇ-ਬਗਾਹੇ ਕਾਮੇਡੀ ਖੇਤਰ ਵਿੱਚ ਵਿਚਰਦੇ ਨਜ਼ਰੀਂ ਪੈਂਦੇ ਰਹਿੰਦੇ ਹਨ ਆਧੁਨਿਕ ਦੌਰ ਵਿੱਚ ਕਾਮੇਡੀ ਨੂੰ ਨਵੇਂ ਅਰਥ ਪ੍ਰਦਾਨ ਕਰਨ ਵਾਲੇ ਇਨ੍ਹਾਂ ਕਲਾਕਾਰਾਂ ਨੂੰ ਸਰੋਤਿਆਂ ਨੇ ਨਿੱਠ ਕੇ ਪ੍ਰਵਾਨ ਕੀਤਾ ਹੈ। ਭਵਿੱਖ ਵਿੱਚ ਵੀ ਇਸੇ ਦਿਸ਼ਾ ਵਿੱਚ ਨਵੇਂ ਉਪਰਾਲਿਆਂ ਦੀ ਆਸ ਬੱਝਦੀ ਨਜ਼ਰੀਂ ਪੈਂਦੀ ਹੈ ਕਿ ਨਵੇਂ ਚਿਹਰੇ ਇਸ ਆਧੁਨਿਕ ਢੰਗ ਨਾਲ ਸਥਾਪਿਤ ਹੋਈ ਕਾਮੇਡੀ ਕਲਾ ਜ਼ਰੀਏ ਸਥਾਪਤੀ ਦੇ ਨਵੇਂ ਦਿਸਹੱਦੇ ਸਿਰਜਣਗੇ ਤੇ ਕਾਮੇਡੀ ਕਲਾ ਦਾ ਘੇਰਾ ਹੋਰ ਵੀ ਵਿਸ਼ਾਲ ਹੋਵੇਗਾ।



## ਬਿੱਟੂ ਦੀ ਬਿਆਨਬਾਜ਼ੀ

ਬਾਅਦ ਵਿੱਚ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਇਸ ਦੀ ਵੈਰੀਫਿਕੇਸ਼ਨ ਵੀ ਕਰਵਾਈ ਸੀ। ਉਨ੍ਹਾਂ ਬਿੱਟੂ ਨੂੰ ਨਸੀਹਤ ਦਿੰਦਿਆਂ ਕਿਹਾ, ਬਿੱਟੂ ਜੀ ਸਿਆਣੇ ਆਦਮੀ ਹਨ, ਉਨ੍ਹਾਂ ਨੂੰ ਸੋਚ ਸਮਝ ਕੇ ਅਤੇ ਵਿਚਾਰ ਕਰਕੇ ਗੱਲ ਕਹਿਣੀ ਚਾਹੀਦੀ ਹੈ।

ਮਨੋਰੰਜਨ ਕਾਲੀਆ ਸੀਨੀਅਰ ਭਾਜਪਾ ਆਗੂ ਨੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਮਾਮਲੇ ਵਿੱਚ ਸੁਪਰੀਮ ਕੋਰਟ ਦਾ ਫੈਸਲਾ ਆ ਚੁੱਕਾ ਹੈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪੁਰਾਣੇ ਜ਼ਖ਼ਮ ਖੋਲ੍ਹਣ ਦੀ ਬਜਾਏ ਅੱਗੇ ਵਧਣਾ ਚਾਹੀਦਾ ਹੈ।

ਕੈਪਟਨ ਅਮਰਿੰਦਰ ਸਿੰਘ: ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿੱਟੂ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰਕੇ ਬੇਵਜ੍ਹਾ ਇਸ ਮੁੱਦੇ ਨੂੰ ਉਭਾਰ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਤੀਤ ਦੀਆਂ ਘਟਨਾਵਾਂ ਨੂੰ ਲੋਕਾਂ ਵਿੱਚ ਵੰਡੀਆਂ ਪਾਉਣ ਲਈ ਵਰਤਣਾ ਠੀਕ ਨਹੀਂ ਹੈ।

ਕੈਪਟਨ ਅਮਰਿੰਦਰ ਸਿੰਘ ਅਨੁਸਾਰ ਇਸ ਫ਼ਿਲਮ ਦੇ ਵਿਵਾਦ ਨਾਲ ਭਾਜਪਾ ਜਾਂ ਕਾਂਗਰਸ ਨੂੰ ਕੋਈ ਸਿਆਸੀ ਲਾਭ ਨਹੀਂ ਹੋਣ ਵਾਲਾ, ਸਗੋਂ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਪੰਥਕ ਧਿਰਾਂ ਇਸ ਮੁੱਦੇ ਤੋਂ ਸਿਆਸੀ ਲਾਹਾ ਲੈ ਸਕਦੀਆਂ ਹਨ। ਪੰਜਾਬ ਦੇ ਭਾਜਪਾ ਆਗੂਆਂ ਦੇ ਬਿਆਨਾਂ ਤੋਂ ਸਾਫ਼ ਹੈ ਕਿ ਬਿੱਟੂ ਦੀ ਬਿਆਨਬਾਜ਼ੀ ਨਾਲ ਪੰਜਾਬ ਵਿੱਚ ਹਿੰਦੂ-ਸਿੱਖ ਭਾਈਚਾਰਕ ਸਾਂਝ ਅਤੇ ਭਾਜਪਾ ਦੇ ਅਕਸ ਨੂੰ ਠੇਸ ਪਹੁੰਚਣ ਦਾ ਖ਼ਦਸ਼ਾ ਹੈ, ਜਿਸ ਕਾਰਨ ਪਾਰਟੀ ਦੇ ਅੰਦਰ ਹੀ ਉਨ੍ਹਾਂ ਦੇ ਬਿਆਨਾਂ ਦਾ ਵਿਰੋਧ ਹੋ ਰਿਹਾ ਹੈ।

?ਜਿੱਥੇ ਰਵਨੀਤ ਬਿੱਟੂ ਹਿੰਸਾ ਦੇ ਸਾਰੇ ਪੀੜਤਾਂ (ਪੁਲਿਸ ਅਤੇ ਆਮ ਨਾਗਰਿਕਾਂ) ਲਈ ਇੱਕ ਸਾਂਝੇ ਜਾਂਚ ਕਮਿਸ਼ਨ ਦੀ ਮੰਗ ਕਰਕੇ ਆਪਣੇ ਬਿਆਨਾਂ ਨੂੰ ਸੰਤੁਲਿਤ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉੱਥੇ ਹੀ ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਸਣੇ ਕਾਂਗਰਸੀ ਆਗੂਆਂ (ਮਨੀਸ਼ ਤਿਵਾੜੀ, ਪਰਗਟ ਸਿੰਘ) ਨੇ ਚੇਤਾਵਨੀ ਦਿੱਤੀ ਹੈ ਕਿ ਪੁਰਾਣੇ ਦਰਦਨਾਕ ਦੌਰ ਦਾ ਹਵਾਲਾ ਦੇ ਕੇ ਨਵੀਂ ਪੀੜ੍ਹੀ ਨੂੰ ਭੜਕਾਉਣਾ ਪੰਜਾਬ ਦੇ ਭਵਿੱਖ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।

***

## ਰੀਅਲ ਅਸਟੇਟ ਘਪਲੇ, ਰਿਸ਼ਵਤਖੋਰੀ

ਨਾਲ ਹੀ ਪ੍ਰਾਈਵੇਟ ਬਿਲਡਰਾਂ ਵਲੋਂ ਅਣਅਧਿਕਾਰਤ ਬਣਾਈਆਂ ਕਾਲੋਨੀਆਂ ਨੂੰ ਪ੍ਰਵਾਨਗੀ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਮੁਤਾਬਕ ਮੁਹਾਲੀ ਦੇ 21 ਪਿੰਡਾਂ ਦੀ 5,000 ਏਕੜ ਜ਼ਮੀਨ ਪ੍ਰਾਪਤ ਕੀਤੀ ਜਾਵੇਗੀ। ਜ਼ਮੀਨ ਮਾਲਕਾਂ ਨੂੰ ਅਲਾਟ ਕੀਤੇ ਪਲਾਟਾਂ ਅਤੇ ਕਮਰਸ਼ੀਅਲ ਪਲਾਟਾਂ ਦੇ ਆਕਾਰ 'ਚ ਵਾਧਾ ਕੀਤਾ ਗਿਆ ਹੈ। ਜਦੋਂ ਤੱਕ ਪ੍ਰਾਪਤ ਜ਼ਮੀਨ ਨੂੰ ਪੂਰੀ ਤਰ੍ਹਾਂ ਵਿਕਸਿਤ ਕਰਕੇ ਮਾਲਕਾਂ ਨੂੰ ਰਿਹਾਇਸ਼ੀ ਪਲਾਟ ਤੇ ਕਮਰਸ਼ੀਅਲ ਪਲਾਟ ਅਲਾਟ ਨਹੀਂ ਕੀਤੇ ਜਾਂਦੇ, ਉਦੋਂ ਤੱਕ 30 ਹਜ਼ਾਰ ਰੁਪਏ ਪ੍ਰਤੀ ਏਕੜ ਸਾਲਾਨਾ ਅੰਤਰਿਮ ਰਿਲੀਫ਼ ਤਿੰਨ ਸਾਲਾਂ ਤੱਕ ਮਿਲੇਗੀ। ਸੋਧੇ ਹੋਏ ਐਲਾਨ 'ਚ ਪਿੰਡਾਂ ਦੇ ਭੂਮੀਹੀਣ ਮਜ਼ਦੂਰਾਂ, ਮਿਸਤਰੀਆਂ, ਕਾਰੀਗਰਾਂ ਤੇ ਖੇਤੀ 'ਤੇ ਨਿਰਭਰ ਹੋਰ ਕਾਰੋਬਾਰੀਆਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਬਿਲਕੁਲ ਚੁੱਪ ਧਾਰੀ ਗਈ ਹੈ, ਪਰ ਜ਼ਮੀਨ ਪ੍ਰਾਪਤੀ ਸਮੇਂ ਭੂਮੀ ਮਾਲਕਾਂ ਦੇ ਨਾਲ-ਨਾਲ ਭੂਮੀਹੀਣ ਭਾਈਚਾਰੇ ਦੇ ਹਿਤਾਂ ਵੀ ਨੂੰ ਧਿਆਨ 'ਚ ਰੱਖਣਾ ਜ਼ਰੂਰੀ ਹੈ। ਸਰਪੰਚਾਂ ਦੀ ਮਦਦ ਨਾਲ ਪਿੰਡਾਂ ਦੀ ਜ਼ਮੀਨ ਨੂੰ ਸ਼ਹਿਰੀ ਕਾਲੋਨੀਆਂ ਤੇ ਉਦਯੋਗਿਕ ਪਾਰਕ ਬਣਾਉਣ ਲਈ ਸਹਿਮਤੀ ਕਰਾਈ ਜਾ ਰਹੀ ਹੈ, ਪਰ ਸਮਾਜਿਕ ਪ੍ਰਭਾਵ ਅਧਿਐਨ ਅਤੇ ਵਾਤਾਵਰਨ ਪ੍ਰਭਾਵ ਅਧਿਐਨ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਦਾ ਮਤਲਬ ਇਹ ਹੈ ਕਿ ਸਰਕਾਰ ਛੇਤੀ ਜ਼ਮੀਨ ਪ੍ਰਾਪਤ ਕਰਨਾ ਚਾਹੁੰਦੀ ਹੈ ਅਤੇ ਕੇਂਦਰ ਦੇ ਬਣਾਏ ਭੂਮੀ ਗ੍ਰਹਿਣ, ਪੁਨਰਵਾਸ ਅਤੇ ਮੁੜ ਵਸੇਬੇ, ਯੋਗ ਮੁਆਵਜ਼ਾ ਅਤੇ ਪਾਰਦਰਸ਼ਤਾ ਦੇ ਅਧਿਕਾਰ ਐਕਟ 2013 ਦੀਆਂ ਕਾਨੂੰਨੀ ਧਾਰਾਵਾਂ ਤੋਂ ਬਚਣਾ ਚਾਹੁੰਦੀ ਹੈ। ਇਸ ਤੋਂ ਇਲਾਵਾ ਸਰਕਾਰ ਕੋਲ ਕਿਸੇ ਪ੍ਰਕਾਰ ਦੇ ਸਰਵੇਖਣ ਦੀ ਕੋਈ ਰਿਪੋਰਟ ਵੀ ਨਹੀਂ ਹੈ, ਜੋ ਇਹ ਦਰਸਾਏ ਕਿ ਗਮਾਡਾ ਏਰੀਏ 'ਚ ਕਿੰਨੇ ਘਰਾਂ ਤੇ ਪਲਾਟਾਂ ਦੀ ਜ਼ਰੂਰਤ ਹੈ। ਇਹ ਵੀ ਸੂਚਨਾ ਜਨਤਕ ਨਹੀਂ ਕੀਤੀ ਗਈ ਕਿ ਗਮਾਡਾ ਏਰੀਆ ਵਿਕਸਤ ਸੈਕਟਰਾਂ/ਕਾਲੋਨੀਆਂ 'ਚ ਕਿੰਨੇ ਪਲਾਟ/ਫਲੈਟ ਖਾਲੀ ਹਨ। ਇਸ ਸੂਚਨਾ ਤੋਂ ਬਿਨਾਂ ਸ਼ਹਿਰੀਕਰਨ ਦੇ ਨਾਂਅ 'ਤੇ ਜ਼ਿਆਦਾ ਰਕਬੇ ਨੂੰ ਖੇਤੀ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਇਸ ਨਾਲ ਮੁਲਕ ਵਿੱਚ ਖ਼ੁਰਾਕ ਸੁਰੱਖਿਆ 'ਤੇ ਮਾੜਾ ਅਸਰ ਪੈ ਸਕਦਾ ਹੈ।

ਕਿਸਾਨਾਂ, ਮਜ਼ਦੂਰਾਂ, ਕਾਰੀਗਰਾਂ ਦੇ ਮੁੜ ਵਸੇਬੇ ਨੂੰ ਵਿਚਾਰਨ 'ਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਬਦਲਵਾਂ ਪ੍ਰਬੰਧ ਕਰਨ ਤੋਂ ਬਗੈਰ ਜ਼ਮੀਨ ਪ੍ਰਾਪਤ ਕਰਨਾ ਇੱਕ ਗ਼ੈਰ-ਜ਼ਿੰਮੇਵਾਰ ਕਾਰਵਾਈ ਹੀ ਸਮਝੀ ਜਾ ਸਕਦੀ ਹੈ। ਇਸ ਕਾਰਵਾਈ ਨੂੰ ਭੂ-ਮਾਫ਼ੀਆ ਦੇ ਦਬਾਅ ਹੇਠ ਕਾਹਲੀ ਵਿੱਚ ਲਿਆ ਫ਼ੈਸਲਾ ਵੀ ਕਿਹਾ ਜਾ ਸਕਦਾ ਹੈ। ਪਿਛਲੇ ਤਜਰਬੇ ਤੋਂ ਸਬਕ ਲੈਂਦਿਆਂ ਸਰਕਾਰ ਨੂੰ ਸਭ ਪੱਖਾਂ 'ਤੇ ਵਿਚਾਰ-ਚਰਚਾ ਕਰਨ ਅਤੇ ਪੇਂਡੂ ਭਾਈਚਾਰੇ ਨੂੰ ਵਿਸ਼ਵਾਸ ਵਿੱਚ ਲੈਣ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਭੂਮੀ ਗ੍ਰਹਿਣ ਐਕਟ 2013 ਦੇ ਨਿਯਮਾਂ ਅਤੇ ਧਾਰਾਵਾਂ ਅਨੁਸਾਰ ਹੀ ਜ਼ਮੀਨ ਨੂੰ ਸ਼ਹਿਰੀਕਰਨ ਲਈ ਤਬਦੀਲ ਕਰਨ ਬਾਰੇ ਸੋਚਣਾ ਚਾਹੀਦਾ ਹੈ। ਖੇਤੀ ਹੇਠਲੀ ਜ਼ਮੀਨ ਨੂੰ ਬੜੀ ਕਫ਼ਾਇਤ ਨਾਲ ਹੀ ਗ਼ੈਰ-ਖੇਤੀ ਦੇ ਕੰਮਾਂ 'ਚ ਤਬਦੀਲ ਕਰਨਾ ਚਾਹੀਦਾ ਹੈ, ਕਿਉਂਕਿ ਇਸ ਦਾ ਸੰਬੰਧ ਦੇਸ਼ ਦੀ ਖ਼ੁਰਾਕ ਸੁਰੱਖਿਆ ਤੇ ਰੁਜ਼ਗਾਰ ਬਰਕਰਾਰ ਰੱਖਣ ਨਾਲ ਜੁੜਿਆ ਹੋਇਆ ਹੈ।

***

## ਭਾਰਤੀਆਂ ਲਈ ਅਮਰੀਕਾ ਦਾ ਰਾਹ

ਪਰ ਹੁਣ ਸਰਕਾਰ ਇਸ ਨਿਯਮ ਨੂੰ ਖ਼ਤਮ ਕਰਕੇ 'ਰਹਿਣ ਦੀ ਇੱਕ ਪੱਕੀ ਸਮਾਂ-ਸੀਮਾ' ਤੈਅ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਬਾਅਦ ਜੇਕਰ ਕਿਸੇ ਨੇ ਪੜ੍ਹਾਈ ਜਾਰੀ ਰੱਖਣੀ ਹੋਵੇਗੀ, ਤਾਂ ਉਸ ਨੂੰ ਬਾਰ-ਬਾਰ ਸਮਾਂ ਵਧਾਉਣ ਦੀ ਗੁਹਾਰ ਲਗਾਉਣੀ ਪਵੇਗੀ। ਇਸ ਤੋਂ ਇਲਾਵਾ, ਫਰਵਰੀ 2027 ਤੱਕ ਪੜ੍ਹਾਈ ਦੌਰਾਨ ਅਤੇ ਪੜ੍ਹਾਈ ਤੋਂ ਬਾਅਦ ਮਿਲਣ ਵਾਲੇ ਕੰਮ ਦੇ ਤਜ਼ਰਬੇ (ਟ੍ਰੇਨਿੰਗ) ਦੇ ਨਿਯਮਾਂ ਦੀ ਵੀ ਮੁੜ-ਜਾਂਚ ਕੀਤੀ ਜਾਵੇਗੀ।

**ਐਚ-4 ਵੀਜ਼ਾ (ਪਤਨੀ/ਪਤੀ) 'ਤੇ ਸਿੱਧਾ ਅਸਰ**

ਟਰੰਪ ਸਰਕਾਰ 'ਅਮਰੀਕਾ ਵਿੱਚ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੇ ਦਸਤਾਵੇਜ਼ਾਂ' ਦੇ ਨਿਯਮਾਂ ਵਿੱਚ ਬਦਲਾਅ ਕਰ ਰਹੀ ਹੈ। ਇਸੇ ਮਹੀਨੇ ਆਉਣ ਵਾਲੇ ਇੱਕ ਫੈਸਲੇ ਨਾਲ ਇਸ ਇਜਾਜ਼ਤ ਦੇ ਆਪਣੇ-ਆਪ ਵਧਣ (ਆਟੋਮੈਟਿਕ ਐਕਸਟੈਂਸ਼ਨ) ਵਾਲੀ ਸਹੂਲਤ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਜੋ ਕਿ ਅਕਤੂਬਰ 2025 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਦਾ ਸਿੱਧਾ ਅਸਰ ਐਚ-4 ਵੀਜ਼ਾ ਵਾਲਿਆਂ (ਜੋ ਜ਼ਿਆਦਾਤਰ ਐਚ-1ਬੀ ਵੀਜ਼ਾ 'ਤੇ ਗਏ ਲੋਕਾਂ ਦੇ ਪਤੀ ਜਾਂ ਪਤਨੀ ਹਨ) 'ਤੇ ਪਵੇਗਾ। ਜੇਕਰ ਸਰਕਾਰੀ ਪੱਧਰ 'ਤੇ ਕਾਗਜ਼ੀ ਕਾਰਵਾਈ ਵਿੱਚ ਥੋੜ੍ਹੀ ਵੀ ਦੇਰੀ ਹੁੰਦੀ ਹੈ, ਤਾਂ ਜਦੋਂ ਤੱਕ ਨਵਾਂ ਕਾਰਡ ਬਣ ਕੇ ਹੱਥ ਵਿੱਚ ਨਹੀਂ ਆਉਂਦਾ, ਇਹ ਲੋਕ ਕਾਨੂੰਨੀ ਤੌਰ 'ਤੇ ਉੱਥੇ ਕੰਮ ਕਰਨ ਦਾ ਹੱਕ ਗੁਆ ਬੈਠਣਗੇ।

***

## ਅਮਰੀਕਾ ਕਰੇਗਾ ਗ੍ਰੀਨ ਕਾਰਡ

ਟਰੰਪ ਪ੍ਰਸ਼ਾਸਨ ਪਹਿਲਾਂ ਹੀ ਐਚ-1-ਬੀ ਵੀਜ਼ਾ ਲਾਟਰੀ ਪ੍ਰਣਾਲੀ ਵਿੱਚ ਬਦਲਾਅ ਕਰ ਚੁੱਕਾ ਹੈ ਅਤੇ ਐਚ-1-ਬੀ ਕਰਮਚਾਰੀਆਂ ਲਈ ਘੱਟੋ-ਘੱਟ ਤਨਖਾਹ ਵਧਾਉਣ ਨਾਲ ਸਬੰਧਿਤ ਡਰਾਫਟ ਰੂਲਜ਼ ਵੀ ਜਾਰੀ ਕਰ ਚੁੱਕਾ ਹੈ। ਹੁਣ ਪੀ.ਈ.ਆਰ.ਐੱਮ. ਪ੍ਰਕਿਰਿਆ ਵਿੱਚ ਪ੍ਰਸਤਾਵਿਤ ਸੁਧਾਰਾਂ ਦਾ ਉਦੇਸ਼ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਪ੍ਰਣਾਲੀ ਨੂੰ ਮੌਜੂਦਾ ਭਰਤੀ ਮਾਪਦੰਡਾਂ ਦੇ ਅਨੁਕੂਲ ਬਣਾਉਣਾ ਅਤੇ ਐਚ-1-ਬੀ ਪ੍ਰੋਗਰਾਮ ਦੀ ਕਥਿਤ ਦੁਰਵਰਤੋਂ 'ਤੇ ਰੋਕ ਲਗਾਉਣਾ ਹੈ।

ਕਿਰਤ ਵਿਭਾਗ ਦੀ ਰੈਗੂਲੇਟਰੀ ਯੋਜਨਾ ਵਿੱਚ ਸਿਰਫ਼ ਇਮੀਗ੍ਰੇਸ਼ਨ ਸਬੰਧੀ ਬਦਲਾਅ ਹੀ ਸ਼ਾਮਲ ਨਹੀਂ ਹਨ। ਵਿਭਾਗ ਇੰਡੀਪੈਂਡੈਂਟ ਕੰਟਰੈਕਟਰ ਦੀ ਨਵੀਂ ਪਰਿਭਾਸ਼ਾ 'ਤੇ ਅੰਤਿਮ ਨਿਯਮ ਅਕਤੂਬਰ ਤੱਕ ਜਾਰੀ ਕਰ ਸਕਦਾ ਹੈ। ਇਸ ਤੋਂ ਇਲਾਵਾ ਬਹੁਤ ਜ਼ਿਆਦਾ ਗਰਮੀ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਸੁਰੱਖਿਆ ਲਈ ਨਵੇਂ ਮਾਪਦੰਡਾਂ, ਖਾਨਾਂ ਵਿੱਚ ਸਿਲਿਕਾ ਧੂੜ ਨਾਲ ਜੁੜੇ ਸੁਰੱਖਿਆ ਨਿਯਮਾਂ, 14 ਅਤੇ 15 ਸਾਲ ਦੇ ਨਾਬਾਲਗ ਕਰਮਚਾਰੀਆਂ ਦੇ ਕੰਮ ਦੇ ਘੰਟਿਆਂ ਅਤੇ ਟਿਪ ਪਾਉਣ ਵਾਲੇ ਕਰਮਚਾਰੀਆਂ ਨਾਲ ਜੁੜੇ ਕਿਰਤ ਕਾਨੂੰਨਾਂ ਵਿੱਚ ਵੀ ਸੋਧਾਂ ਪ੍ਰਸਤਾਵਿਤ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਜੇ ਇਹ ਬਦਲਾਅ ਲਾਗੂ ਹੁੰਦੇ ਹਨ ਤਾਂ ਰੁਜ਼ਗਾਰ ਆਧਾਰਤ ਗ੍ਰੀਨ ਕਾਰਡ ਹਾਸਲ ਕਰਨ ਦੀ ਪ੍ਰਕਿਰਿਆ ਪਹਿਲਾਂ ਨਾਲੋਂ ਵਧੇਰੇ ਮੁਸ਼ਕਲ ਹੋ ਸਕਦੀ ਹੈ। ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਨੂੰ ਸਪਾਂਸਰ ਕਰਨ ਤੋਂ ਪਹਿਲਾਂ ਅਮਰੀਕੀ ਉਮੀਦਵਾਰਾਂ ਦੀ ਭਰਤੀ ਲਈ ਪ੍ਰਮਾਣਿਤ ਯਤਨ ਕਰਨੇ ਪੈਣਗੇ। ਇਸ ਦਾ ਅਸਰ ਭਾਰਤੀਆਂ ਸਮੇਤ ਉਨ੍ਹਾਂ ਹਜ਼ਾਰਾਂ ਪੇਸ਼ੇਵਰਾਂ 'ਤੇ ਵੀ ਪੈ ਸਕਦਾ ਹੈ, ਜੋ ਅਮਰੀਕਾ ਵਿੱਚ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਹਨ।

***

## 42 ਸਾਲਾਂ ਬਾਅਦ ਵੀ 1984 ਦੇ ਸਿੱਖ ਪੀੜਤ

ਵੋਟ ਬੈਂਕ ਅਤੇ ਬਹੁਗਿਣਤੀ ਦੀ ਰਾਜਨੀਤੀ: ਕਾਂਗਰਸ ਨੇ ਸਿੱਖਾਂ ਦੀ ਨਸਲਕੁਸ਼ੀ ਰਾਹੀਂ ਬਹੁਗਿਣਤੀ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਿਆ ਅਤੇ ਰਾਜੀਵ ਗਾਂਧੀ ਨੇ 'ਜਦੋਂ ਵੱਡਾ ਦਰਖ਼ਤ ਡਿੱਗਦਾ ਹੈ...' ਵਰਗਾ ਬਿਆਨ ਦੇ ਕੇ ਹਿੰਸਾ ਨੂੰ ਜਾਇਜ਼ ਠਹਿਰਾਇਆ। ਦੂਜੇ ਪਾਸੇ, ਭਾਜਪਾ ਨੇ 2000 ਵਿੱਚ ਨਾਨਾਵਤੀ ਕਮਿਸ਼ਨ ਬਣਾ ਕੇ ਸਿਰਫ਼ ਸਿਆਸੀ ਡਰਾਮਾ ਕੀਤਾ ਅਤੇ 5 ਸਾਲ ਦੀ ਦੇਰੀ ਨਾਲ ਰਿਪੋਰਟ ਦੇ ਕੇ ਵੱਡੇ ਆਗੂਆਂ ਨੂੰ ਬਚਾਇਆ। ਦੋਵਾਂ ਪਾਰਟੀਆਂ ਦਾ ਮੂਲ ਮਕਸਦ ਸੱਤਾ ਹਾਸਲ ਕਰਨਾ ਸੀ, ਨਾ ਕਿ ਪੀੜਤਾਂ ਨੂੰ ਇਨਸਾਫ਼ ਦੇਣਾ।

ਜੇਕਰ 1984 ਦੇ ਅਸਲ ਦੋਸ਼ੀਆਂ (ਵੱਡੇ ਸਿਆਸਤਦਾਨਾਂ, ਆਈ.ਪੀ.ਐਸ. ਅਫ਼ਸਰਾਂ ਅਤੇ ਖੁਫ਼ੀਆ ਏਜੰਸੀਆਂ) ਨੂੰ ਸਖ਼ਤ ਸਜ਼ਾਵਾਂ ਮਿਲ ਜਾਂਦੀਆਂ, ਤਾਂ ਪੂੰਜੀਵਾਦੀ ਰਾਜਸੱਤਾ ਦਾ ਉਹ ਜ਼ਾਲਮਾਨਾ ਚਿਹਰਾ ਨੰਗਾ ਹੋ ਜਾਂਦਾ ਜੋ ਆਮ ਜਨਤਾ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਪੁਲਿਸ ਨੇ ਜਾਣਬੁੱਝ ਕੇ ਸੈਂਕੜੇ ਹੱਤਿਆਵਾਂ ਦੀ ਇੱਕੋ ਐਫ.ਆਈ.ਆਰ. ਦਰਜ ਕੀਤੀ ਤਾਂ ਜੋ ਜਾਂਚ ਉਲਝ ਜਾਵੇ।

ਸਾਰੀਆਂ ਪੂੰਜੀਵਾਦੀ ਪਾਰਟੀਆਂ ਵਿੱਚ ਇੱਕ ਗੁਪਤ ਸਹਿਮਤੀ ਹੁੰਦੀ ਹੈ ਕਿ ਸੱਤਾ ਬਦਲਣ ਦੇ ਬਾਵਜੂਦ ਵੀ ਸਿਸਟਮ ਦੇ 'ਆਕਾਵਾਂ' 'ਤੇ ਕੋਈ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਜਸਟਿਸ ਢੀਂਗਰਾ ਐਸ.ਆਈ.ਟੀ. ਦੀਆਂ ਰਿਪੋਰਟਾਂ ਅਤੇ ਵੇਦ ਮਾਰਵਾਹ ਤੋਂ ਲੈ ਕੇ ਹੁਣ ਤੱਕ ਦੀਆਂ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਨੂੰ ਠੰਢੇ ਬਸਤੇ ਵਿੱਚ ਪਾਉਣਾ ਇਸੇ ਗੰਧਲੀ ਫ਼ਿਰਕੂ ਰਾਜਨੀਤੀ ਦਾ ਹਿੱਸਾ ਹੈ।

**ਪੀ.ਯੂ.ਡੀ.ਆਰ. ਦੀ ਇਹ ਰਿਪੋਰਟ ਦਾ ਸੱਚ**

ਪੀ.ਯੂ.ਡੀ.ਆਰ. ਦੀ ਨਵੰਬਰ 2025 ਦੀ ਰਿਪੋਰਟ ਦਾ ਅਗਲਾ ਹਿੱਸਾ ਭਾਰਤੀ ਨਿਆਂਪਾਲਿਕਾ ਅਤੇ ਅਦਾਲਤੀ ਫ਼ੈਸਲਿਆਂ ਦਾ ਬਹੁਤ ਹੀ ਬਾਰੀਕੀ ਨਾਲ ਪੋਸਟਮਾਰਟਮ ਕਰਦਾ ਹੈ। ਰਿਪੋਰਟ ਦਾ ਇਹ ਹਿੱਸਾ ਦਰਸਾਉਂਦਾ ਹੈ ਕਿ ਕਿਵੇਂ ਦੇਸ਼ ਦੀ ਸਰਵਉੱਚ ਅਦਾਲਤੀ ਪ੍ਰਣਾਲੀ ਵੀ ਅਕਸਰ ਸੱਤਾਧਾਰੀ ਜਮਾਤ ਅਤੇ ਪੂੰਜੀਵਾਦੀ ਰਾਜਸੱਤਾ ਦੇ ਹਿੱਤਾਂ ਦੀ ਰਾਖੀ ਕਰਦੀ ਨਜ਼ਰ ਆਉਂਦੀ ਹੈ। ਰਿਪੋਰਟ ਵਿੱਚ ਦਸੰਬਰ 2018 ਦੇ ਦਿੱਲੀ ਹਾਈ ਕੋਰਟ ਦੇ ਇਤਿਹਾਸਕ ਫ਼ੈਸਲੇ (ਰਾਜ ਬਨਾਮ ਸੱਜਣ ਕੁਮਾਰ ਅਤੇ ਹੋਰ) ਦਾ ਵਿਸ਼ੇਸ਼ ਜ਼ਿਕਰ ਹੈ।

ਇਸ ਫ਼ੈਸਲੇ ਨੂੰ ਲਿਖਣ ਵਾਲੇ ਮਾਨਯੋਗ ਜੱਜ ਜਸਟਿਸ ਐਸ. ਮੁਰਲੀਧਰ (ਜੋ ਵਰਤਮਾਨ ਵਿੱਚ 2026 ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਫ਼ਲਸਤੀਨੀ ਬੱਚਿਆਂ ਦੇ ਕਤਲੇਆਮ ਦੀ ਜਾਂਚ ਕਰ ਰਹੇ ਪੈਨਲ ਦੇ ਮੁਖੀ ਹਨ) ਨੇ ਖ਼ੁਦ ਮੰਨਿਆ ਸੀ ਕਿ 1984 ਦੀ ਹਿੰਸਾ ਤੋਂ ਬਾਅਦ ਇਨਸਾਫ਼ ਦੇਣ ਵਿੱਚ 30 ਸਾਲ ਤੋਂ ਵੱਧ ਦਾ ਸਮਾਂ ਲੱਗਣਾ ਭਾਰਤੀ ਨਿਆਂ ਪ੍ਰਣਾਲੀ ਦੀ ਸਭ ਤੋਂ ਵੱਡੀ ਨਾਕਾਮੀ ਸੀ।

ਰਿਪੋਰਟ ਸਵਾਲ ਉਠਾਉਂਦੀ ਹੈ ਕਿ ਜੇਕਰ ਦੇਸ਼ ਦੀ ਰਾਜਧਾਨੀ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੁੰਦਾ ਹੈ ਅਤੇ ਅਦਾਲਤਾਂ ਨੂੰ ਇੱਕ ਵੱਡੇ ਦੋਸ਼ੀ ਨੂੰ ਸਜ਼ਾ ਦੇਣ ਵਿੱਚ ਤਿੰਨ ਦਹਾਕੇ ਲੱਗ ਜਾਂਦੇ ਹਨ, ਤਾਂ ਲੋਕਾਂ ਦਾ, ਘੱਟ ਗਿਣਤੀ ਕੌਮਾਂ ਦਾ ਅਦਾਲਤਾਂ 'ਤੇ ਕੀ ਭਰੋਸਾ ਰਹਿ ਜਾਵੇਗਾ?

ਪੀ.ਯੂ.ਡੀ.ਆਰ. ਦੀ ਰਿਪੋਰਟ ਮੁਤਾਬਕ, ਭਾਰਤੀ ਕਾਨੂੰਨ ਪ੍ਰਣਾਲੀ ਵਿੱਚ ਅੰਤਰਰਾਸ਼ਟਰੀ ਕਾਨੂੰਨਾਂ ਵਾਂਗ 'ਨਸਲਕੁਸ਼ੀ' ਜਾਂ 'ਮਾਨਵਤਾ ਦੇ ਖ਼ਿਲਾਫ਼ ਅਪਰਾਧ' ਨੂੰ ਸਿੱਧੇ ਤੌਰ 'ਤੇ ਨਜਿੱਠਣ ਲਈ ਮਜ਼ਬੂਤ ਘਰੇਲੂ ਕਾਨੂੰਨੀ ਢਾਂਚਾ ਨਹੀਂ ਸੀ। ਅਦਾਲਤਾਂ ਲੰਮੇ ਸਮੇਂ ਤੱਕ ਇਨ੍ਹਾਂ ਮਾਮਲਿਆਂ ਨੂੰ ਆਮ ਕਤਲ (ਆਈ.ਪੀ.ਸੀ. ਦੀ ਧਾਰਾ 302) ਜਾਂ ਆਮ ਦੰਗਿਆਂ ਵਜੋਂ ਦੇਖਦੀਆਂ ਰਹੀਆਂ।

2018 ਦੇ ਫ਼ੈਸਲੇ ਵਿੱਚ ਹਾਈ ਕੋਰਟ ਨੇ ਪਹਿਲੀ ਵਾਰ ਵੱਡੇ ਪੱਧਰ 'ਤੇ ਹੋਈ ਸਿੱਖ ਨਸਲਕੁਸ਼ੀ ਨੂੰ 'ਮਾਨਵਤਾ ਦੇ ਖ਼ਿਲਾਫ਼ ਅਪਰਾਧ' ਅਤੇ 'ਸਿਆਸੀ ਸਰਪ੍ਰਸਤੀ ਹੇਠ ਹੋਈ ਤਬਾਹੀ' ਵਜੋਂ ਸਵੀਕਾਰ ਕੀਤਾ ਸੀ। ਪਰ ਰਿਪੋਰਟ ਕਹਿੰਦੀ ਹੈ ਕਿ ਇਹ ਫ਼ੈਸਲਾ ਬਹੁਤ ਦੇਰੀ ਨਾਲ ਆਈ, ਜਦੋਂ ਤੱਕ ਬਹੁਤ ਸਾਰੇ ਮੁੱਖ ਗਵਾਹ ਅਤੇ ਦੋਸ਼ੀ ਦੋਵੇਂ ਹੀ ਮਰ ਚੁੱਕੇ ਸਨ।

ਰਿਪੋਰਟ ਵਿੱਚ ਹੇਠਲੀਆਂ ਅਦਾਲਤਾਂ ਦੀ ਭੂਮਿਕਾ 'ਤੇ ਗੰਭੀਰ ਉਂਗਲ ਉਠਾਈ ਗਈ ਹੈ। ਸ਼ੁਰੂਆਤੀ ਸਾਲਾਂ (1980 ਅਤੇ 1990 ਦੇ ਦਹਾਕੇ) ਵਿੱਚ ਹੇਠਲੀਆਂ ਅਦਾਲਤਾਂ ਨੇ ਪੁਲਿਸ ਦੁਆਰਾ ਪੇਸ਼ ਕੀਤੀਆਂ ਗਈਆਂ ਕਮਜ਼ੋਰ ਚਾਰਜਸ਼ੀਟਾਂ ਅਤੇ ਮਿਲੀਭੁਗਤ ਵਾਲੀਆਂ ਰਿਪੋਰਟਾਂ ਨੂੰ ਅੱਖਾਂ ਬੰਦ ਕਰਕੇ ਸਵੀਕਾਰ ਕਰ ਲਿਆ।

ਵੱਡੇ-ਵੱਡੇ ਕਾਂਗਰਸੀ ਨੇਤਾਵਾਂ ਨੂੰ ਇਹ ਕਹਿ ਕੇ ਬਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਦੇ ਖ਼ਿਲਾਫ਼ 'ਪੁਖ਼ਤਾ ਸਬੂਤ' ਨਹੀਂ ਹਨ, ਜਦੋਂ ਕਿ ਪੁਲਿਸ ਨੇ ਖ਼ੁਦ ਹੀ ਸਬੂਤਾਂ ਨੂੰ ਗਾਇਬ ਕਰ ਦਿੱਤਾ ਸੀ ਜਾਂ ਐਫ਼.ਆਈ.ਆਰ. ਨੂੰ ਕਮਜ਼ੋਰ ਕਰ ਦਿੱਤਾ ਸੀ।

ਰਿਪੋਰਟ ਅਨੁਸਾਰ ਜਦੋਂ ਦੇਸ਼ ਦੇ ਵੱਡੇ ਪੂੰਜੀਪਤੀਆਂ ਜਾਂ ਸ਼ਾਸਕ ਜਮਾਤ ਦੇ ਹਿੱਤਾਂ ਦਾ ਮਾਮਲਾ ਹੁੰਦਾ ਹੈ (ਜਿਵੇਂ ਕਿ ਰਾਮ ਮੰਦਰ ਦਾ ਫ਼ੈਸਲਾ ਜਾਂ ਕਾਰਪੋਰੇਟ ਘਰਾਣਿਆਂ ਦੇ ਜ਼ਮੀਨੀ ਵਿਵਾਦ), ਤਾਂ ਅਦਾਲਤਾਂ ਬਹੁਤ ਤੇਜ਼ੀ ਨਾਲ ਅਤੇ ਅਸਾਧਾਰਨ ਤਰੀਕੇ ਨਾਲ ਫ਼ੈਸਲੇ ਲੈਂਦੀਆਂ ਹਨ।

ਇਸ ਦੇ ਉਲਟ, ਜਦੋਂ ਘੱਟਗਿਣਤੀਆਂ ਜਾਂ ਨਸਲਕੁਸ਼ੀ (1984 ਦਿੱਲੀ, 2002 ਗੁਜਰਾਤ, 2013 ਮੁਜ਼ੱਫ਼ਰਨਗਰ) ਦੇ ਪੀੜਤਾਂ ਨੂੰ ਇਨਸਾਫ਼ ਦੇਣ ਦੀ ਗੱਲ ਆਉਂਦੀ ਹੈ, ਤਾਂ ਅਦਾਲਤੀ ਪ੍ਰਕਿਰਿਆਵਾਂ ਤਕਨੀਕੀ ਉਲਝਣਾਂ, ਤਾਰੀਖ਼ਾਂ ਅਤੇ ਕਮਿਸ਼ਨਾਂ ਦੇ ਚੱਕਰਵਿਊ ਵਿੱਚ ਫ਼ਸ ਕੇ ਰਹਿ ਜਾਂਦੀਆਂ ਹਨ।

ਰਿਪੋਰਟ ਦੇ ਅਖੀਰਲੇ ਪੰਨਿਆਂ ਵਿੱਚ ਸਾਲ 2020 ਦੀ ਜਸਟਿਸ ਢੀਂਗਰਾ ਐਸ.ਆਈ.ਟੀ. ਰਿਪੋਰਟ ਤੋਂ ਲੈ ਕੇ ਹੁਣ ਤੱਕ ਦੀ ਸਥਿਤੀ ਦਾ ਵੇਰਵਾ ਹੈ।

ਰਿਪੋਰਟ ਮੁਤਾਬਕ 7 ਸਾਲ ਬੀਤ ਜਾਣ 'ਤੇ ਵੀ ਕਈ ਦੋਸ਼ੀਆਂ ਖ਼ਿਲਾਫ਼ ਮੁਕੱਦਮੇ ਬਹੁਤ ਹੌਲੀ ਚੱਲ ਰਹੇ ਹਨ। ਕਈ ਫ਼ਾਈਲਾਂ ਨੂੰ ਜਾਣਬੁੱਝ ਕੇ ਦਬਾਇਆ ਗਿਆ ਹੈ।

ਅਦਾਲਤਾਂ ਨੇ ਕਦੇ ਵੀ ਤਤਕਾਲੀ ਸਟੇਟ ਮਸ਼ੀਨਰੀ (ਜਿਵੇਂ ਗ੍ਰਹਿ ਮੰਤਰਾਲਾ ਜਾਂ ਦਿੱਲੀ ਦੇ ਉੱਚ ਪ੍ਰਸ਼ਾਸਨਿਕ ਅਹੁਦੇਦਾਰਾਂ) ਦੀ ਸੰਸਥਾਗਤ ਜਵਾਬਦੇਹੀ ਤੈਅ ਨਹੀਂ ਕੀਤੀ। ਸਜ਼ਾਵਾਂ ਸਿਰਫ਼ ਵਿਅਕਤੀਗਤ ਪੱਧਰ 'ਤੇ ਕੁਝ ਆਗੂਆਂ ਜਾਂ ਪੁਲਿਸ ਵਾਲਿਆਂ ਨੂੰ ਦਿੱਤੀਆਂ ਗਈਆਂ, ਤਾਂ ਜੋ ਇਹ ਦਿਖਾਇਆ ਜਾ ਸਕੇ ਕਿ 'ਕਾਨੂੰਨ ਆਪਣਾ ਕੰਮ ਕਰ ਰਿਹਾ ਹੈ', ਜਦੋਂ ਕਿ ਪੂਰਾ ਸਿਸਟਮ ਬਚਿਆ ਰਿਹਾ।

ਪੀ.ਯੂ.ਡੀ.ਆਰ. ਦੀ ਇਹ ਰਿਪੋਰਟ ਇਸ ਗੱਲ ਦਾ ਪਰਦਾਫ਼ਾਸ਼ ਕਰਦੀ ਹੈ ਕਿ ਪੂੰਜੀਵਾਦੀ ਸਟੇਟ ਅਸਲ ਵਿੱਚ ਇਨਸਾਫ਼ ਨਹੀਂ ਕਰਦੀ, ਇਨਸਾਫ਼ ਨੂੰ ਦਬਾਉਂਦੀ ਹੈ। ਆਮ ਮਿਹਨਤਕਸ਼ ਜਨਤਾ, ਘੱਟ ਗਿਣਤੀ ਕੌਮਾਂ ਲਈ ਇਹ ਲੋਕਤੰਤਰ ਸਿਰਫ਼ ਕਾਗਜ਼ਾਂ ਉੱਪਰ ਹੈ। ਜਦੋਂ ਤੱਕ ਦੇਸ਼ ਦੀ ਜਨਤਾ ਇਸ ਪੂੰਜੀਵਾਦੀ ਢਾਂਚੇ, ਤੇ ਫ਼ਿਰਕੂ ਸਿਆਸਤ ਦੇ ਸੱਚ ਨੂੰ ਨਹੀਂ ਸਮਝਦੀ ਅਤੇ ਆਪਣੇ ਹੱਕਾਂ ਲਈ ਲਾਮਬੰਦ ਨਹੀਂ ਹੁੰਦੀ, ਉਦੋਂ ਤੱਕ ਅਸਲ ਇਨਸਾਫ਼ ਦੀ ਉਮੀਦ ਕਰਨਾ ਬੇਮਾਨੀ ਹੈ।

***

## ਆਗਾਮੀ ਚੋਣਾਂ ਤੋਂ ਪਹਿਲਾਂ 'ਸਤਲੁਜ' 'ਤੇ ਭਖੀ ਸਿਆਸਤ

**ਰਵਨੀਤ ਬਿੱਟੂ ਅਤੇ ਫ਼ਿਰਕਾਪ੍ਰਸਤ ਜਥੇਬੰਦੀਆਂ ਕਿਉਂ ਕਰ ਰਹੀਆਂ ਹਨ ਵਿਰੋਧ ?**

ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਾਇਆ ਹੈ ਕਿ ਅਦਾਕਾਰ ਦਿਲਜੀਤ ਦੋਸਾਂਝ ਅਤੇ ਫ਼ਿਲਮ ਨਿਰਮਾਤਾ ਸਿੱਖਾਂ ਦੀਆਂ ਜਜ਼ਬਾਤੀ ਭਾਵਨਾਵਾਂ ਦੀ ਵਰਤੋਂ ਕਰਕੇ ਕਰੋੜਾਂ ਰੁਪਏ ਕਮਾਉਣ ਅਤੇ ਸਸਤੀ ਸ਼ੋਹਰਤ ਹਾਸਲ ਕਰਨ ਦੀ ਸੋਚੀ-ਸਮਝੀ ਰਣਨੀਤੀ ਤਹਿਤ ਕੰਮ ਕਰ ਰਹੇ ਹਨ। ਰਵਨੀਤ ਬਿੱਟੂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਹਨ, ਜਿਨ੍ਹਾਂ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਖਾੜਕੂਵਾਦ ਨੂੰ ਖ਼ਤਮ ਕਰਨ ਦੇ ਨਾਮ 'ਤੇ ਪੁਲੀਸ ਕਾਰਵਾਈਆਂ ਹੋਈਆਂ ਸਨ। ਬਿੱਟੂ ਦਾ ਦਾਅਵਾ ਹੈ ਕਿ ਬੇਅੰਤ ਸਿੰਘ ਦੇ ਸਮੇਂ ਖਾਲੜਾ ਖ਼ਿਲਾਫ਼ ਕੋਈ ਕੇਸ ਨਹੀਂ ਸੀ ਅਤੇ ਬਿਨਾਂ ਤੱਥਾਂ ਦੇ ਉਸ ਦੌਰ ਦੀਆਂ ਪੁਲਿਸ ਕਾਰਵਾਈਆਂ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ।

ਸ਼ਿਵ ਸੈਨਾ ਅਤੇ ਹੋਰ ਫ਼ਿਰਕੂ ਜਥੇਬੰਦੀਆਂ ਵੱਲੋਂ ਇਸ ਫ਼ਿਲਮ ਦਾ ਵਿਰੋਧ ਕੀਤੇ ਜਾਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਹ ਫ਼ਿਲਮ ਉਨ੍ਹਾਂ ਦੇ ਫ਼ਿਰਕੂ ਰਾਜਨੀਤਿਕ ਬਿਰਤਾਂਤ ਨੂੰ ਚੁਣੌਤੀ ਦਿੰਦੀ ਹੈ। ਡਾਕਟਰ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਇਨ੍ਹਾਂ ਜਥੇਬੰਦੀਆਂ ਦੀ ਰਾਜਨੀਤੀ ਅਕਸਰ ਸਮਾਜ ਨੂੰ ਧਾਰਮਿਕ ਆਧਾਰ 'ਤੇ ਵੰਡਣ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕਰਨ 'ਤੇ ਟਿਕੀ ਹੁੰਦੀ ਹੈ। ਪੰਜਾਬ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ, ਅਤੀਤ ਦੇ ਦਰਦਨਾਕ ਦੌਰ ਨੂੰ ਇੱਕ ਵਾਰ ਫ਼ਿਰ 'ਹਿੰਦੂ ਬਨਾਮ ਸਿੱਖ' ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਤਾਂ ਜੋ ਹਿੰਦੂ ਭਾਈਚਾਰੇ ਦੀਆਂ ਵੋਟਾਂ ਦਾ ਲਾਹਾ ਭਾਜਪਾ ਲੈ ਸਕੇ। ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਇਹ ਫ਼ਿਰਕੂ ਜਥੇਬੰਦੀਆਂ ਇਸ ਨੂੰ ਜਾਣਬੁੱਝ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਖ਼ਿਲਾਫ਼ ਦੱਸ ਕੇ ਲੋਕਾਂ ਨੂੰ ਭੜਕਾ ਰਹੀਆਂ ਹਨ, ਕਿਉਂਕਿ ਇੱਕ ਆਮ ਨਾਗਰਿਕ (ਜਸਵੰਤ ਸਿੰਘ ਖਾਲੜਾ) ਦੁਆਰਾ ਕਾਨੂੰਨੀ ਅਤੇ ਸੰਵਿਧਾਨਕ ਤਰੀਕੇ ਨਾਲ ਲੜੀ ਗਈ ਲੜਾਈ ਦਾ ਸੱਚ ਇਨ੍ਹਾਂ ਦੇ ਸੌੜੇ ਰਾਜਨੀਤਿਕ ਏਜੰਡੇ ਵਿੱਚ ਫ਼ਿੱਟ ਨਹੀਂ ਬੈਠਦਾ।

ਮਨੁੱਖੀ ਅਧਿਕਾਰਾਂ ਨੂੰ ਪ੍ਰਮੋਟ ਕਰਨ ਵਾਲੀ ਅਨੋਖੀ ਫ਼ਿਲਮ ਤੋਂ ਕੇਂਦਰ ਕਿਉਂ ਡਰਿਆ ?

ਇਹ ਫ਼ਿਲਮ ਕਿਸੇ ਕਾਲਪਨਿਕ ਕਹਾਣੀ 'ਤੇ ਨਹੀਂ, ਸਗੋਂ ਇਤਿਹਾਸਕ , ਕਨੂੰਨੀ, ਅਦਾਲਤੀ ਦਸਤਾਵੇਜ਼ਾਂ 'ਤੇ ਆਧਾਰਿਤ ਹੈ। ਭਾਈ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਵਿੱਚ 1984 ਤੋਂ 1994 ਦਰਮਿਆਨ ਪੁਲੀਸ ਵੱਲੋਂ 25,000 ਦੇ ਕਰੀਬ ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਚੁੱਕਣ ਅਤੇ ਉਨ੍ਹਾਂ ਨੂੰ 'ਲਾਵਾਰਿਸ' ਕਰਾਰ ਦੇ ਕੇ ਸ਼ਮਸ਼ਾਨਘਾਟਾਂ ਵਿੱਚ ਸਾੜਨ ਦੇ ਪੁਖ਼ਤਾ ਸਬੂਤ ਇਕੱਠੇ ਕੀਤੇ ਸਨ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ ਦੇ ਡਰ ਦਾ ਮੁੱਖ ਕਾਰਨ ਇਹ ਹੈ ਕਿ ਇਹ ਫ਼ਿਲਮ 'ਪੁਲਿਸ ਸਟੇਟ' ਦੇ ਉਸ ਨੰਗੇ ਸੱਚ ਨੂੰ ਸਾਹਮਣੇ ਲਿਆਉਂਦੀ ਹੈ, ਜਿਸ ਨੂੰ ਹਜ਼ਾਰਾਂ ਤਹਿਆਂ ਹੇਠ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਜਦੋਂ ਕਾਨੂੰਨ ਦਾ ਰਾਜ ਕਮਜ਼ੋਰ ਪੈਂਦਾ ਹੈ ਤਾਂ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ। ਇਹ ਫ਼ਿਲਮ ਇਸ ਸੱਚ ਤੇ ਸਟੇਟ ਦੇ ਜ਼ੁਲਮ ਨੂੰ ਪੇਸ਼ ਕਰਦੀ ਹੈ। ਸਰਕਾਰ ਨੂੰ ਡਰ ਹੈ ਕਿ ਅਜਿਹਾ ਸੱਚ ਸਾਹਮਣੇ ਆਉਣ ਨਾਲ ਸੁਰੱਖਿਆ ਏਜੰਸੀਆਂ ਦੀ ਭਰੋਸੇਯੋਗਤਾ 'ਤੇ ਸਵਾਲ ਉੱਠਣਗੇ।

ਕੀ ਲਾਵਾਰਿਸ ਲਾਸ਼ਾਂ ਦੇ ਵਾਰਸਾਂ ਨੂੰ ਸਸਕਾਰ ਦਾ ਅਧਿਕਾਰ ਨਹੀਂ ? ਖਾਲੜਾ ਦੀ ਦਲੀਲ ਕਿਵੇਂ ਸਹੀ ਹੈ ?

ਭਾਈ ਜਸਵੰਤ ਸਿੰਘ ਖਾਲੜਾ ਦੀ ਇਹ ਦਲੀਲ ਪੂਰੀ ਤਰ੍ਹਾਂ ਮਨੁੱਖੀ ਅਧਿਕਾਰਾਂ ਅਨੁਸਾਰ ਅਤੇ ਕਾਨੂੰਨੀ ਤੌਰ 'ਤੇ ਸਹੀ ਸੀ। ਕਿਸੇ ਵੀ ਸਭਿਅਕ ਸਮਾਜ ਅਤੇ ਲੋਕਤੰਤਰ ਵਿੱਚ ਹਰ ਇਨਸਾਨ ਨੂੰ ਮਰਨ ਤੋਂ ਬਾਅਦ ਸਨਮਾਨਜਨਕ ਸਸਕਾਰ ਕਰਨ ਦਾ ਹੱਕ ਹੈ, ਅਤੇ ਉਸ ਦੇ ਪਰਿਵਾਰ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਉਨ੍ਹਾਂ ਦਾ ਆਪਣਾ ਜਿਉਂਦਾ ਹੈ ਜਾਂ ਮਰ ਚੁੱਕਾ ਹੈ।

ਹਾਈਕੋਰਟ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਸਰਦਾਰ ਖਾਲੜਾ ਦੀ ਇਸ ਦਲੀਲ ਨੂੰ ਦੇਸ਼ ਦੀ ਕੋਈ ਵੀ ਅਦਾਲਤ ਗਲਤ ਸਾਬਤ ਨਹੀਂ ਕਰ ਸਕੀ। ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਦੀ ਜਾਂਚ ਤੋਂ ਬਾਅਦ 2005 ਵਿੱਚ ਪਟਿਆਲਾ ਸੈਸ਼ਨ ਕੋਰਟ, 2007 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ 2011 ਵਿੱਚ ਖ਼ੁਦ ਸੁਪਰੀਮ ਕੋਰਟ ਨੇ ਦੋਸ਼ੀ ਪੁਲੀਸ ਅਧਿਕਾਰੀਆਂ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖ ਕੇ ਇਹ ਸਾਬਤ ਕਰ ਦਿੱਤਾ ਸੀ ਕਿ ਖਾਲੜਾ ਦੇ ਦੋਸ਼ ਸੱਚੇ ਸਨ। ਇਸ ਲਈ ਇਸ ਫ਼ਿਲਮ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਵਿਰੁੱਧ ਮੰਨਣਾ ਕਾਨੂੰਨੀ ਤੌਰ 'ਤੇ ਤਰਕਹੀਣ ਹੈ।

ਪੰਜਾਬ ਦੇ ਲੋਕ ਕਿਉਂ ਦਿਖਾ ਰਹੇ ਨੇ ਫ਼ਿਲਮ ਅਤੇ ਲੋਕ ਇਸ ਦੇ ਹੱਕ ਵਿੱਚ ਕਿਉਂ ਹਨ?

## ਰੋਜ਼ੀ-ਰੋਟੀ ਵੀ ਦਿੰਦੀਆਂ ਹਨ

ਇਨ੍ਹਾਂ ਮੱਛੀਆਂ ਨੂੰ ਭੋਜਨ ਵਜੋਂ ਖਾਣ ਨਾਲ ਲੋਕਾਂ ਦੀ ਸਿਹਤ 'ਤੇ ਵੀ ਅਸਰ ਪੈਂਦਾ ਹੈ। ਦੂਜਾ, ਮੱਛੀਆਂ ਘੱਟ ਪਾਣੀ ਵਿੱਚ ਨਹੀਂ ਰਹਿ ਸਕਦੀਆਂ। ਉਨ੍ਹਾਂ ਨੂੰ ਡੂੰਘੇ ਪਾਣੀ ਦੀ ਲੋੜ ਹੁੰਦੀ ਹੈ। ਇੱਕ ਸਮੇਂ, ਨਦੀ ਦੇ ਕਿਨਾਰੇ ਛਾਂਦਾਰ ਰੁੱਖਾਂ ਨਾਲ ਢੱਕੇ ਹੁੰਦੇ ਸਨ, ਜਿਨ੍ਹਾਂ ਦੇ ਹੇਠਾਂ ਮੱਛੀਆਂ ਰਹਿੰਦੀਆਂ ਸਨ। ਇਨ੍ਹਾਂ ਨੂੰ ਕੱਟ ਦਿੱਤਾ ਗਿਆ ਹੈ। ਕਈ ਥਾਵਾਂ 'ਤੇ, ਤਲਾਅ ਕਹੇ ਜਾਂਦੇ ਡੂੰਘੇ ਟੋਏ ਸਨ, ਪਰ ਇਹ ਵੀ ਖਤਮ ਹੋ ਗਏ ਹਨ। ਦੁੱਧੀ ਨਦੀ, ਜੋ ਨਰਮਦਾਪੁਰਮ (ਪਹਿਲਾਂ ਹੋਸ਼ੰਗਾਬਾਦ ਵਜੋਂ ਜਾਣੀ ਜਾਂਦੀ ਸੀ) ਅਤੇ ਨਰਸਿੰਘਪੁਰ ਜ਼ਿਲ੍ਹਿਆਂ ਵਿਚਕਾਰ ਸਰਹੱਦ ਨੂੰ ਵੰਡਦੀ ਹੈ, ਹੁਣ ਸੁੱਕ ਗਈ ਹੈ। ਇਸ ਦੇ ਕੰਢੇ ਰਹਿਣ ਵਾਲੇ ਕੇਵਟ, ਬਰੌਆ ਅਤੇ ਰਾਜਜਰ ਭਾਈਚਾਰੇ ਪਹਿਲਾਂ ਨਦੀ ਵਿੱਚ ਮੱਛੀਆਂ ਫੜਦੇ ਸਨ, ਪਰ ਹੁਣ ਉਹ ਬੇਰੁਜ਼ਗਾਰ ਹਨ। ਇਹ ਇੱਕ ਸਦੀਵੀ ਨਦੀ ਸੀ, ਪਰ ਹੁਣ ਇੱਕ ਮੌਸਮੀ ਨਾਲਾ ਬਣ ਗਈ ਹੈ। ਇੱਕ ਸਥਾਨਕ ਮਛੇਰੇ ਦਾ ਕਹਿਣਾ ਹੈ ਕਿ ਦੁਧੀ ਨਦੀ ਦਾ ਵਹਾਅ ਹੁਣ ਦੂਰ-ਦੂਰ ਤੱਕ ਫੈਲਿਆ ਹੋਇਆ ਹੈ। ਪਹਿਲਾਂ, ਇਹ ਨਦੀ ਸਾਲ ਭਰ ਵਗਦੀ ਸੀ, ਜੋ ਪਿੰਡ ਵਾਸੀਆਂ ਲਈ ਰੋਜ਼ੀ-ਰੋਟੀ ਪ੍ਰਦਾਨ ਕਰਦੀ ਸੀ। ਪਸ਼ੂ ਅਤੇ ਡੰਗਰ ਇਸ ਤੋਂ ਪੀਂਦੇ ਸਨ। ਤਿਉਹਾਰ ਅਤੇ ਮੇਲੇ ਇਸ ਦੇ ਕਿਨਾਰੇ ਮਨਾਏ ਜਾਂਦੇ ਸਨ। ਹੁਣ, ਨਦੀ ਚੁੱਪ ਹੈ। ਕੁੱਲ ਮਿਲਾ ਕੇ, ਇਹ ਕਿਹਾ ਜਾ ਸਕਦਾ ਹੈ ਕਿ ਵਾਤਾਵਰਣ ਸੰਕਟ ਗਰੀਬ ਭਾਈਚਾਰਿਆਂ ਦੀ ਰੋਜ਼ੀ-ਰੋਟੀ ਨੂੰ ਲੁੱਟ ਰਿਹਾ ਹੈ। ਨਦੀਆਂ ਦੇ ਸੁੱਕਣ ਨਾਲ ਸਭ ਤੋਂ ਗਰੀਬ ਮਛੇਰਿਆਂ ਦੀ ਰੋਜ਼ੀ-ਰੋਟੀ ਨੂੰ ਖ਼ਤਰਾ ਹੈ। ਇਸ ਲਈ, ਸਾਨੂੰ ਨਦੀਆਂ ਨੂੰ ਪਾਣੀ ਨਾਲ ਅਮੀਰ ਬਣਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਸਾਨੂੰ ਮਿੱਟੀ, ਪਾਣੀ, ਰੁੱਖਾਂ ਅਤੇ ਵਾਤਾਵਰਣ ਦੀ ਰੱਖਿਆ ਦੀ ਦਿਸ਼ਾ ਵਿੱਚ ਅੱਗੇ ਵਧਣ ਦੀ ਲੋੜ ਹੈ। ਨਦੀਆਂ ਦੇ ਕੰਢੇ ਰੁੱਖ ਲਗਾਏ ਜਾਣੇ ਚਾਹੀਦੇ ਹਨ ਅਤੇ ਪ੍ਰਦੂਸ਼ਣ ਮੁਕਤ ਬਣਾਏ ਜਾਣੇ ਚਾਹੀਦੇ ਹਨ। ਇਹ ਨਾ ਸਿਰਫ਼ ਵਾਤਾਵਰਣ ਦੀ ਰੱਖਿਆ ਕਰੇਗਾ ਬਲਕਿ ਉਨ੍ਹਾਂ ਭਾਈਚਾਰਿਆਂ ਦੀ ਰੋਜ਼ੀ-ਰੋਟੀ ਨੂੰ ਵੀ ਯਕੀਨੀ ਬਣਾਏਗਾ ਜੋ ਉਨ੍ਹਾਂ 'ਤੇ ਨਿਰਭਰ ਕਰਦੇ ਹਨ। ਇਸ ਨਾਲ ਨਦੀਆਂ ਸਦੀਵੀ ਬਣ ਜਾਣਗੀਆਂ ਅਤੇ ਮਛੇਰਿਆਂ ਦੀ ਰੋਜ਼ੀ-ਰੋਟੀ ਦੀ ਰੱਖਿਆ ਹੋਵੇਗੀ। ਕੀ ਸਾਨੂੰ ਇਸ ਦਿਸ਼ਾ ਵਿੱਚ ਅੱਗੇ ਵਧਣਾ ਚਾਹੀਦਾ ਹੈ?

***

## ਡਾਲੀ ਨਾਲੋਂ ਤੋੜ ਨਾ ਸਾਨੂੰ...

ਇਹ ਫੁੱਲਾਂ ਦਾ ਬੂਟਾ ਆਪਣੇ-ਆਪ ਖਿੜਿਆ ਹੋਇਆ, ਆਪਣੀ ਹੋਂਦ ਨਾਲ ਟਹਿਕ ਰਿਹਾ ਸੀ। ਕਿਸੇ ਨੇ ਇਸ ਨੂੰ ਬੀਜਿਆ ਨਹੀਂ ਸੀ। ਪੱਕੀ ਇੱਟਾਂ ਦੀ ਕੰਧ 'ਚੋਂ ਕਿਵੇਂ ਉੱਗਿਆ, ਇੱਕ ਪ੍ਰਸ਼ਨ ਪੈਦਾ ਕਰ ਰਿਹਾ ਸੀ। ਇਸ ਨੂੰ ਕਿਸੇ ਨੇ ਪਾਣੀ ਵੀ ਨਹੀਂ ਲਾਇਆ। ਇਹ ਕੁਦਰਤ ਵੱਲੋਂ ਹੀ ਪੈਦਾ ਹੋਇਆ। ਇਸ ਫੁੱਲ-ਬੂਟੇ ਦਾ ਬੀਜ ਕੰਧੜੀ 'ਚੋਂ ਕਿਵੇਂ ਉੱਗਿਆ। ਮੈਨੂੰ ਖੇਤੀਬਾੜੀ ਵਿਸ਼ੇ ਦਾ ਪੜ੍ਹਿਆ ਚੇਤੇ ਆਇਆ ਕਿ ਬੀਜ ਖਿੰਡ-ਖਿੰਡ ਕੇ ਇੱਕ ਥਾਂ ਤੋਂ ਦੂਜੀਆਂ ਥਾਵਾਂ 'ਤੇ ਕਿਵੇਂ ਉੱਗਦੇ ਹਨ? ਕੁਝ ਬੀਜ ਮਨੁੱਖ ਬੀਜਦਾ, ਕੁਝ ਬੀਜ ਪੰਛੀ ਰੁੱਖਾਂ ਦੇ ਫਲ ਖਾਂਦੇ ਤੇ ਆਪਣੀਆਂ ਬਿੱਠਾਂ ਰਾਹੀਂ ਉਗਾਉਣ 'ਚ ਸਹਾਇਤਾ ਕਰਦੇ ਹਨ, ਜਿਵੇਂ ਪਿੱਪਲ ਜਾਂ ਬੋਹੜ ਦੇ ਬਾਟਿਆਂ (ਫਲ) ਨੂੰ ਖਾ ਕੇ ਵੱਖ-ਵੱਖ ਥਾਵਾਂ 'ਤੇ ਬਿੱਠਾਂ ਕਰਦੇ ਤੇ ਉੱਥੇ ਪਿੱਪਲ, ਬੋਹੜ ਜਾਂ ਕਿਸੇ ਹੋਰ ਰੁੱਖ ਦੇ ਬੀਜ ਉੱਗ ਕੇ ਰੁੱਖ ਬਣ ਜਾਂਦੇ। ਕੁਦਰਤੀ ਉੱਗੇ ਰੁੱਖ ਜਾਂ ਜੰਗਲ ਇਸ ਸਿਰਜਣ ਪ੍ਰਕਿਰੀਆ ਦੀ ਮਿਸਾਲ ਹਨ। ਜਦੋਂ ਤੇਜ਼ ਹਵਾ ਚੱਲਦੀ ਹੈ ਤਾਂ ਬੀਜ ਹਵਾ 'ਚ ਉੱਡ ਕੇ ਦੂਜੀਆਂ ਥਾਵਾਂ 'ਤੇ ਪੁੱਜ ਜਾਂਦੇ ਅਤੇ ਸਮਾਂ ਪਾ ਕੇ ਉੱਗ ਜਾਂਦੇ ਹਨ। ਕੰਧੜੀ 'ਚੋਂ ਉੱਗਿਆ ਇਹ ਫੁੱਲ-ਬੂਟਾ ਇੰਝ ਹੀ ਉੱਗਿਆ ਹੋਵੇਗਾ, ਮੈਂ ਸੋਚਣ ਲਗਦਾ ਹਾਂ। ਕੁਝ ਪਸ਼ੂ ਵੀ ਇੰਝ ਬੀਜ ਬਿਖੇਰਨ 'ਚ ਮਦਦ ਕਰਦੇ ਹਨ, ਉਨ੍ਹਾਂ ਦੇ ਮਲ-ਮੂਤਰ ਰਾਹੀਂ ਅਣਪਚੇ ਬੀਜ ਵੱਖ-ਵੱਖ ਥਾਵਾਂ 'ਤੇ ਪੁੱਜ ਜਾਂਦੇ ਹਨ। ਇੰਝ ਬੀਜਾਂ ਦੇ ਉੱਗਣ ਵਿੱਚ ਕਾਇਨਾਤ 'ਚ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਇਹ ਕਰਤਾਰੀ ਕ੍ਰਿਸ਼ਮਾ ਬੜਾ ਅਦਭੁੱਤ ਹੈ। ਬਾਰਸ਼ ਜਾਂ ਹੜ੍ਹਾਂ ਦੇ ਨਾਲ ਵੀ ਬੀਜ ਰੁੜ੍ਹ ਕੇ ਨਵੀਆਂ ਥਾਵਾਂ 'ਤੇ ਉੱਗ ਜਾਂਦੇ ਹਨ। ਕੁਦਰਤੀ ਤਬਦੀਲੀਆਂ ਰੁੱਖ-ਬੂਟਿਆਂ ਦੇ ਬੀਜਾਂ ਨੂੰ ਵੱਖੋ-ਵੱਖ ਥਾਵਾਂ 'ਤੇ ਪਹੁੰਚਾਉਣ ਵਿੱਚ ਸਹਾਈ ਹੁੰਦੀਆਂ ਹਨ। ਅਣਗੌਲੇ ਖੂਹਾਂ ਤੇ ਖੰਡਰ ਇਮਾਰਤਾਂ 'ਚ ਉੱਗੇ ਰੁੱਖ ਵੇਖੇ ਜਾ ਸਕਦੇ ਹਨ। ਕੁਦਰਤ ਦੀ ਇਹ ਲੀਲ੍ਹਾ ਅਪਰੰਪਾਰ ਹੈ। ਉਗਵਣ ਤੇ ਬਿਨਸਣ ਦਾ ਸਿਲਸਿਲਾ ਆਦਿ-ਕਾਲ ਤੋਂ ਚਲਦਾ ਆ ਰਿਹਾ ਹੈ। ਸੁੰਦਰਤਾ ਦੇ ਦ੍ਰਿਸ਼ ਮਾਣਨਾ ਕੁਦਰਤ ਨੂੰ ਪ੍ਰੇਮ ਕਰਨਾ ਹੈ। ਕੰਧੜੀ 'ਚ ਉੱਗਿਆ ਫੁੱਲ ਮੈਨੂੰ ਕੁਦਰਤ ਦੇ ਬਲਿਹਾਰੇ ਜਾਣ ਦਾ ਸੁਨੇਹਾ ਦੇਂਦਾ ਜਾਪਣ ਲੱਗਦਾ ਹੈ।

***

## ਪੰਜਾਬੀ ਸੂਬੇ ਵਿੱਚ ਹੀ ਹਾਸ਼ੀਏ 'ਤੇ

ਪਰ ਹੁਣ ਕਈ ਦਹਾਕਿਆਂ ਤੋਂ ਇਹ ਸਭ ਕੁੱਝ ਰੁਕ ਚੁੱਕਾ ਹੈ, ਕਿਉਂਕਿ ਰਾਜ ਸਰਕਾਰਾਂ ਨੇ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਦੀ ਸਰਪ੍ਰਸਤੀ ਕਰਨੀ ਬੰਦ ਕਰ ਦਿੱਤੀ ਹੈ। ਇਸ ਕਾਰਨ ਇੱਕ ਤਰ੍ਹਾਂ ਨਾਲ ਭਾਸ਼ਾ ਵਿਭਾਗ ਬੰਦ ਹੋਣ ਕਿਨਾਰੇ ਪਹੁੰਚ ਗਿਆ ਹੈ।

ਜਦੋਂ 2022 ਵਿੱਚ ਆਮ ਆਦਮੀ ਪਾਰਟੀ ਵੱਲੋਂ ਭਗਵੰਤ ਸਿੰਘ ਮਾਨ ਰਾਜ ਦੇ ਮੁੱਖ ਮੰਤਰੀ ਬਣੇ ਸਨ ਤਾਂ ਪੰਜਾਬ ਦੇ ਲੇਖਕ ਅਤੇ ਬੁੱਧੀਜੀਵੀ ਇਸ ਪੱਖ ਤੋਂ ਖ਼ੁਸ਼ੀ ਮਨਾ ਰਹੇ ਸਨ, ਕਿ ਇੱਕ ਪੰਜਾਬੀ ਕਲਾਕਾਰ ਮੁੱਖ ਮੰਤਰੀ ਬਣ ਕੇ ਪੰਜਾਬੀ ਜ਼ੁਬਾਨ ਅਤੇ ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਅਤੇ ਸਿੱਖਿਆ, ਪ੍ਰਸ਼ਾਸਨ ਤੇ ਨਿਆਂ ਦੇ ਖੇਤਰ ਵਿੱਚ ਪੰਜਾਬੀ ਨੂੰ ਯੋਗ ਸਥਾਨ ਦਿਵਾਉਣ ਲਈ ਖੁੱਲ੍ਹ ਦਿਲੀ ਨਾਲ ਕੰਮ ਕਰੇਗਾ ਪਰ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਅਜਿਹੇ ਨਾਮਾਤਰ ਹੀ ਯਤਨ ਹੋਏ ਹਨ। ਜਿਸ ਕਾਰਨ ਅੱਜ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਪਿਛਲੇ ਦਿਨੀਂ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਤਾਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਪਾ ਕੇ ਖ਼ੁਦ ਹੀ ਇਹ ਇੰਕਸ਼ਾਫ਼ ਕਰ ਦਿੱਤਾ ਸੀ ਕਿ ਪੰਜਾਬ ਦੇ ਕੁੱਝ ਅਫ਼ਸਰਸ਼ਾਹ ਭਾਸ਼ਾ ਵਿਭਾਗ ਨੂੰ ਬੰਦ ਕਰਵਾਉਣਾ ਚਾਹੁੰਦੇ ਹਨ। ਜਸਵੰਤ ਸਿੰਘ ਜ਼ਫ਼ਰ ਨੇ ਇਸ ਪੋਸਟ ਵਿੱਚ ਲਿਖਿਆ ਹੈ ਕਿ ਸਰਕਾਰ ਨੇ ਭਾਸ਼ਾ ਵਿਭਾਗ ਨੂੰ, ਲੇਖਕਾਂ ਦੀਆਂ ਪੁਸਤਕਾਂ ਛਾਪਣ ਲਈ, ਆਪਣੇ ਮੈਗਜ਼ੀਨ ਲਗਾਤਾਰ ਪ੍ਰਕਾਸ਼ਿਤ ਕਰਨ ਲਈ ਅਤੇ ਆਰਜ਼ੀ ਤੌਰ 'ਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਵਿੱਚ ਅੱਗੇ ਹੋਰ ਵਾਧਾ ਕਰਨ ਲਈ ਅਤੇ ਵਿਭਾਗ ਵੱਲੋਂ ਕਰਵਾਏ ਗਏ ਸਮਾਗਮਾਂ ਦੇ ਬਿੱਲ ਤਾਰਨ ਲਈ ਵੀ ਲੋੜੀਂਦੀ ਗਰਾਂਟ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਅਫ਼ਸਰਸ਼ਾਹੀ ਨੂੰ ਪੰਜਾਬੀ ਵਿੱਚ ਕੰਮ ਕਰਨ ਲਈ ਲਿਖੀਆਂ ਗਈਆਂ ਚਿੱਠੀਆਂ ਤੋਂ ਵੀ ਅਫ਼ਸਰਸ਼ਾਹੀ ਔਖੀ ਹੈ। ਉਨ੍ਹਾਂ ਦੀ ਇਸ ਪੋਸਟ ਨਾਲ ਪੰਜਾਬੀ ਸਾਹਿਤਕ ਜਗਤ ਵਿੱਚ ਵੱਡੀ ਹਲਚਲ ਮਚੀ ਹੈ। ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਆਪਣੇ ਵਿਚਾਰ ਪ੍ਰਗਟ ਕਰਕੇ ਵੱਖ-ਵੱਖ ਲੇਖਕ ਜਥੇਬੰਦੀਆਂ ਅਤੇ ਪੰਜਾਬੀ ਬੁਧੀਜੀਵੀਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਅਤੇ ਖ਼ਾਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਖ਼ਲ ਦੇ ਕੇ ਭਾਸ਼ਾ ਵਿਭਾਗ ਨੂੰ ਲੋੜੀਂਦੇ ਫੰਡ ਜਾਰੀ ਕਰਵਾਉਣ, ਤਾਂ ਜੋ ਵਿਭਾਗ ਨਾ ਕੇਵਲ ਪੰਜਾਬੀ ਜ਼ੁਬਾਨ ਦਾ ਪ੍ਰਚਾਰ ਪ੍ਰਸਾਰ ਜਾਰੀ ਰੱਖ ਸਕੇ, ਸਗੋਂ ਅਜਿਹੀਆਂ ਪਹਿਲਕਦਮੀਆਂ ਵਿਚ ਹੋਰ ਵੀ ਵਾਧਾ ਕਰ ਸਕੇ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੇ ਕੁੱਝ ਮਹੀਨੇ ਹੀ ਬਾਕੀ ਰਹਿੰਦੇ ਹਨ। ਸਰਕਾਰ 2027 ਦੀਆਂ ਚੋਣਾਂ ਵਿੱਚ ਵੋਟਰਾਂ ਨੂੰ ਸੱਤਾਧਾਰੀ ਪਾਰਟੀ ਵੱਲ ਆਕਰਸ਼ਿਤ ਕਰਨ ਲਈ ਕਰਜ਼ੇ ਚੁੱਕ ਕੇ ਕਰੋੜਾਂ ਰੁਪਿਆਂ ਦਾ ਖ਼ਰਚ ਕਰ ਰਹੀ ਹੈ। ਸਰਕਾਰ ਵੱਲੋਂ ਬਹੁਤ ਸਾਰੇ ਅਜਿਹੇ ਕੰਮ ਵੀ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਰਾਜ ਦੇ ਬਹੁਤ ਸਾਰੇ ਚੇਤੰਨ ਲੋਕ ਗੈਰ ਜ਼ਰੂਰੀ ਸਮਝਦੇ ਹਨ। ਪਰ ਇਹ ਬੇਹੱਦ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ, ਜਿਸ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਿਆ ਸੀ, ਉਸ ਦੇ ਪ੍ਰਚਾਰ ਪ੍ਰਸਾਰ ਲਈ ਨਾ ਕੋਈ ਠੋਸ ਪ੍ਰੋਗਰਾਮ ਲੈ ਕੇ ਹੁਣ ਤੱਕ ਅੱਗੇ ਆਈ ਹੈ ਅਤੇ ਨਾ ਹੀ ਪੰਜਾਬੀ ਜ਼ੁਬਾਨ ਦੇ ਪ੍ਰਚਾਰ ਪ੍ਰਸਾਰ ਵਿੱਚ ਲੱਗੀਆਂ ਸੰਸਥਾਵਾਂ ਨੂੰ ਕਿਸੇ ਵੀ ਬਜਟ ਵਿੱਚ ਢੁੱਕਵੀਆਂ ਗਰਾਂਟਾਂ ਦਿੱਤੀਆਂ ਗਈਆਂ ਹਨ।

ਅਜੇ ਵੀ ਵਕਤ ਹੈ ਕਿ ਪੰਜਾਬ ਸਰਕਾਰ ਪੰਜਾਬੀ ਜ਼ੁਬਾਨ ਦੇ ਪ੍ਰਚਾਰ ਪ੍ਰਸਾਰ ਲਈ ਆਪਣਾ ਏਜੰਡਾ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕਰੇ ਅਤੇ ਉਹ ਸਾਰੇ ਜ਼ਰੂਰੀ ਕਦਮ ਉਠਾਵੇ, ਜਿਸ ਨਾਲ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਦੇ ਪੱਖ ਤੋਂ ਪੰਜਾਬ ਆਪਣੀ ਪਹਿਚਾਣ ਨੂੰ ਕਾਇਮ ਰੱਖ ਸਕੇ ਅਤੇ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਰਾਹੀਂ ਨਰੋਈਆਂ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਕੇ ਕੁਰਾਹੇ ਪੈਂਦੇ ਜਾ ਰਹੇ ਨੌਜਵਾਨਾਂ ਨੂੰ ਵੀ ਸਮਾਜ ਦੀ ਮੁੱਖਧਾਰਾ ਨਾਲ ਜੋੜ ਕੇ ਰੱਖਿਆ ਜਾ ਸਕੇ। ਇਸ ਸੰਬੰਧੀ ਸਾਨੂੰ ਭਾਵੇਂ ਬਹੁਤੀ ਆਸ ਨਹੀਂ ਹੈ ਪਰ ਫਿਰ ਵੀ ਸਰਕਾਰ ਨੂੰ ਉਸ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਅਸੀਂ ਆਪਣਾ ਫਰਜ਼ ਸਮਝਦੇ ਹਾਂ। ਇਸ ਦੇ ਨਾਲ ਹੀ ਪੰਜਾਬੀ ਦਾ ਪ੍ਰਚਾਰ ਪ੍ਰਸਾਰ ਕਰ ਰਹੀਆਂ ਜਥੇਬੰਦੀਆਂ ਤੇ ਸੰਸਥਾਵਾਂ ਨੂੰ ਵੀ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ, ਕਿ ਉਹ ਇਕੱਠੇ ਹੋ ਕੇ ਸਰਕਾਰ ਨੂੰ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਨ ਵਾਸਤੇ ਕਿਉਂ ਪ੍ਰੇਰਿਤ ਜਾਂ ਮਜਬੂਰ ਨਹੀਂ ਕਰ ਸਕੇ? ਜੇ ਅੱਜ ਪੰਜਾਬੀ ਲਈ ਕੰਮ ਕਰਨ ਵਾਲੇ ਅਦਾਰੇ ਨਜ਼ਰਅੰਦਾਜ਼ ਹਨ ਤਾਂ ਇਸ ਲਈ ਲੇਖਕ ਭਾਈਚਾਰਾ ਵੀ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ।

## ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਭਾਸ਼ਾ

ਇਸ ਸਥਿਤੀ ਨੂੰ ਭਾਂਪਦਿਆਂ ਇਸ ਗੱਲ ਦੀ ਜ਼ਰੂਰਤ ਹੈ ਕਿ ਪੰਜਾਬੀ ਨੂੰ ਕੇਵਲ ਪ੍ਰੀਖਿਆ ਪਾਸ ਕਰਨ ਦਾ ਵਿਸ਼ਾ ਨਾ ਸਮਝਿਆ ਜਾਵੇ। ਸਕੂਲ ਪੱਧਰ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਯਕੀਨੀ ਬਣਾਇਆ ਜਾਵੇ। ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਬੋਲਣ, ਲਿਖਣ ਅਤੇ ਪੜ੍ਹਨ ਦਾ ਮਾਹੌਲ ਬਣਾਇਆ ਜਾਵੇ। ਸਕੂਲੀ ਸਮਾਗਮਾਂ, ਨਾਟਕਾਂ, ਭਾਸ਼ਣ ਮੁਕਾਬਲਿਆਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬੀ ਨੂੰ ਅਹਿਮ ਸਥਾਨ ਦਿੱਤਾ ਜਾਵੇ। ਤਕਨੀਕ ਦੇ ਇਸ ਸਮੇਂ ਵਿੱਚ ਪੰਜਾਬੀ ਅਧਿਆਪਕਾਂ ਦੀ ਗੁਣਵੱਤਾ ਅਤੇ ਸਿਖਲਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਪ੍ਰਾਈਵੇਟ ਸੀ.ਬੀ.ਐੱਸ.ਈ. ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਲੈ ਕੇ ਚਿੰਤਾ ਪੂਰੀ ਤਰ੍ਹਾਂ ਬੇਬੁਨਿਆਦ ਨਹੀਂ ਹੈ। ਰਾਜ ਦੀ ਸਰਕਾਰੀ ਭਾਸ਼ਾ ਦੇ ਸਬੰਧ ਵਿੱਚ ਕਾਨੂੰਨੀ ਤੌਰ 'ਤੇ ਪੰਜਾਬੀ ਨੂੰ ਮਹੱਤਵ ਪ੍ਰਾਪਤ ਹੈ ਅਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਸਰਕਾਰ ਨੇ ਨਵੇਂ ਕਦਮ ਵੀ ਚੁੱਕੇ ਹਨ, ਪਰ ਜ਼ਮੀਨੀ ਪੱਧਰ 'ਤੇ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਪੰਜਾਬੀ ਭਾਸ਼ਾ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲਈ ਸਰਕਾਰ, ਸਕੂਲਾਂ, ਮਾਪਿਆਂ, ਅਧਿਆਪਕਾਂ ਅਤੇ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਅਸੀਂ ਆਪਣੀ ਭਾਸ਼ਾ ਨੂੰ ਸਿੱਖਿਆ ਦੇ ਕੇਂਦਰ ਵਿੱਚ ਨਹੀਂ ਰੱਖਾਂਗੇ ਤਾਂ ਭਵਿੱਖ ਦੀਆਂ ਪੀੜ੍ਹੀਆਂ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਜਾਣਗੀਆਂ।

ਵਿਸ਼ਵ ਦੇ ਬਹੁਤ ਸਾਰੇ ਦੇਸ਼ ਹਨ ਜਿੱਥੇ ਉਹ ਆਪਣੀ ਮਾਤ ਭਾਸ਼ਾ ਵਿੱਚ ਆਪਣੀ ਸਾਰੀ ਸ਼ਾਸਨ ਪ੍ਰਣਾਲੀ ਚਲਾਉਂਦੇ ਹਨ, ਅੱਜ ਉਨ੍ਹਾਂ ਦੀ ਸਥਿਤੀ ਵਿਸ਼ਵ ਵਿੱਚ ਬਹੁਤ ਅਹਿਮ ਹੈ। ਅੱਜ ਦੇ ਸਮੇਂ ਵਿੱਚ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬੀ ਭਾਸ਼ਾ ਦੀ ਮਜ਼ਬੂਤੀ ਹੀ ਪੰਜਾਬ ਦੀ ਸੱਭਿਆਚਾਰਕ ਅਤੇ ਬੌਧਿਕ ਵਿਕਾਸ ਦਾ ਅਹਿਮ ਪਹਿਲੂ ਹੈ। ਸੋ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਰਕਾਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਸਥਿਤੀ ਵਿੱਚ ਹੋਰ ਸੁਧਾਰ ਕਰੇ ਅਤੇ ਸਿੱਖਿਆ ਅਤੇ ਸਿਹਤ ਵਰਗੇ ਬਹੁਤ ਹੀ ਮਹੱਤਵਪੂਰਨ ਖੇਤਰਾਂ ਵਿੱਚ ਪ੍ਰਾਈਵੇਟ ਸੰਸਥਾਵਾਂ ਦੀ ਅਜ਼ਾਰੇਦਾਰੀ ਨੂੰ ਘੱਟ ਕਰਦੀ ਹੋਈ ਮਾਤ ਭਾਸ਼ਾ 'ਚ ਸਿੱਖਿਆ ਨੂੰ ਆਪਣੀ ਤਵੱਜੋ ਬਣਾਏ ਤਾਂ ਜੋ ਇਸ ਖਿੱਤੇ ਦੇ ਲੋਕਾਂ ਨੂੰ ਚੰਗੀ ਸਿੱਖਿਆ ਪ੍ਰਾਪਤ ਹੋ ਸਕੇ।

***

## ਸੱਤਾ ਦਾ ਹੰਕਾਰ ਬਨਾਮ ਰਾਮ

ਇਹ ਲੋਕ ਕਹਿੰਦੇ ਹਨ ਕਿ ਜੋ ਅਯੁੱਧਿਆ ਨਹੀਂ ਗਿਆ ਜਾਂ ਰਾਮ ਲੱਲਾ ਦੇ ਦਰਸ਼ਨ ਨਹੀਂ ਕੀਤੇ, ਉਹ ਹਿੰਦੂ ਧਰਮ ਤੇ ਰਾਮ ਦਾ ਗੱਦਾਰ ਹੈ। ਜਦਕਿ ਹਿੰਦੂ ਪਰੰਪਰਾ ਵਿੱਚ ਤਾਂ ਕਿਹਾ ਗਿਆ ਹੈ, 'ਮਨ ਚੰਗਾ ਤੋ ਕਠੌਤੀ ਮੇਂ ਗੰਗਾ', ਭਗਵਾਨ ਕਣ-ਕਣ ਵਿੱਚ ਸਮਾਇਆ ਹੋਇਆ ਹੈ ਤੇ ਉਸ ਨੂੰ ਕਿਸੇ ਮੰਦਰ ਤੱਕ ਸੀਮਤ ਰੱਖਣਾ ਉਚਿਤ ਨਹੀਂ ਹੈ। ਰਾਮ ਮੰਦਰ ਜਾਣਾ ਕਿਸੇ ਦੀ ਸ਼ਰਧਾ ਹੋ ਸਕਦੀ ਹੈ, ਹੋਰਾਂ ਨੂੰ ਮੰਦਰ ਨਾ ਜਾਣ 'ਤੇ ਰਾਮ ਦੇ ਗਦਾਰ ਕਿਵੇਂ ਕਿਹਾ ਜਾ ਸਕਦਾ ਹੈ? ਰਾਮ ਸਿਰਫ਼ ਮੰਦਰਾਂ ਵਿੱਚ ਨਹੀਂ ਰਹਿੰਦਾ। ਹਿੰਦੂ ਪਰੰਪਰਾ ਵਿਚ ਅਜਿਹਾ ਨਹੀਂ ਹੈ। ਉਹ ਮੇਰੇ 'ਚ, ਤੁਹਾਡੇ ਵਿੱਚ ਤੇ ਸਾਰਿਆਂ ਵਿੱਚ, ਹਰ ਕਣ-ਕਣ ਵਿੱਚ ਹੈ।

***

## ਅਦਾਲਤਾਂ 'ਚ ਇਨਸਾਫ਼:

ਨਿਆਂਪਾਲਿਕਾ ਦੇ ਕੰਮਕਾਜ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੇ ਉੱਨਤ ਟੂਲ ਸ਼ਾਮਿਲ ਕੀਤੇ ਜਾ ਰਹੇ ਹਨ। ਆਈ.ਆਈ.ਟੀ. ਮਦਰਾਸ ਦੇ ਸਹਿਯੋਗ ਨਾਲ ਸੁਪਰੀਮ ਕੋਰਟ ਦੁਆਰਾ ਵਿਕਸਿਤ ਏ.ਆਈ./ਐੱਮ.ਐੱਲ-ਸਮਰੱਥ ਨੁਕਸ ਪਛਾਣ ਮੋਡੀਊਲ ਅਤੇ ਐਨ.ਆਈ.ਸੀ. ਦੁਆਰਾ ਵਿਕਸਿਤ ਲੀਗਲ ਰਿਸਰਚ ਐਂਡ ਐਨਾਲਿਸਿਸ ਅਸਿਸਟੈਂਟ ਇਸ ਦਿਸ਼ਾ ਵਿੱਚ ਵੱਡੇ ਕਦਮ ਹਨ। ਈ-ਕੋਰਟਸ ਦੇ ਤੀਜੇ ਪੜਾਅ ਦਾ ਟੀਚਾ ਈ-ਸੇਵਾ ਕੇਂਦਰਾਂ ਦਾ ਪੂਰਨ ਵਿਸਥਾਰ, ਕਲਾਊਡ-ਆਧਾਰਿਤ ਡਾਟਾ ਰਿਪੋਜ਼ਟਰੀ ਬਣਾਉਣਾ ਅਤੇ ਕੇਸਾਂ ਦੇ ਵਿਸ਼ਲੇਸ਼ਣ ਅਤੇ ਪੂਰਵ-ਅਨੁਮਾਨ ਲਈ ਆਪਟੀਕਲ ਕਰੈਕਟਰ ਰਿਕੋਗਨੀਸ਼ਨ ਤਕਨੀਕ ਦੀ ਵਰਤੋਂ ਕਰਨਾ ਹੈ। ਅਦਾਲਤੀ ਕਾਰਵਾਈਆਂ ਦੀ ਲਾਈਵ ਸਟ੍ਰੀਮਿੰਗ ਦਾ ਵਿਸਥਾਰ ਉੱਤਰਾਖੰਡ, ਕਲਕੱਤਾ, ਤੇਲੰਗਾਨਾ ਅਤੇ ਮੇਘਾਲਿਆ ਸਮੇਤ 11 ਹਾਈ ਕੋਰਟਾਂ ਤੱਕ ਹੋ ਗਿਆ ਹੈ। ਇਸ ਤੋਂ ਇਲਾਵਾ ਸਾਰੀਆਂ ਜ਼ਿਲ੍ਹਾ ਅਦਾਲਤਾਂ ਦੀਆਂ ਵੈੱਬਸਾਈਟਾਂ ਨੂੰ ਪਲੇਟਫਾਰਮ 'ਤੇ ਮਾਈਗ੍ਰੇਟ ਕਰ ਦਿੱਤਾ ਗਿਆ ਹੈ। ਇਹ ਡਿਜੀਟਲ ਕੋਰਟ ਪਲੇਟਫਾਰਮ ਜੱਜਾਂ ਨੂੰ ਕੇਸ ਨਾਲ ਸੰਬੰਧਿਤ ਸਾਰੇ ਦਸਤਾਵੇਜ਼ ਅਤੇ ਸਬੂਤ ਡਿਜੀਟਲ ਰੂਪ ਵਿੱਚ ਦੇਖਣ ਦੇ ਯੋਗ ਬਣਾਉਂਦਾ ਹੈ। ਪਰ ਇਹ ਤਕਨੀਕਾਂ ਉਦੋਂ ਤੱਕ ਬੇਮਾਅਨੇ ਹਨ ਜਦੋਂ ਤੱਕ ਆਮ ਨਾਗਰਿਕ ਨੂੰ ਇਸ ਦਾ ਅਸਲ ਲਾਭ ਮਿਲਣਾ ਸ਼ੁਰੂ ਨਹੀਂ ਹੁੰਦਾ। ਕਾਨੂੰਨੀ ਮਾਹਿਰਾਂ ਦੀ ਸਮਝ ਮੁਤਾਬਿਕ ਜਦੋਂ ਸਰਕਾਰ ਇਹ ਕਹਿੰਦੀ ਹੈ ਕਿ ਕੇਸਾਂ ਦਾ ਨਿਪਟਾਰਾ ਨਿਆਂਪਾਲਿਕਾ ਦੇ ਅਧਿਕਾਰ ਖੇਤਰ ਵਿੱਚ ਹੈ, ਤਾਂ ਇਹ ਅਸਿੱਧੇ ਤੌਰ 'ਤੇ ਜਵਾਬਦੇਹੀ ਤੋਂ ਬਚਣ ਦਾ ਰਸਤਾ ਜਾਪਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸਿਰਫ਼ 7,210 ਕਰੋੜ ਰੁਪਏ ਖਰਚ ਕਰਕੇ ਕਾਗ਼ਜ਼ਾਂ ਨੂੰ ਡਿਜੀਟਲ ਕਰਨਾ ਹੀ ਕਾਫੀ ਨਹੀਂ ਹੈ। ਜਦੋਂ ਤੱਕ ਜੱਜਾਂ ਦੀਆਂ ਖਾਲੀ ਅਸਾਮੀਆਂ ਭਰਨ ਅਤੇ ਤਰੀਕਾਂ ਦੀ ਪ੍ਰਕਿਰਿਆ ਨੂੰ ਸੀਮਤ ਕਰਨ ਵਰਗੇ ਠੋਸ ਕਦਮ ਨਹੀਂ ਚੁੱਕੇ ਜਾਂਦੇ, ਉਦੋਂ ਤੱਕ 63.9 ਲੱਖ ਲੰਬਿਤ ਪਏ ਕੇਸਾਂ ਦਾ ਪਹਾੜ ਹੋਰ ਉੱਚਾ ਹੁੰਦਾ ਜਾਵੇਗਾ। ਲੀਗਲ ਇਨਫਾਰਮੇਸ਼ਨ ਮੈਨੇਜਮੈਂਟ ਸਿਸਟਮ ਵਰਗੇ ਪਲੇਟਫਾਰਮ ਸਰਕਾਰੀ ਕੇਸਾਂ ਦੀ ਨਿਗਰਾਨੀ ਲਈ ਬਣਾਏ ਗਏ ਹਨ, ਪਰ ਇਨ੍ਹਾਂ ਦਾ ਜ਼ਮੀਨੀ ਅਸਰ ਤਦ ਹੀ ਦਿਸੇਗਾ ਜੇਕਰ ਸਰਕਾਰੀ ਵਿਭਾਗ ਆਪਣੀਆਂ ਗ਼ਲਤੀਆਂ ਮੰਨਣ ਅਤੇ ਅਪੀਲਾਂ ਦਾ ਸਿਲਸਿਲਾ ਬੰਦ ਕਰਨ। ਇਹ ਕਿ ਇਨਸਾਫ਼ ਦੀ ਲੰਮੀ ਉਡੀਕ ਕਰ ਰਹੇ ਆਮ ਨਾਗਰਿਕ ਲਈ ਡਿਜੀਟਲ ਪਲੇਟਫਾਰਮ ਦਾ ਫ਼ਾਇਦਾ ਉਦੋਂ ਹੀ ਹੈ ਜਦੋਂ ਉਸ ਨੂੰ ਸਹੀ ਸਮੇਂ 'ਤੇ ਉਸ ਦਾ ਹੱਕ ਮਿਲੇਗਾ, ਨਹੀਂ ਤਾਂ ਇਹ ਕਰੋੜਾਂ ਦਾ ਬਜਟ ਮਹਿਜ਼ ਇੱਕ ਤਕਨੀਕੀ ਦਿਖਾਵਾ ਬਣ ਕੇ ਰਹਿ ਜਾਵੇਗਾ।

***

## ਕੀ ਖ਼ਾਲਿਸਤਾਨੀ ਲਹਿਰ ਕੇ.ਪੀ.ਐੱਸ. ਗਿੱਲ

ਸੰਧੂ ਦੀ ਮੌਤ ਤੋਂ ਬਾਅਦ ਗਿੱਲ ਲਗਭਗ ਨਿਰਾਸ਼ ਹੋ ਚੁੱਕਾ ਸੀ। ਉਸ ਨੇ ਭਾਰਤੀ ਪ੍ਰਧਾਨ ਮੰਤਰੀ ਗੁਜਰਾਲ ਨੂੰ ਪੁਲਿਸ ਦੀ ਰੱਖਿਆ ਹਿਤ ਇੱਕ ਖ਼ਤ ਵੀ ਲਿਖਿਆ ਸੀ, ਜੋ ਉਸ ਦੀ ਨਿਰਾਸ਼ਾ ਤੇ ਹਾਰ ਦਾ ਪ੍ਰਤੀਕ ਹੈ। ਉਹ ਜੁਆਬਦੇਹੀ ਤੋਂ ਵੀ ਬਹੁਤ ਡਰਦਾ ਸੀ। ਜਿਸ ਵਕਤ ਪੰਜਾਬ ਪੁਲਿਸ ਉੱਪਰ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਉਂਗਲ ਉਠਾਉਣੀ ਸ਼ੁਰੂ ਕੀਤੀ, ਉਸ ਵਕਤ ਉਸ ਨੇ ਸਾਰੇ ਦੋਸ਼ਾਂ ਤੋਂ ਸਾਫ਼ ਇਨਕਾਰ ਕਰ ਦਿੱਤਾ, ਜਦ ਕਿ ਜੇਕਰ ਉਹ ਦਲੇਰ ਕਿਸਮ ਦਾ ਬੰਦਾ ਹੁੰਦਾ ਤਾਂ ਸਾਫ਼ ਕਹਿ ਸਕਦਾ ਸੀ ਕਿ ਇਹ ਪੁਲਿਸ ਦਾ ਕੰਮ ਕਰਨ ਦਾ ਤਰੀਕਾ ਹੈ, ਪਰ ਉਹ ਪੁਲਿਸ ਦੀ ਅਮਾਨਵੀਅਤਾ ਨੂੰ ਸਹਿਮਤੀ ਦੇ ਕੇ ਉਸ ਨੂੰ ਸਵੀਕਾਰਨ ਤੋਂ ਹਮੇਸ਼ਾ ਭੱਜਦਾ ਰਿਹਾ। ਇਸ ਪੱਖ ਤੋਂ ਉਸ ਦੇ ਬਾਰੇ ਬਹੁਤ ਸਾਰੇ ਤੱਥ ਤੇ ਦਲੀਲਾਂ ਮੌਜੂਦ ਹਨ ਕਿ ਉਹ ਇੱਕ ਪਿਆਦੇ ਤੋਂ ਵੱਧ ਕੁਝ ਨਹੀਂ ਸੀ, ਜਿਸ ਨੂੰ ਭਾਰਤੀ ਹਕੂਮਤ ਨੇ ਖਾੜਕੂਵਾਦ ਵਿੱਚ ਇਸ ਲਈ ਵਰਤਿਆ ਤਾਂ ਜੋ ਇਹ ਲੜਾਈ ਪੰਜਾਬ ਬਨਾਮ ਭਾਰਤ ਨਾ ਬਣ ਸਕੇ। ਭਾਰਤੀ ਹਕੂਮਤ ਇਸ ਪੱਖ ਤੋਂ ਕਾਮਯਾਬ ਵੀ ਰਹੀ ਹੈ।

ਹਾਲਾਂਕਿ ਜੋ ਲੋਕ ਗਿੱਲ ਨੂੰ ਪੰਜਾਬ ਦਾ ਹੀਰੋ ਬਣਾ ਰਹੇ ਹਨ, ਮੈਂ ਸਮਝਦਾ ਹਾਂ, ਉਹ ਵਾਕਈ ਉਨ੍ਹਾਂ ਦਾ ਹੀਰੋ ਹੈ, ਕਿਉਂਕਿ ਬੁਜ਼ਦਿਲੀ ਦੇ ਤਹਿਤ ਪੂਰੀ ਹਕੂਮਤ ਦੀ ਸ਼ਹਿ ਤੇ ਬੇਗੁਨਾਹਾਂ ਦਾ ਕਤਲ ਕਰਨਾ ਹਿੰਦੂਤਵ ਦਾ ਪ੍ਰਮੁੱਖ ਪਛਾਣ ਚਿੰਨ੍ਹ ਹੈ. ਗਿੱਲ ਉਸੇ ਪਛਾਣ-ਚਿੰਨ੍ਹ ਦਾ ਧਾਰਨੀ ਸੀ। ਗਿੱਲ ਯਕੀਨਨ ਹਿੰਦੂਤਵੀਆਂ ਦਾ ਹੀਰੋ ਹੋਣਾ ਚਾਹੀਦਾ ਹੈ, ਕਿਉਂਕਿ ਜਿਵੇਂ ਗਿੱਲ ਧੋਖੇ, ਪਸ਼ੂਨੁਮਾ ਪਹੁੰਚ ਅਤੇ ਲਾਲਚ ਅਧੀਨ ਲੋਕਾਂ ਦਾ ਕਤਲ ਕਰਵਾਉਂਦਾ ਸੀ, ਹਿੰਦੂਤਵ ਬਿਲਕੁਲ ਇਹੀ ਲੋਕਾਂ ਨੂੰ ਸਿਖਾਉਂਦਾ ਹੈ ਕਿ ਆਪਣੇ ਵਿਰੋਧੀ ਨੂੰ ਇਸੇ ਤਰ੍ਹਾਂ ਮਾਰਿਆ ਜਾਣਾ ਚਾਹੀਦਾ ਹੈ, ਪਰ ਗਿੱਲ ਕਾਰਨ ਖਾੜਕੂ ਲਹਿਰ ਖ਼ਤਮ ਹੋਈ, ਇਹ ਇੱਕ ਮੂਰਖਾਨਾ ਤਰਕ ਹੈ। ਓਨਾ ਹੀ ਮੂਰਖਾਨਾ, ਜਿੰਨਾ ਇਹ ਕਿ ਉਸ ਕਾਰਨ ਪੰਜਾਬ ਵਿੱਚ ਸ਼ਾਂਤੀ ਆਈ।

ਜੇਕਰ ਪੰਜਾਬ ਵਿੱਚ ਸ਼ਾਂਤੀ ਹੁੰਦੀ ਤਾਂ ਪੰਜਾਬ ਦੇ ਹਾਲਾਤਾਂ ਕਾਰਨ ਅੱਜ ਵੀ ਪੂਰੇ ਭਾਰਤ ਦਾ ਹਿੰਦੂਤਵੀ ਮਨ ਚੀਕਾਂ ਨਾ ਮਾਰ ਰਿਹਾ ਹੁੰਦਾ ਕਿ ਪੰਜਾਬ ਅੰਦਰ ਹਿੰਦੂ ਸੁਰੱਖਿਅਤ ਨਹੀਂ ਹੈ। ਪੰਜਾਬ ਅੰਦਰ ਇਹ ਸ਼ਾਂਤੀ ਦਰਅਸਲ ਖਾੜਕੂ ਲਹਿਰ ਦੁਆਰਾ ਪੈਦਾ ਕੀਤੇ ਖਲਾਅ ਕਾਰਨ ਹੈ, ਜਿਸ ਦਾ ਜ਼ਿਕਰ ਕਦੀ ਫ਼ਿਰ ਸਹੀ।

***

## ਮਨੁੱਖੀ ਸਰਗਰਮੀਆਂ ਬਨਾਮ ਏ. ਆਈ.

ਉਨ੍ਹਾਂ ਨੇ ਮੁਨਾਫ਼ਾਖੋਰੀ ਦੀ ਉਸ ਅੰਨ੍ਹੀ ਦੌੜ ਨੂੰ ਨਕਾਰਨ ਦਾ ਹੋਕਾ ਦਿੱਤਾ ਹੈ, ਜੋ ਕਮਜ਼ੋਰਾਂ ਦੀ ਬਲੀ ਲੈਂਦੀ ਹੈ ਅਤੇ ਇਸ ਦਾਅਵੇ ਨੂੰ ਵੀ ਰੱਦ ਕੀਤਾ ਹੈ ਕਿ ਕੋਈ ਇੱਕ ਭਾਸ਼ਾ (ਭਾਵੇਂ ਉਹ ਡਿਜੀਟਲ ਹੀ ਕਿਉਂ ਨਾ ਹੋਵੇ) ਹਰ ਚੀਜ਼ ਦਾ ਅਨੁਵਾਦ ਕਰ ਸਕਦੀ ਹੈ, ਇੱਥੋਂ ਤੱਕ ਕਿ ਮਨੁੱਖੀ ਹੋਂਦ ਦੇ ਰਹੱਸ ਨੂੰ ਵੀ ਮਹਿਜ਼ ਡੇਟਾ ਅਤੇ ਕਾਰਗੁਜ਼ਾਰੀ ਵਿੱਚ ਬਦਲ ਸਕਦੀ ਹੈ। ਪੋਪ ਦੇ ਇਹ ਬਿਆਨ ਉਸ ਦੁਨੀਆ ਲਈ ਇੱਕ ਨੈਤਿਕ ਚਿਤਾਵਨੀ ਹਨ, ਜਿਸ ਨੂੰ ਏ ਆਈ ਦੀਆਂ ਭਾਵਨਾਤਮਕ ਤੇ ਅਧਿਆਤਮਿਕ ਸੀਮਾਵਾਂ ਤੋਂ ਪਾਰ ਮਨੁੱਖਤਾ ਦੀ ਸ਼ਾਨ ਨੂੰ ਚੇਤੇ ਕਰਨ ਦੀ ਲੋੜ ਸੀ। ਹੰਢਾਏ ਹੋਏ ਤਜਰਬਿਆਂ ਅਤੇ ਅਧਿਆਤਮਿਕ ਚੇਤਨਾ 'ਚੋਂ ਉਪਜਿਆ ਇਹ ਨੈਤਿਕ ਨਿਯਮ ਦੱਸਦਾ ਹੈ ਕਿ ਮਨੁੱਖਤਾ ਅਸਲ ਵਿੱਚ ਮਨੁੱਖ ਦੀ ਨਾਸ਼ਵਾਨਤਾ ਅਤੇ ਇਸ ਦੀਆਂ ਸੀਮਾਵਾਂ ਦੇ ਅੰਦਰ ਹੀ ਪ੍ਰਫੁੱਲਿਤ ਹੁੰਦੀ ਹੈ।

ਇਸ ਨਜ਼ਰੀਏ ਤੋਂ ਦੇਖਦਿਆਂ ਵਿਸ਼ਵ ਆਗੂਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਏ ਆਈ ਦੇ ਨਿਯੰਤਰਣ ਲਈ ਮਨੁੱਖ-ਕੇਂਦਰਿਤ ਪਹੁੰਚ ਅਪਣਾਉਣ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਹਾਲ ਹੀ ਵਿੱਚ ਪੈਰਿਸ ਦੀ ਵੀਵਾਟੈੱਕ ਕਾਨਫਰੰਸ (ਜੂਨ 17-20, 2026) ਅਤੇ ਇਸ ਤੋਂ ਪਹਿਲਾਂ ਗਲੋਬਲ ਇੰਡੀਆ ਏ ਆਈ ਸੰਮੇਲਨ (ਫਰਵਰੀ 2026, ਨਵੀਂ ਦਿੱਲੀ) ਵਿੱਚ ਇਸੇ ਲੋੜ 'ਤੇ ਜ਼ੋਰ ਦਿੱਤਾ ਸੀ। ਇਸ ਮਕਸਦ ਲਈ ਸਵੈ-ਇੱਛਤ ਸਮਝੌਤਿਆਂ ਦੀ ਬਜਾਏ ਇੱਕ ਮਜ਼ਬੂਤ ਅਤੇ ਕਾਨੂੰਨੀ ਤੌਰ 'ਤੇ ਸਖ਼ਤ ਰੈਗੂਲੇਟਰੀ ਢਾਂਚੇ ਦੀ ਲੋੜ ਹੈ, ਜੋ ਏ ਆਈ ਤੱਕ ਸਾਰਿਆਂ ਦੀ ਪਹੁੰਚ ਨੂੰ ਜਮਹੂਰੀ ਬਣਾ ਸਕੇ ਅਤੇ ਇਸ ਤਕਨਾਲੋਜੀ ਨੂੰ ਇੱਕ ਅਜਿਹੇ ਦੌਰ ਵਿੱਚ, ਜਿੱਥੇ ਹਰ ਚੀਜ਼ ਨੂੰ ਇੱਕ ਬਰਾਬਰ ਕਰ ਦਿੱਤਾ ਜਾਂਦਾ ਹੈ ਪਰ ਕਿਸੇ ਦਾ ਸਤਿਕਾਰ ਨਹੀਂ ਕੀਤਾ ਜਾਂਦਾ, ਭਰੋਸੇਯੋਗ ਰੂਪ ਦਿੰਦਿਆਂ ਇੱਕ ਸਾਂਝੇ ਤੇ ਭਰੋਸੇਯੋਗ ਏ ਆਈ ਤੰਤਰ ਨੂੰ ਯਕੀਨੀ ਬਣਾ ਸਕੇ। ਇਹੋ ਗੱਲ ਭਵਿੱਖ ਵਿੱਚ ਸਿਆਸੀ ਲੀਡਰਸ਼ਿਪ ਦੇ ਮਿਆਰ ਨੂੰ ਤੈਅ ਕਰੇਗੀ ਕਿ ਵੱਖ-ਵੱਖ ਮੁਲਕ ਇਸ ਇਤਿਹਾਸਕ ਚੁਣੌਤੀ ਨਾਲ ਕਿਵੇਂ ਨਜਿੱਠਦੇ ਹਨ। ਇਹੋ ਸਾਡੀ ਉਸ ਸਰਬ-ਸਾਂਝੇ ਲੋਕਤੰਤਰ ਪ੍ਰਤੀ ਵਚਨਬੱਧਤਾ ਨੂੰ ਵੀ ਪਰਖੇਗੀ, ਜੋ ਬਰਾਬਰੀ ਅਤੇ ਮਨੁੱਖੀ ਗੌਰਵ 'ਤੇ ਟਿਕਿਆ ਹੋਇਆ ਹੈ ਅਤੇ ਜੋ ਸਾਡੀ ਸੱਭਿਅਤਾ ਦੀ ਅੰਤਿਮ ਤੇ ਪਰਮ ਇੱਛਾ ਹੈ।

***

## ਸਰਕਾਰ ਅਤੇ ਪੁਲਿਸ ਨੇ ਗੁਨਾਹ ਛੁਪਾਉਣ ਲਈ ਜਸਵੰਤ

ਅਤੇ ਗਵਾਹਾਂ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੋਚ 'ਤੇ ਪਹਿਰਾ ਦਿੰਦਿਆਂ ਦੋਸ਼ੀ ਪੁਲੀਸ ਅਫਸਰਾਂ ਨੂੰ ਸਜ਼ਾਵਾਂ ਦਿਵਾ ਕੇ ਮਨੁੱਖੀ ਹੱਕਾਂ ਦੀ ਰਖਵਾਲੀ ਕੀਤੀ ਹੈ। ਅਰਦਾਸ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਮਾਨ ਸਿੰਘ ਮਾਨ, ਜਥੇਦਾਰ ਹਰਪਾਲ ਸਿੰਘ ਬਲੇਰ, ਦਲਜੀਤ ਸਿੰਘ ਬਾਜਵਾ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਜਥੇਦਾਰ ਵਿਰਸਾ ਸਿੰਘ ਵਲਟੋਹਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਖੁਸ਼ਵਿੰਦਰ ਸਿੰਘ ਭਾਟੀਆ, ਅਕਾਲੀ ਵਾਰਸ ਪੰਜਾਬ ਜਥੇਬੰਦੀ ਵੱਲੋਂ ਤਰਸੇਮ ਸਿੰਘ, ਪਰਮਜੀਤ ਸਿੰਘ ਅਤੇ ਸ਼ਮਸ਼ੇਰ ਸਿੰਘ ਪੱਧਰੀ ਸਮੇਤ ਕਈ ਸਿੱਖ ਸੰਸਥਾਵਾਂ ਦੇ ਆਗੂ ਹਾਜ਼ਰ ਸਨ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**